

ਵਿਸ਼ਵ ਵਾਤਾਵਰਣ ਦਿਵਸ (5 ਜੂਨ) ਸਬੰਧੀ ਵਿਸ਼ੇਸ਼ ਲੇਖ ਅੰਦਰ ਦੇਖੋ

13ਵਾਂ ਸਾਲ

ਹਫਤਾਵਾਰੀ

# ਦੇਸ਼ ਦੁਆਬਾ

VOL -13 ISSUE - 9
June 5, 2024

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com


ਫਤਹਿ ਦਿਵਸ ਕਿਲਾ ਗੁ. ਲੋਹਗੜ੍ਹ ਸਾਹਿਬ ਅੰਮ੍ਰਿਤਸਰ 'ਤੇ ਵਿਸ਼ੇਸ਼ ਲੇਖ ਸਿੱਖਾਂ ਤੇ ਮੁਗਲਾਂ ਦਾ ਪਹਿਲਾ ਯੁੱਧ ਅੰਦਰ ਦੇਖੋ।

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ / ਵਿਵੇਕ ਭਾਟੀਆ

ਲੋਕ ਸਭਾ ਚੋਣਾਂ 2024

# ਭਾਜਪਾ ਦੀ ਅਗਵਾਈ ਵਾਲੇ ਗੱਠਜੋੜ ਨੂੰ 292 ਅਤੇ ਇੰਡੀਆ ਨੂੰ 234 ਸੀਟਾਂ ਮਿਲੀਆਂ

## ਭਾਜਪਾ ਨੂੰ ਆਪਣੇ ਦਮ 'ਤੇ ਨਹੀਂ ਮਿਲਿਆ ਬਹੁਮਤ, ਕਾਂਗਰਸ 99 ਸੀਟਾਂ ਜਿੱਤ ਕੇ ਹੋਈ ਮਜਬੂਤ

**ਨਵੀਂ ਦਿੱਲੀ (ਬਿਊਰੋ)–** ਲੋਕ ਸਭਾ ਚੋਣਾਂ ਦੇ ਅਣਕਿਆਸੇ ਨਤੀਜਿਆ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿਚ ਭਾਜਪਾ 240 ਸੀਟਾਂ ਨਾਲ ਸਭ ਤੋਂ ਵੱਡੀ ਪਾਰਟੀ ਵਜੋਂ ਉਭਰੀ ਹੈ ਪਰ ਪ੍ਰਧਾਨ ਮੰਤਰੀ ਦੇ '400 ਪਾਰ' ਦੇ ਦਾਅਵਿਆਂ ਦੀ ਹਵਾ ਨਿਕਲ ਗਈ ਤੇ ਪਾਰਟੀ (ਭਾਜਪਾ) ਆਪਣੇ ਦਮ 'ਤੇ ਸਪਸ਼ਟ ਬਹੁਮਤ ਪ੍ਰਾਪਤ ਕਰਨ ਵਿਚ ਵੀ ਨਾਕਾਮ ਰਹੀ। ਐਨਡੀਏ ਗੱਠਜੋੜ ਨੂੰ 292 ਸੀਟਾਂ ਸੀਟਾਂ ਮਿਲੀਆਂ ਹਨ ਅਤੇ ਇਸ ਗੱਠਜੋੜ ਦੀ ਸਰਕਾਰ ਬਣਨਾ ਤਹਿ ਹੈ। ਉਧਰ ਕਾਂਗਰਸ ਦੀ ਅਗਵਾਈ ਵਾਲਾ 'ਇੰਡੀਆ' ਗੱਠਜੋੜ 234 ਸੀਟਾਂ 'ਤੇ ਚੜ੍ਹਤ ਬਣਾ ਕੇ ਮਜ਼ਬੂਤ ਤਾਕਤ ਵਜੋਂ ਉਭਰਿਆ ਹੈ। ਗੱਠਜੋੜ ਨੇ ਐਗਜ਼ਿਟ ਪੋਲ ਦੇ ਅਨੁਮਾਨਾਂ ਨੂੰ ਗ਼ਲਤ ਸਾਬਤ ਕਰਦਿਆਂ ਯੂਪੀ, ਮਹਾਰਾਸ਼ਟਰ, ਰਾਜਸਥਾਨ, ਹਰਿਆਣਾ ਤੇ ਕਰਨਾਟਕ 'ਚ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ। ਇਸ ਦੌਰਾਨ ਉੜੀਸਾ ਵਿਚ ਭਾਜਪਾ ਨੇ 147 ਮੈਂਬਰੀ ਅਸੈਂਬਲੀ ਵਿਚ 78 ਸੀਟਾਂ ਜਿੱਤ ਕੇ ਨਵੀਨ ਪਟਨਾਇਕ ਦਾ ਲਗਾਤਾਰ ਛੇਵੀਂ ਵਾਰ ਸਰਕਾਰ ਬਣਾਉਣ ਦਾ ਸੁਫ਼ਨਾ ਤੋੜ ਦਿੱਤਾ। ਬੀਜੇਡੀ ਨੂੰ 51 , ਕਾਂਗਰਸ ਨੂੰ 14 ਤੇ ਹੋਰਾਂ ਨੂੰ 4 ਸੀਟਾਂ ਮਿਲੀਆਂ। ਉਧਰ ਆਂਧਰਾ ਪ੍ਰਦੇਸ਼ ਦੀਆਂ ਵਿਧਾਨ ਸਭਾ ਚੋਣਾਂ 'ਚ ਤੇਲਗੂ ਦੇਸਮ ਪਾਰਟੀ (ਟੀਡੀਪੀ), ਉਸ ਦੇ ਭਾਈਵਾਲ ਜਨਸੈਨਾ ਅਤੇ ਭਾਜਪਾ ਨੇ ਹੂੰਝਾ ਫੇਰ ਜਿੱਤ ਦਰਜ ਕੀਤੀ ਹੈ। ਸੂਬੇ ਦੀਆਂ 175 ਸੀਟਾਂ 'ਚੋਂ ਐਨਡੀਏ ਗੱਠਜੋੜ ਨੇ 156 ਸੀਟਾਂ ਜਿੱਤੀਆਂ ਹਨ। ਭਾਜਪਾ ਕੇਰਲਾ ਵਿਚ ਵੀ ਖਾਤਾ ਖੋਲ੍ਹਣ ਵਿਚ ਸਫ਼ਲ ਰਹੀ ਹੈ। ਕਾਂਗਰਸ ਨੇ ਨਸਲੀ ਹਿੰਸਾ ਦੇ ਝੰਬੇ ਮਨੀਪੁਰ ਦੀਆਂ ਦੋਵੇਂ ਲੋਕ ਸਭਾ ਸੀਟਾਂ ਜਿੱਤ ਲਈਆਂ ਹਨ। ਪੰਜਾਬ ਦੀਆਂ 13 ਲੋਕ ਸਭਾ ਸੀਟਾਂ ਵਿਚੋਂ ਕਾਂਗਰਸ 7, ਸੱਤਾਧਾਰੀ 'ਆਪ' 3, ਸ਼੍ਰੋਮਣੀ ਅਕਾਲੀ ਦਲ ਇਕ ਤੇ ਦੋ ਸੀਟਾਂ 'ਤੇ ਆਜ਼ਾਦ ਉਮੀਦਵਾਰ ਜੇਤੂ ਰਹੇ। ਭਾਜਪਾ ਨੇ ਸਾਰੀਆਂ ਸੀਟਾਂ 'ਤੇ ਉਮੀਦਵਾਰ ਖੜ੍ਹੇ ਕੀਤੇ ਸਨ ਪਰ ਪਾਰਟੀ ਇਕ ਵੀ ਸੀਟ ਜਿੱਤਣ ਵਿਚ ਨਾਕਾਮ ਰਹੀ। ਉਧਰ ਕੇਂਦਰ ਸ਼ਾਸਿਤ ਪ੍ਰਦੇਸ਼ ਚੰਡੀਗੜ੍ਹ ਦੀ ਇਕ ਸੀਟ ਕਾਂਗਰਸ ਤੇ ਆਪ ਦੇ ਸਾਂਝੇ ਉਮੀਦਵਾਰ ਮਨੀਸ਼ ਤਿਵਾੜੀ ਦੀ ਝੋਲੀ ਪਈ। ਤਿਵਾੜੀ ਨੇ ਭਾਜਪਾ ਦੇ ਸੰਜੇ ਟੰਡਨ ਨੂੰ 2504 ਵੋਟਾਂ ਦੇ ਫ਼ਰਕ ਨਾਲ ਹਰਾਇਆ। ਇਸ ਦੌਰਾਨ ਕਾਂਗਰਸ ਆਗੂਆਂ ਨੇ ਮੁੱਖ ਚੋਣ ਕਮਿਸ਼ਨਰ ਰਾਜੀਵ ਕੁਮਾਰ ਅਤੇ ਹੋਰ ਚੋਣ ਕਮਿਸ਼ਨਰਾਂ ਨਾਲ ਮੁਲਾਕਾਤ ਕਰਕੇ ਦੋਸ਼ ਲਾਇਆ ਕਿ ਯੂਪੀ ਅਤੇ ਬਿਹਾਰ 'ਚ ਵੋਟਾਂ ਦੀ ਗਿਣਤੀ ਧੀਮੀ ਰਫ਼ਤਾਰ ਨਾਲ ਕੀਤੀ ਜਾ ਰਹੀ ਹੈ।

ਭਾਜਪਾ ਨੂੰ ਕੇਂਦਰ ਵਿਚ ਸਰਕਾਰ ਬਣਾਉਣ ਲਈ ਐਨਡੀਏ ਗੱਠਜੋੜ ਵਿਚ ਆਪਣੇ ਭਾਈਵਾਲਾਂ- ਟੀਡੀਪੀ ਦੇ ਚੰਦਰਬਾਬੂ ਨਾਇਡੂ, ਜੇਡੀਯੂ ਦੇ ਨਿਤੀਸ਼ ਕੁਮਾਰ ਤੇ ਹੋਰਨਾਂ 'ਤੇ ਟੇਕ ਰੱਖਣੀ ਹੋਵੇਗੀ, ਜੋ ਇਸ ਵੇਲੇ ਕਿੰਗਮੇਕਰ ਦੀ ਭੂਮਿਕਾ

(ਬਾਕੀ ਸਫਾ 4 'ਤੇ)






## ਪੰਜਾਬ 'ਚ ਕਾਂਗਰਸ ਅੱਗੇ, ਭਾਜਪਾ ਦਾ ਖਾਤਾ ਨਹੀਂ ਖੁੱਲਿਆ

ਚੰਡੀਗੜ੍ਹ– ਲੋਕ ਸਭਾ ਚੋਣਾਂ 'ਚ ਪੰਜਾਬ ਵਿਚ ਕਾਂਗਰਸ ਨੂੰ 7 ਸੀਟਾਂ ਮਿਲੀਆਂ ਹਨ, ਜਦਕਿ ਆਮ ਆਦਮੀ ਪਾਰਟੀ ਨੂੰ 3 ਅਤੇ ਅਕਾਲੀ ਦਲ ਨੂੰ 1, ਹਾਲਾਂਕਿ 2 ਆਜਾਦ ਉਮੀਦਵਾਰ ਵੀ ਜਿੱਤ ਗਏ ਹਨ। ਪੰਜਾਬੀਆਂ ਨੇ ਇਨ੍ਹਾਂ ਚੋਣਾਂ ਵਿਚ ਸੱਤਾਧਾਰੀਆਂ ਦੇ ਉਲਟ ਭੁਗਤਣ ਦੀ ਆਪਣੀ ਰਵ-ਾਇਤ ਨੂੰ ਵੀ ਕਾਇਮ ਰੱਖਿਆ। ਕਾਂਗਰਸ ਨੂੰ ਪੰਜਾਬ ਦੀਆਂ 13 ਸੀਟਾਂ 'ਚੋਂ ਸੱਤ ਸੀਟਾਂ ਮਿਲੀਆਂ ਹਨ ਜਦੋਂ ਕਿ 'ਆਪ' ਦੇ ਹਿੱਸੇ ਤਿੰਨ ਸੀਟਾਂ ਆਈਆਂ ਹਨ। ਸ਼੍ਰੋਮਣੀ ਅਕਾਲੀ ਦਲ ਬਠਿੰਡਾ ਸੀਟ ਜਿੱਤ ਕੇ ਆਪਣਾ ਗੜ੍ਹ ਬਚਾਉਣ ਵਿਚ ਸਫਲ

(ਬਾਕੀ ਸਫਾ 4 'ਤੇ)





Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539


DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM – 4:00 PM & Sunday closed
Dr. Paramjit S Takhar, MD

Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

SAROAY INVESTMENT REALTY

Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983


RAMESH SUMAN
Broker Realtor
RCS-D ™
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ

PLEASE CONTACT US FOR MORE INFORMATION
PHONE: 209-855-6938, FAX: 209-762-6540
121 E 11th St. Tracy, CA 95376

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।

Sandeep Jony Bagga
6930 65TH STREET # 115 SACRAMENTO CA 95823

# SRI GURU RAVIDASS SABHA (CA)

2150 Crestview Drive, Pittsburg CA 94565
Tel : (925) 439-2355

ਜਉ ਤੁਮ ਗਿਰਿਵਰ ਤਉ ਹਮ ਮੋਰਾ ॥ ਜਉ ਤੁਮ ਚੰਦ ਤਉ ਹਮ ਭਏ ਹੈਂ ਚਕੋਰਾ ॥1॥
ਮਾਧਵੇ ਤੁਮ ਨ ਤੋਰਹੁ ਤਉ ਹਮ ਨਹੀ ਤੋਰਹਿ ॥ ਤੁਮ ਸਿਉ ਤੋਰਿ ਕਵਨ ਸਿਉ ਜੋਰਹਿ ॥1॥ਰਹਾਉ॥

## Devoted families are requesting entire Sangat to attend the following functions:

**June 28-29-30, 2024,**
**Pittsburg Gurughar's 39th Anniversary**

Sri Guru Ravidass Temple's 39th Anniversary will be celebrated on June 30, 2024. Akhand Path will start on Friday June 28, 2024, at 10:00 AM and conclude with Bhog ceremony on Sunday, June 30, 2024. Path and Langar Sewa will be hosted by Sangat. Nishan Sahib Hoisting Ceremony will be held on June 29, 2024, Saturday, at 11:00 AM. Entire Sangat is requested to attend the function. Bhai Amarjit Singh & Bhai Manjit Singh's jatha along with Giani Balwinder Singh's jatha will delight Sangat with Shabad Kirtan. Entire Sangat is cordially invited to participate in this celebration with family and friends and receive the benign blessings of Guru Ravidass ji.

There will be a health camp on Sunday, June 30, 2024, from 10:00 AM to 2:00 PM. Take advantage of this opportunity to discuss health issues and get some advice from a doctor.

Please contact :
**Dilbag Singh General Secretary at 209-834-4641**
**or**
**President Vinod Kumar at 408-718-2506**
for a STALL or any Sewa on this occasion

**July 21, 2024, Sukhmani Sahib path and Langer Sewa by Bagha family**

Bagha family will be hosting Sukhmani Sahib path and langar Sewa on July 21, 2024, for the CHARDIKALA of their family. They are requesting all the sangat to come.

**August 2-3-4, 2024, Akhand Path and Langar Sewa by Naresh Kumar & family**

Akhand Path and langar Sewa will be hosted by Naresh Kumar and family to thank Guru Sahib for His blessings. Akhand Path will start on Friday, August 02, 2024, at 10:00 AM and will conclude with Bhog ceremony on Sunday, August 4, 2024.

**August 9-10-11, 2024**
**Sant Kabir ji Birth Anniversary**

Sant Kabir ji's birth anniversary will be celebrated on August 11, 2024. Akhand Path will start on Friday, August 9, 2024, at 10:00 AM and conclude with Bhog ceremony on Sunday August 11, 2024. Sant Kabir ji was a well-known mystic poet and saint of 15th-century in India. His verses are found in the Holy Scripture, Guru Granth Sahib ji. Path and Langar Sewa will be hosted by the devotees.

**"NANAK NAM CHARDI KALA TERE BHANE SARBAT DA BHALA"**

## Sangat Sewadars

www.sriguruiravidasstemple.com



Chairman
Ramesh Suman



President
Vinod Kumar



Secretary
Dilbag Singh



Treasurer
Sunita K. Singh

# ਕਾਂਗਰਸ ਦੇ ਚਰਨਜੀਤ ਸਿੰਘ ਚੰਨੀ 390053 ਵੋਟਾਂ ਨਾਲ ਬਣੇ ਜਲੰਧਰ ਤੋਂ ਨਵੇਂ ਲੋਕ ਸਭਾ ਮੈਂਬਰ

## ਦਲਬਦਲੀ ਕਰਕੇ ਆਏ ਭਾਜਪਾ ਦੇ ਸੁਸ਼ੀਲ ਕੁਮਾਰ ਰਿੰਕੂ ਨੂੰ 214060, ਆਪ ਦੇ ਪਵਨ ਕੁਮਾਰ ਟੀਨੂੰ ਨੂੰ 208889 ਵੋਟ ਮਿਲੇ

**ਜਲੰਧਰ–** ਕਾਂਗਰਸ ਦੇ ਚਰਨਜੀਤ ਸਿੰਘ ਚੰਨੀ ਜਲੰਧਰ ਦੇ ਨਵੇਂ ਲੋਕ ਸਭਾ ਮੈਂਬਰ ਬਣ ਗਏ ਹਨ, ਉਨ੍ਹਾਂ ਨੇ ਇਕਪਾਸੜ ਜਿੱਤ ਦਰਜ ਕਰਦਿਆ ਨੇੜਲੇ ਵਿਰੋਧੀ ਉਮੀਦਵਾਰ ਭਾਜਪਾ ਦੇ ਸੁਸ਼ੀਲ ਰਿੰਕੂ ਤੇ ਸੱਤਾਧਾਰੀ ਆਮ ਆਦਮੀ ਪਾਰਟੀ ਦੇ ਪਵਨ ਕੁਮਾਰ ਟੀਨੂੰ ਨੂੰ ਵੱਡੀ ਹਾਰ ਦਿੱਤੀ। ਚੋਣਾਂ ਦੇ ਆਏ ਨਤੀਜਿਆ ਮੁਤਾਬਕ ਜੇਤੂ ਉਮੀਦਵਾਰ ਚਰਨਜੀਤ ਸਿੰਘ ਚੰਨੀ ਨੂੰ 390053 ਵੋਟਾਂ ਮਿਲੀਆਂ ਜਦੋਂਕਿ ਨੇੜਲੇ ਵਿਰੋਧੀ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਸੁਸ਼ੀਲ ਕੁਮਾਰ ਰਿੰਕੂ ਨੂੰ 214060 ਤੇ ਆਮ ਆਦਮੀ ਪਾਰਟੀ ਦੇ ਉਮੀਦਵਾਰ ਪਵਨ ਕੁਮਾਰ ਟੀਨੂੰ ਨੂੰ 208889 ਵੋਟਾਂ ਹਾਸਲ ਹੋਈਆਂ। ਕਪੂਰਥਲਾ ਰੋਡ ਸਥਿਤ ਸਪੋਰਟਸ ਕਾਲਜ, ਸਪੋਰਟਸ ਸਕੂਲ ਤੇ ਪਟਵਾਰ ਟਰੇਨਿੰਗ ਸਕੂਲ 'ਚ ਬਣੇ ਗਿਣਤੀ ਕੇਂਦਰ ਅੰਦਰ ਮੰਗਲਵਾਰ ਸਵੇਰੇ 8 ਵਜੇ ਸ਼ੁਰੂ ਹੋਈ ਵੋਟਾਂ ਦੀ ਗਿਣਤੀ ਦੇ ਪਹਿਲੇ ਗੇੜ 'ਚ ਹੀ ਕਾਂਗਰਸ ਦੇ ਚਰਨਜੀਤ ਸਿੰਘ ਚੰਨੀ ਬਾਕੀ ਉਮੀਦਵਾਰਾਂ ਤੋਂ ਲੀਡ ਲੈ ਕੇ ਅੱਗੇ ਹੋ ਗਏ ਅਤੇ ਉਨ੍ਹਾਂ ਦੀ ਇਹ ਬੜ੍ਹਤ ਗਿਣਤੀ ਦਾ ਆਖ਼ਰੀ ਗੇੜ ਖ਼ਤਮ ਹੋਣ ਤਕ ਵਧਦੀ ਹੀ ਗਈ। ਵੋਟਾਂ ਦੀ ਗਿਣਤੀ ਮੁਕੰਮਲ ਹੋਣ ਉਪਰੰਤ ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਡਾ। ਹਿਮਾਂਸ਼ੂ ਅਗਰਵਾਲ ਨੇ ਇੰਡੀਅਨ ਨੈਸ਼ਨਲ ਕਾਂਗਰਸ ਦੇ ਉਮੀਦਵਾਰ ਚਰਨਜੀਤ ਸਿੰਘ ਚੰਨੀ ਨੂੰ ਗਿਣਤੀ ਮੁਕੰਮਲ ਹੋਣ 'ਤੇ ਜੇਤੂ ਸਰਟੀਫਿਕੇਟ ਦਿੱਤਾ।



ਚੋਣ ਕਮਿਸ਼ਨ ਵੱਲੋਂ ਐਲਾਨੇ ਗਏ ਨਤੀਜਿਆਂ ਮੁਤਾਬਕ ਲੋਕ ਸਭਾ ਹਲਕਾ ਜਲੰਧਰ ਤੋਂ 20 ਉਮੀਦਵਾਰ ਮੈਦਾਨ 'ਚ ਸਨ। ਇਨ੍ਹਾਂ 'ਚੋਂ ਜੇਤੂ ਉਮੀਦਵਾਰ ਚਰਨਜੀਤ ਸਿੰਘ ਚੰਨੀ ਤੋਂ ਇਲਾਵਾ ਭਾਜਪਾ ਦੇ ਸੁਸ਼ੀਲ ਕੁਮਾਰ ਰਿੰਕੂ ਤੇ 'ਆਪ' ਦੇ ਪਵਨ ਕੁਮਾਰ ਟੀਨੂੰ ਤੋਂ ਇਲਾਵਾ ਬਾਕੀ ਦੇ 17 ਉਮੀਦਵਾਰ ਆਪਣੀ ਜ਼ਮਾਨਤ ਵੀ ਨਹੀਂ ਬਚਾ ਸਕੇ ਹਨ। ਚੋਣ ਨਤੀਜਿਆਂ ਮੁਤਾਬਕ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਮਹਿੰਦਰ ਸਿੰਘ ਕੇਪੀ ਨੂੰ 67911 ਪ੍ਰਾਪਤ ਹੋਈਆਂ। ਬਹੁਜਨ ਸਮਾਜ ਪਾਰਟੀ ਦੇ ਉਮੀਦਵਾਰ ਐਡਵੋਕੇਟ ਬਲਵਿੰਦਰ ਕੁਮਾਰ ਨੂੰ 64941 ਵੋਟਾਂ ਪ੍ਰਾਪਤ ਹੋਈਆਂ, ਜਿਨ੍ਹਾਂ ਨੇ 2019 ਦੀਆ ਲੋਕ ਸਭਾ ਚੋਣਾਂ ਦੌਰਾਨ 2,04783 ਵੋਟਾਂ ਹਾਸਲ ਕੀਤੀਆਂ ਸਨ ਪਰ ਇਸ ਵਾਰ ਉਹ ਵੀ ਆਪਣੀ ਜ਼ਮਾਨਤ ਨਹੀਂ ਬਚਾ ਸਕੇ। ਕਮਿਊਨਿਸਟ ਪਾਰਟੀ ਆਫ ਇੰਡੀਆ (ਮਾਰਕਸਿਸਟ) ਦੇ ਉਮੀਦਵਾਰ ਮਾਸਟਰ ਪਰਸ਼ੋਤਮ ਲਾਲ ਬਿਲਗਾ ਨੂੰ 5958, ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) (ਸਿਮਰਨਜੀਤ ਸਿੰਘ ਮਾਨ) ਦੇ ਉਮੀਦਵਾਰ ਸਰਬਜੀਤ ਸਿੰਘ ਖ਼ਾਲਸਾ ਨੂੰ 19284, ਰਿਪਬਲਿਕਨ ਪਾਰਟੀ ਆਫ ਇੰਡੀਆ (ਅਠਾਵਾਲੇ) ਦੀ ਉਮੀਦਵਾਰ ਸੋਨੀਆ ਨੂੰ 1055, ਡੈਮੋਕ੍ਰੇਟਿਕ ਭਾਰਤੀਯ ਸਮਾਜ ਪਾਰਟੀ ਦੇ ਉਮੀਦਵਾਰ ਭਗਤ ਗੁਲਸ਼ਨ ਆਜ਼ਾਦ ਨੂੰ 930, ਲੋਕਤਾਂਤਰਿਕ ਲੋਕ ਰਾਜਿਅਮ ਪਾਰਟੀ ਦੇ ਉਮੀਦਵਾਰ ਤਾਰਾਚੰਦ ਸ਼ੀਲਾ ਨੂੰ 401, ਗਲੋਬਲ ਰਿਪਬਲਿਕਨ ਪਾਰਟੀ ਦੇ ਉਮੀਦਵਾਰ ਬਾਲ ਮੁਕੰਦ ਬਾਵਰਾ ਨੂੰ 591, ਅਪਨਾ ਸਮਾਜ ਪਾਰਟੀ ਦੀ ਉਮੀਦਵਾਰ ਰਜਵੰਤ ਕੌਰ ਖ਼ਾਲਸਾ ਨੂੰ 952, ਪੀਪਲਜ਼ ਪਾਰਟੀ ਆਫ਼ ਇੰਡੀਆ (ਡੈਮੋਕ੍ਰੇਟਿਕ) ਦੇ ਉਮੀਦਵਾਰ ਰਾਜ ਕੁਮਾਰ ਸਾਕੀ ਨੂੰ 1088 ਨੂੰ ਵੋਟਾਂ ਮਿਲੀਆਂ।

ਜਦਕਿ ਆਜ਼ਾਦ ਉਮੀਦਵਾਰਾਂ ਵਿਚ ਅਸ਼ੋਕ ਕੁਮਾਰ ਜਖੂ ਨੂੰ 743, ਅਮਰੀਸ਼ ਭਗਤ ਨੂੰ 1184, ਇਕਬਾਲ ਚੰਦ ਮੱਟੂ ਨੂੰ 1956, ਗੁਰਦੀਪ ਸਿੰਘ ਬਿੱਟੂ ਨੂੰ 1113, ਨੀਟੂ ਸ਼ਟਰਾਂ ਵਾਲਾ ਨੂੰ 1879, ਪਰਮਜੀਤ ਕੌਰ ਤੇਜੀ ਨੂੰ 500 ਤੇ ਰਮੇਸ਼ ਲਾਲ ਕਾਲਾ ਨੂੰ 876 ਵੋਟਾਂ ਪ੍ਰਾਪਤ ਹੋਈਆਂ ਜਦੋਂਕਿ ਨੋਟਾ ਨੂੰ 4743 ਵੋਟਾਂ ਮਿਲੀਆਂ।

# ਹਰਸਿਮਰਤ ਕੌਰ ਬਾਦਲ ਨੇ ਪਾਰਟੀ ਅਤੇ ਬਾਦਲ ਪਰਿਵਾਰ ਦੀ ਰੱਖੀ ਲਾਜ, 10 ਦੀਆਂ ਜਮਾਨਤਾਂ ਜਬਤ

ਚੰਡੀਗੜ੍ਹ- ਲੋਕ ਸਭਾ ਚੋਣਾਂ ਦੇ ਤਾਜ਼ਾ ਨਤੀਜਿਆਂ 'ਚ ਸ਼੍ਰੋਮਣੀ ਅਕਾਲੀ ਦਲ ਨੂੰ ਵੱਡਾ ਝਟਕਾ ਲੱਗਾ ਹੈ। ਸੂਬੇ ਦੀ ਸੱਭ ਤੋਂ ਪੁਰਾਣੀ 104 ਸਾਲਾ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਦੇ ਪੱਲੇ ਸਿਰਫ਼ ਇਕ ਸੀਟ ਪਈ ਹੈ, ਜਦਕਿ ਪਾਰਟੀ 11 ਸੀਟਾਂ 'ਤੇ ਚੌਥੇ ਨੰਬਰ ਤੇ ਇਕ ਹਲਕੇ ਵਿਚ ਪੰਜਵੇ ਸਥਾਨ 'ਤੇ ਪੁੱਜ ਗਈ ਹੈ। ਪਿਛਲੀਆਂ ਚੋਣਾਂ 'ਚ ਅਕਾਲੀ ਦਲ ਨੂੰ 27.45 ਫ਼ੀਸਦੀ ਵੋਟਾਂ ਮਿਲੀਆਂ ਸਨ ਤੇ ਇਨ੍ਹਾਂ ਚੋਣਾਂ ਵਿਚ 13.43 ਫ਼ੀਸਦੀ ਵੋਟਾਂ ਮਿਲੀਆਂ ਹਨ। ਹੈਰਾਨੀ ਦੀ ਗੱਲ ਹੈ ਕਿ ਢਾਈ ਦਹਾਕਿਆਂ ਤੱਕ ਭਾਈਵਾਲ ਪਾਰਟੀ ਰਹੀ ਭਾਜਪਾ ਨੇ ਬਿਹਤਰ ਪ੍ਰਦਰਸ਼ਨ ਕੀਤਾ ਹੈ। ਬਠਿੰਡਾ ਤੋਂ ਹਰਸਿਮਰਤ ਕੌਰ ਬਾਦਲ ਨੇ ਚੋਣ ਜਿੱਤ ਕੇ ਪਾਰਟੀ ਅਤੇ ਬਾਦਲ ਪਰਿਵਾਰ ਦੀ ਲਾਜ਼ ਰੱਖੀ ਹੈ ਜਦਕਿ ਪਾਰਟੀ ਦੇ 10 ਉਮੀਦਵਾਰ ਆਪਣੀ ਜ਼ਮਾਨਤ ਵੀ ਨਹੀਂ ਬਚਾ ਸਕੇ। ਸ਼੍ਰੋਮਣੀ ਅਕਾਲੀ ਦਲ ਇੱਕੋ-ਇੱਕ ਖੇਤਰੀ ਪਾਰਟੀ ਹੈ, ਜੋ ਬੁਰੀ ਤਰ੍ਹਾਂ ਹਾਰ ਗਈ ਹੈ, ਜਦਕਿ ਹੋਰਨਾਂ ਸੂਬਿਆਂ ਵਿਚ ਖੇਤਰੀ ਪਾਰਟੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ। ਹਾਲਾਂਕਿ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਲੋਕ ਸਭਾ ਚੋਣਾਂ ਦਾ ਐਲਾਨ ਹੋਣ ਤੋਂ ਪਹਿਲਾਂ ਸੂਬੇ ਵਿਚ 'ਪੰਜਾਬ ਬਚਾਓ ਯਾਤਰਾ' ਕੱਢੀ ਸੀ। ਉਨ੍ਹਾਂ ਨੇ ਚੋਣਾਂ 'ਚ ਬਿਹਤਰ ਨਤੀਜੇ ਆਉਣ ਦਾ ਦਾਅਵਾ ਕੀਤਾ ਸੀ ਪਰ ਤਾਜ਼ਾ ਨਤੀਜਿਆਂ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਵੋਟਰਾਂ ਨੇ ਮੌਜੂਦਾ ਅਕਾਲੀ ਦਲ ਦੀ ਲੀਡਰਸ਼ਿਪ ਨੂੰ ਨਕਾਰ ਦਿੱਤਾ ਹੈ। ਪਾਰਟੀ ਦੇ ਸੀਨੀਅਰ ਆਗੂ ਡਾ। ਦਲਜੀਤ ਸਿੰਘ ਚੀਮਾ, ਪ੍ਰੋ। ਪ੍ਰੇਮ ਸਿੰਘ ਚੰਦੂਮਾਜਰਾ, ਵਿਰਸਾ ਸਿੰਘ ਵਲਟੋਹਾ, ਐਨਕੇ ਸ਼ਰਮਾ ਵੀ ਆਪਣੀ ਜ਼ਮਾਨਤ ਨਹੀਂ ਬਚਾ ਸਕੇ।

ਅੰਮ੍ਰਿਤਸਰ ਸਾਹਿਬ ਤੋਂ ਪਾਰਟੀ ਦੇ ਉਮੀਦਵਾਰ ਅਨਿਲ ਜੋਸ਼ੀ ਤੇ ਫਿਰੋਜ਼ਪੁਰ ਤੋਂ ਨਰਦੇਵ ਸਿੰਘ ਬੌਬੀ ਮਾਨ ਭਾਵੇਂ ਕਿ ਆਪਣੀ ਜ਼ਮਾਨਤ ਬਚਾਉਣ ਵਿਚ ਕਾਮਯਾਬ ਰਹੇ ਹਨ ਪਰ ਇਹ ਚੌਥੇ ਸਥਾਨ 'ਤੇ ਰਹੇ ਹਨ। ਇਸੇ ਤਰ੍ਹਾਂ ਸ੍ਰੀ ਅਨੰਦਪੁਰ ਸਾਹਿਬ ਤੋਂ ਪ੍ਰੇਮ ਸਿੰਘ ਚੰਦੂਮਾਜਰਾ, ਫਰੀਦਕੋਟ ਤੋਂ ਰਾਜਵਿੰਦਰ ਸਿੰਘ, ਫਤਿਹਗੜ੍ਹ ਸਾਹਿਬ ਤੋਂ ਬਿਕਰਮ ਸਿੰਘ ਖ਼ਾਲਸਾ, ਗੁਰਦਾਸਪੁਰ ਤੋਂ ਡਾ। ਦਲਜੀਤ ਸਿੰਘ ਚੀਮਾ, ਹੁਸ਼ਿਆਰਪੁਰ ਤੋਂ ਸੋਹਨ ਸਿੰਘ ਠੰਡਲ, ਜਲੰਧਰ ਤੋਂ ਮਹਿੰਦਰ ਸਿੰਘ ਕੇਪੀ, ਖਡੂਰ ਸਾਹਿਬ ਤੋਂ ਵਿਰਸਾ ਸਿੰਘ ਵਲਟੋਹਾ, ਲੁਧਿਆਣਾ ਤੋਂ ਰਣਜੀਤ ਸਿੰਘ ਢਿੱਲੋਂ, ਪਟਿਆਲਾ ਤੋਂ ਐਨਕੇ ਸ਼ਰਮਾ ਚੌਥੇ ਸਥਾਨ 'ਤੇ ਰਹੇ ਹਨ ਜਦਕਿ ਸੰਗਰੂਰ ਤੋਂ ਉਮੀਦਵਾਰ ਇਕਬਾਲ ਸਿੰਘ ਝੂੰਦਾਂ ਦੀ ਕਾਰਗੁਜ਼ਾਰੀ ਸਭ ਤੋਂ ਮਾੜੀ ਰਹੀ ਹੈ। ਝੂੰਦਾਂ 62488 ਦੇ ਕਰੀਬ ਵੋਟਾਂ ਲੈ ਕੇ ਪੰਜਵੇ ਸਥਾਨ 'ਤੇ ਰਿਹਾ ਹੈ।

**ਅਕਾਲੀ ਦਲ ਨਾਲੋਂ ਭਾਜਪਾ ਦਾ ਵੋਟ ਵਧਿਆ**

ਸ਼੍ਰੋਮਣੀ ਅਕਾਲੀ ਦਲ ਦਾ ਵੋਟ ਪ੍ਰਤੀਸ਼ਤ ਲਗਾਤਾਰ ਹੇਠਾਂ ਜਾ ਰਿਹਾ ਹੈ ਤੇ ਭਾਜਪਾ ਦਾ ਗ੍ਰਾਫ਼ ਵਧ ਰਿਹਾ ਹੈ। ਚੇਤੇ ਰਹੇ ਕਿ 2022 ਦੀਆਂ ਵਿਧਾਨ ਸਭਾ ਚੋਣਾਂ ਵਿਚ ਵੀ ਪਾਰਟੀ ਦੇ ਸਿਰਫ਼ ਤਿੰਨ ਵਿਧਾਇਕ ਚੋਣ ਜਿੱਤੇ ਸਨ। ਵਿਧਾਨ ਸਭਾ ਚੋਣਾਂ ਵਿਚ ਅਜਿਹਾ ਪ੍ਰਦਰਸ਼ਨ ਆਉਣ ਬਾਅਦ ਪਾਰਟੀ ਲੀਡਰਸ਼ਿਪ 'ਚ ਬਦਲਾਅ ਦੀਆਂ ਸੁਰਾਂ ਉਠੀਆਂ ਸਨ।



# ਭਾਜਪਾ ਦੀ ਅਗਵਾਈ ਵਾਲੇ ਗੱਠਜੋੜ ਨੂੰ 292 ਅਤੇ ਇੰਡੀਆ ਨੂੰ 234 ਸੀਟਾਂ ਮਿਲੀਆਂ

(ਸਫਾ 1 ਦੀ ਬਾਕੀ)

ਵਿਚ ਹਨ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਫੋਨ ਕਰਕੇ ਨਾਇਡੂ ਤੇ ਕੁਮਾਰ ਸਣੇ ਹੋਰਨਾਂ ਭਾਈਵਾਲਾਂ ਨਾਲ ਗੱਲਬਾਤ ਦਾ ਅਮਲ ਸ਼ੁਰੂ ਕਰ ਦਿੱਤਾ ਹੈ। ਐੱਨਡੀਏ ਤੇ ਇੰਡੀਆ ਗੱਠਜੋੜਾਂ ਨੇ ਭਲਕੇ ਦਿੱਲੀ ਵਿਚ ਆਪੋ-ਆਪਣੇ ਭਾਈਵਾਲਾਂ ਦੀ ਬੈਠਕ ਸੱਦ ਲਈ ਹੈ।

ਦੇਰ ਰਾਤ ਜਾਰੀ ਅਧਿਕਾਰਤ ਅੰਕੜਿਆਂ ਮੁਤਾਬਕ ਭਾਜਪਾ 238 ਸੀਟਾਂ 'ਤੇ ਜਿੱਤ ਦਰਜ ਕਰ ਚੁੱਕੀ ਸੀ ਤੇ ਜਦੋਂਕਿ ਤਿੰਨ ਸੀਟਾਂ 'ਤੇ ਉਸ ਦੇ ਉਮੀਦਵਾਰ ਅੱਗੇ ਸਨ। ਭਾਜਪਾ ਕੁੱਲ ਮਿਲਾ ਕੇ 241 ਸੀਟਾਂ 'ਤੇ ਅੱਗੇ ਸੀ। ਭਾਜਪਾ 543 ਮੈਂਬਰੀ ਲੋਕ ਸਭਾ ਵਿਚ ਬਹੁਮੱਤ ਲਈ ਲੋੜੀਂਦੇ 272 ਦੇ ਜਾਦੂਈ ਅੰਕੜੇ ਤੋਂ ਪਿੱਛੇ ਹੈ। ਉਧਰ, ਦੂਜੇ ਪਾਸੇ ਇੰਡੀਆ ਗੱਠਜੋੜ ਕਰੀਬ 231 ਸੀਟਾਂ 'ਤੇ ਜੇਤੂ ਰਿਹਾ। ਕਾਂਗਰਸ 93 ਸੀਟਾਂ ਜਿੱਤ ਚੁੱਕੀ ਹੈ ਅਤੇ ਛੇ ਸੀਟਾਂ ਉੱਤੇ ਉਸ ਦੇ ਉਮੀਦਵਾਰ ਅੱਗੇ ਹਨ। ਸਾਲ 2019 ਦੇ ਪ੍ਰਦਰਸ਼ਨ ਦੇ ਮੁਕਾਬਲੇ ਕਾਂਗਰਸ ਲਗਪਗ ਦੁੱਗਣੀਆਂ ਸੀਟਾਂ ਜਿੱਤਣ ਵੱਲ ਵਧ ਰਹੀ ਹੈ। ਪਿਛਲੀਆਂ ਚੋਣਾਂ ਵਿਚ ਭਾਜਪਾ ਕੋਲ 303 ਜਦੋਂਕਿ ਐੱਨਡੀਏ ਕੋਲ 350 ਤੋਂ ਵੱਧ ਸੀਟਾਂ ਸਨ। ਐੱਨਡੀਏ ਤੀਜੀ ਵਾਰ ਸੱਤਾ ਵਿਚ ਆਉਂਦਾ ਹੈ ਤਾਂ ਨਰਿੰਦਰ ਮੋਦੀ ਲਗਾਤਾਰ ਤੀਜੀ ਵਾਰ ਪ੍ਰਧਾਨ ਮੰਤਰੀ ਦੇ ਰੂਪ ਵਿਚ ਦੇਸ਼ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰਲਾਲ ਨਹਿਰੂ ਦੇ ਰਿਕਾਰਡ ਦੀ ਬਰਾਬਰੀ ਕਰ ਲੈਣਗੇ।

ਭਾਜਪਾ ਨੂੰ ਐਤਕੀਂ ਲੋਕ ਸਭਾ ਚੋਣਾਂ ਵਿਚ ਯੂਪੀ ਵਿਚ ਵੱਡਾ ਝਟਕਾ ਲੱਗਾ ਹੈ ਜਿੱਥੇ ਅਖਿਲੇਸ਼ ਯਾਦਵ ਦੀ ਅਗਵਾਈ ਵਾਲੀ ਸਮਾਜਵਾਦੀ ਪਾਰਟੀ ਨੇ ਉਸ ਨੂੰ ਪਿੱਛੇ ਛੱਡ ਦਿੱਤਾ। ਰਾਜਸਥਾਨ ਤੇ ਹਰਿਆਣਾ ਵਿਚ ਪਾਰਟੀ ਦਾ ਪ੍ਰਦਰਸ਼ਨ ਆਸ ਤੋਂ ਉਲਟ ਰਿਹਾ। ਚੋਣ ਨਤੀਜਿਆਂ ਦੇ ਰੁਝਾਨਾਂ ਦਰਮਿਆਨ ਸਥਿਤੀ ਕੋਈ ਬਹੁਤੀ ਸਪਸ਼ਟ ਨਹੀਂ ਹੈ ਪਰ ਇਸ ਦੇ ਬਾਵਜੂਦ ਦੋਵੇਂ ਪ੍ਰਮੁੱਖ ਗੱਠਜੋੜਾਂ ਦੇ ਆਗੂਆਂ ਨੇ ਆਪੋ ਆਪਣੇ ਦਾਅਵੇ ਕੀਤੇ ਹਨ। ਭਾਜਪਾ ਦੇ ਕੌਮੀ ਜਨਰਲ ਸਕੱਤਰ ਅਰੁਣ ਸਿੰਘ ਨੇ ਕਿਹਾ, "ਇਹ ਕਰੀਬੀ ਮੁਕਾਬਲਾ ਨਹੀਂ ਹੈ। ਭਾਜਪਾ ਦੀ ਅਗਵਾਈ ਵਾਲਾ ਐੱਨਡੀਏ ਗੱਠਜੋੜ ਵੱਡੇ ਬਹੁਮਤ ਨਾਲ ਸਰਕਾਰ ਬਣਾਉਣ ਜਾ ਰਿਹਾ ਹੈ। ਵੋਟਾਂ ਦੀ ਗਿਣਤੀ ਖ਼ਤਮ ਹੋਣ ਦਿਓ, ਸਾਫ਼ ਹੋ ਜਾਵੇਗਾ ਕਿ ਦੇਸ਼ ਦੀ ਜਨਤਾ ਮੋਦੀ ਦੇ ਨਾਲ ਹੈ।" ਕਾਂਗਰਸ ਦੇ ਜੈਰਾਮ ਰਮੇਸ਼ ਨੇ ਮੋਦੀ 'ਤੇ ਨਿਸ਼ਾਨਾ ਸੇਧਦਿਆਂ ਕਿਹਾ, "ਉਹ ਦਿਖਾਵਾ ਕਰਦੇ ਸਨ ਕਿ ਉਹ ਅਸਾਧਾਰਨ ਹਨ।" ਉਨ੍ਹਾਂ ਐੱਕਸ 'ਤੇ ਇਕ ਪੋਸਟ ਵਿਚ ਕਿਹਾ, "ਹੁਣ ਇਹ ਸਾਬਤ ਹੋ ਗਿਆ ਹੈ ਕਿ ਮੌਜੂਦਾ ਪ੍ਰਧਾਨ ਮੰਤਰੀ ਹੁਣ ਸਾਬਕਾ ਪ੍ਰਧਾਨ ਮੰਤਰੀ ਬਣਨ ਜਾ ਰਹੇ ਹਨ। ਉਹ ਨੈਤਿਕ ਜ਼ਿੰਮੇਵਾਰੀ ਲੈਣ ਤੇ ਅਸਤੀਫ਼ਾ ਦੇਣ।"

ਯੂਪੀ ਅਜਿਹਾ ਰਾਜ ਹੈ, ਜੋ ਲੋਕ ਸਭਾ ਵਿਚ 80 ਸੰਸਦ ਮੈਂਬਰ ਭੇਜਦਾ ਹੈ ਤੇ ਭਾਜਪਾ ਲਈ ਪਿਛਲੀਆਂ ਦੋ ਲੋਕ ਸਭਾ ਚੋਣਾਂ ਵਿਚ ਇਹ ਰਾਜ ਖੇਡ ਬਦਲਣ ਵਾਲਾ ਸਾਬਤ ਹੁੰਦਾ ਰਿਹਾ ਹੈ। ਸਮਾਜਵਾਦੀ ਪਾਰਟੀ ਤੇ ਕਾਂਗਰਸ ਦੇ ਗੱਠਜੋੜ ਨੇ ਭਾਜਪਾ ਵਿਰੋਧੀ ਵੋਟਾਂ ਨੂੰ ਇਕਜੁੱਟ ਕਰਕੇ ਭਾਜਪਾ ਨੂੰ ਉਸ ਦੇ ਮਜ਼ਬੂਤ ਗੜ੍ਹ ਵਿਚ ਮਾਤ ਦਿੱਤੀ ਹੈ। ਪਿਛਲੀ ਵਾਰ 62 ਸੀਟਾਂ 'ਤੇ ਜਿੱਤ ਦਰਜ ਕਰਨ ਵਾਲੀ ਭਾਜਪਾ ਨੇ 33 ਸੀਟਾਂ 'ਤੇ ਜਿੱਤ ਦਰਜ ਕੀਤੀ ਹੈ। ਅਖਿਲੇਸ਼ ਯਾਦਵ ਦੀ ਅਗਵਾਈ ਵਾਲੀ ਸਪਾ ਨੇ 37 ਸੀਟਾਂ 'ਤੇ ਜਿੱਤ ਦਰਜ ਕੀਤੀ ਹੈ। ਸਪਾ ਨੂੰ ਸਾਲ 2019 ਵਿਚ ਸਿਰਫ਼ ਪੰਜ ਸੀਟਾਂ 'ਤੇ ਜਿੱਤ ਨਸੀਬ ਹੋਈ ਸੀ। ਪ੍ਰਧਾਨ ਮੰਤਰੀ ਮੋਦੀ ਵਾਰਾਣਸੀ ਤੋਂ 1।52 ਲੱਖ ਵੋਟਾਂ ਨਾਲ ਜਿੱਤ ਗਏ ਹਨ। ਹਾਲਾਂਕਿ ਉਨ੍ਹਾਂ ਦੀ ਪਾਰਟੀ ਦੀ ਸਮ੍ਰਿਤੀ ਇਰਾਨੀ ਅਮੇਠੀ ਵਿਚ ਕਾਂਗਰਸ ਉਮੀਦਵਾਰ ਤੇ ਗਾਂਧੀ ਪਰਿਵਾਰ ਦੇ ਕਰੀਬੀ ਕਿਸ਼ੋਰੀ ਲਾਲ ਸ਼ਰਮਾ ਤੋਂ 1।31 ਲੱਖ ਤੋਂ ਵੱਧ ਵੋਟਾਂ ਦੇ ਫ਼ਰਕ ਨਾਲ ਹਾਰ ਗਈ। ਰਾਏਬਰੇਲੀ ਤੋਂ ਰਾਹੁਲ ਗਾਂਧੀ 3,90,030 ਵੋਟਾਂ ਦੇ ਫ਼ਰਕ ਨਾਲ ਜੇਤੂ ਰਹੇ ਜਦੋਂਕਿ ਲਖਨਊ ਤੋਂ ਰਾਜਨਾਥ ਸਿੰਘ (1,31,922 ਵੋਟਾਂ ਦੇ ਫ਼ਰਕ ਨਾਲ) ਅਤੇ ਕਨੌਜ ਤੋਂ ਅਖਿਲੇਸ਼ ਯਾਦਵ (1.70 ਲੱਖ ਵੋਟਾਂ ਦੇ ਫ਼ਰਕ ਨਾਲ) ਅੱਗੇ ਸਨ। ਉਧਰ ਇੰਡੀਆ ਗੱਠਜੋੜ ਦੀ ਇਕ ਹੋਰ ਪ੍ਰਮੁੱਖ ਭਾਈਵਾਲ ਤ੍ਰਿਣਮੂਲ ਕਾਂਗਰਸ ਨੇ ਪੱਛਮੀ ਬੰਗਾਲ ਵਿਚ 29 ਸੀਟਾਂ ਜਿੱਤੀਆਂ ਹਨ। ਪੰਜ ਸਾਲ ਪਹਿਲਾਂ ਟੀਐੱਮਸੀ ਨੇ 22 ਸੀਟਾਂ ਜਿੱਤੀਆਂ ਸਨ। ਪਿਛਲੀਆਂ ਲੋਕ ਸਭਾ ਚੋਣਾਂ ਵਿਚ 18 ਸੀਟਾਂ ਜਿੱਤਣ ਵਾਲੀ ਭਾਜਪਾ ਨੇ 12 ਸੀਟਾਂ ਜਿੱਤੀਆਂ। ਗੁਆਂਢੀ ਰਾਜ ਬਿਹਾਰ ਵਿਚ ਭਾਜਪਾ ਤੇ ਉਸ ਦੇ ਸਹਿਯੋਗੀ ਜੇਡੀਯੂ ਨੇ 12-12 ਸੀਟਾਂ ਜਿੱਤੀਆਂ ਹਨ। ਰਾਸ਼ਟਰੀ ਜਨਤਾ ਦਲ ਚਾਰ ਸੀਟਾਂ 'ਤੇ ਜੇਤੂ ਰਿਹਾ ਹੈ। ਰਾਜਸਥਾਨ ਵਿਚ ਭਾਜਪਾ ਨੇ ਜੈਪੁਰ ਲੋਕ ਸਭਾ ਚੋਣ ਜਿੱਤ ਲਈ ਜਦੋਂਕਿ ਲੋਕ ਸਭਾ ਦੇ ਸਪੀਕਰ ਓਮ ਬਿਰਲਾ, ਕੇਂਦਰੀ ਮੰਤਰੀ ਅਰਜੁਨ ਰਾਮ ਮੇਘਵਾਲ, ਗਜੇਂਦਰ ਸਿੰਘ ਸ਼ੇਖਾਵਤ, ਕੇਂਦਰੀ ਮੰਤਰੀ ਭੁਪੇਂਦਰ ਯਾਦਵ ਸਣੇ ਪਾਰਟੀ ਦੇ 14 ਉਮੀਦਵਾਰ ਜੇਤੂ ਰਹੇ। ਉਧਰ ਕਾਂਗਰਸ ਪਾਰਟੀ ਨੇ ਅੱਠ ਸੀਟਾਂ ਜਿੱਤੀਆਂ। 48 ਸੀਟਾਂ ਵਾਲੇ ਮਹਾਰਾਸ਼ਟਰ ਵਿਚ ਸ਼ਿਵ ਸੈਨਾ ਐਤਕੀਂ ਦੋ ਧੜਿਆਂ ਵਿਚ ਵੰਡੀ ਹੋਈ ਹੈ। ਪੰਜ ਸਾਲ ਪਹਿਲਾਂ 23 ਸੀਟਾਂ ਜਿੱਤਣ ਵਾਲੀ ਭਾਜਪਾ 11 ਸੀਟਾਂ 'ਤੇ ਸਿਮਟ ਗਈ ਜਦੋਂਕਿ ਉਸ ਦੀ ਭਾਈਵਾਲ ਸ਼ਿਵਸੈਨਾ ਸੱਤ ਸੀਟਾਂ ਜਿੱਤ ਸਕੀ। ਉਧਰ ਦੂਜੇ ਪਾਸੇ ਕਾਂਗਰਸ 13 ਸੀਟਾਂ 'ਤੇ ਅੱਗੇ ਹੈ ਜਦੋਂਕਿ ਸਾਬਕਾ ਮੁੱਖ ਮੰਤਰੀ ਊਧਵ ਠਾਕਰੇ ਦੀ ਅਗਵਾਈ ਵਾਲੀ ਸ਼ਿਵਸੈਨਾ ਨੌਂ ਸੀਟਾਂ 'ਤੇ ਅੱਗੇ ਹੈ।

ਆਂਧਰਾ ਪ੍ਰਦੇਸ਼ ਵਿਚ ਚੰਦਰਬਾਬੂ ਨਾਇਡੂ ਦੀ ਅਗਵਾਈ ਵਾਲੀ ਟੀਡੀਪੀ ਨੇ 25 ਸੀਟਾਂ ਵਿਚੋਂ 16 ਸੀਟਾਂ 'ਤੇ, ਭਾਜਪਾ 3 ਤੇ ਵਾਈਐੱਸਆਰਸੀਪੀ ਚਾਰ ਸੀਟਾਂ 'ਤੇ ਜੇਤੂ ਰਹੀ। ਕਰਨਾਟਕ ਵਿੱਚ ਕਾਂਗਰਸ ਲਾਭ ਦੀ ਸਥਿਤੀ ਵਿੱਚ ਹੈ।

# ਪੰਜਾਬ 'ਚ ਕਾਂਗਰਸ ਅੱਗੇ, ਭਾਜਪਾ ਦਾ ਖਾਤਾ ਨਹੀਂ ਖੁੱਲਿਆ

(ਸਫਾ 1 ਦੀ ਬਾਕੀ)

ਰਿਹਾ ਹੈ ਜਦੋਂ ਕਿ ਭਾਜਪਾ ਨੂੰ ਪੰਜਾਬੀਆਂ ਨੇ ਕੋਈ ਬਹੁਤਾ ਹੁੰਗਾਰਾ ਨਹੀਂ ਦਿੱਤਾ ਹੈ। ਉਂਜ, ਕਿਸਾਨ ਜਥੇਬੰਦੀਆਂ ਦੇ ਵਿਰੋਧ ਦੇ ਬਾਵਜੂਦ ਭਾਜਪਾ ਆਪਣਾ ਵੋਟ ਸ਼ੇਅਰ ਵਧਾ ਸਕੀ ਹੈ, ਪਰ ਵੋਟ ਫੀਸਦ ਦੁੱਗਣਾ ਕਰਨ ਵਿਚ ਫ਼ੇਲ੍ਹ ਰਹੀ ਹੈ। ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਵੱਲੋਂ ਸਾਕਾ ਨੀਲਾ ਤਾਰਾ ਦੇ ਬਰਸੀ ਦਿਹਾੜੇ ਦੇ ਹਵਾਲੇ ਨਾਲ ਜਿੱਤ ਦੇ ਜਸ਼ਨ ਮਨਾਉਣ ਤੋਂ ਗੁਰੇਜ਼ ਕਰਨ ਦੀ ਕੀਤੀ ਅਪੀਲ ਕਰਕੇ ਬਹੁਤੇ ਉਮੀਦਵਾਰਾਂ ਨੇ ਜਥੇਦਾਰ ਦੇ ਹੁਕਮਾਂ 'ਤੇ ਫੁੱਲ ਚੜ੍ਹਾਏ। 'ਇੰਡੀਆ ਗੱਠਜੋੜ' ਵਿਚ ਮੁੱਖ ਹਿੱਸੇਦਾਰ ਹੋਣ ਦੇ ਬਾਵਜੂਦ ਪੰਜਾਬ ਵਿਚ 'ਆਪ' ਅਤੇ ਕਾਂਗਰਸ ਨੇ ਵੱਖੋ-ਵੱਖ ਹੋ ਕੇ ਚੋਣਾਂ ਲੜੀਆਂ, ਪਰ ਗੱਠਜੋੜ ਦੀ ਝੋਲੀ ਪੰਜਾਬ 'ਚੋਂ 10 ਸੀਟਾਂ ਪੈ ਗਈਆਂ ਹਨ। 'ਆਪ' ਨੇ ਚੋਣ ਮੈਦਾਨ ਵਿਚ ਪੰਜ ਕੈਬਨਿਟ ਮੰਤਰੀ ਉਤਾਰੇ ਸਨ ਜਿਨ੍ਹਾਂ 'ਚੋਂ ਸਿਰਫ਼ ਸੰਗਰੂਰ ਤੋਂ ਗੁਰਮੀਤ ਸਿੰਘ ਮੀਤ ਹੇਅਰ ਹੀ ਜਿੱਤ ਸਕੇ। ਇਸੇ ਤਰ੍ਹਾਂ ਚੋਣ ਲੜ ਰਹੇ 'ਆਪ' ਦੇ ਤਿੰਨ ਵਿਧਾਇਕਾਂ ਨੂੰ ਵੀ ਸਫਲਤਾ ਨਹੀਂ ਮਿਲੀ। ਪੰਜਾਬ ਵਿਚ ਸਭ ਤੋਂ ਵੱਡੀ ਜਿੱਤ ਹਲਕਾ ਖਡੂਰ ਸਾਹਿਬ ਤੋਂ ਆਜ਼ਾਦ ਉਮੀਦਵਾਰ ਅਤੇ 'ਵਾਰਸ ਪੰਜਾਬ ਦੇ' ਜਥੇਬੰਦੀ ਦੇ ਆਗੂ ਅੰਮ੍ਰਿਤਪਾਲ ਸਿੰਘ ਨੇ ਦਰਜ ਕੀਤੀ। ਇਸ ਵੇਲੇ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿਚ ਐੱਨਐੱਸਏ ਤਹਿਤ ਬੰਦ ਅੰਮ੍ਰਿਤਪਾਲ ਸਿੰਘ ਨੇ ਆਪਣੇ ਵਿਰੋਧੀ ਕਾਂਗਰਸੀ ਉਮੀਦਵਾਰ ਕੁਲਵੀਰ ਸਿੰਘ ਜ਼ੀਰਾ ਨੂੰ 1,97,120 ਵੋਟਾਂ ਦੇ ਫ਼ਰਕ ਨਾਲ ਹਰਾਇਆ। ਖਡੂਰ ਸਾਹਿਬ ਹਲਕੇ (ਪੁਰਾਣਾ ਤਰਨ ਤਾਰਨ) ਨੇ ਜੇਲ੍ਹ 'ਚ ਬੰਦ ਕਿਸੇ ਉਮੀਦਵਾਰ ਨੂੰ ਦੂਜੀ ਵਾਰ ਜਿਤਾਇਆ ਹੈ। ਇਸ ਤੋਂ ਪਹਿਲਾਂ ਜੇਲ੍ਹ 'ਚ ਬੰਦ ਸਿਮਰਨਜੀਤ ਸਿੰਘ ਮਾਨ ਨੂੰ 1989 ਦੀਆਂ ਚੋਣਾਂ ਵਿਚ ਜਿਤਾਇਆ ਸੀ।

ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਲਈ ਜ਼ਿੰਮੇਵਾਰ ਸ਼ਹੀਦ ਬੇਅੰਤ ਸਿੰਘ ਦੇ ਲੜਕੇ ਸਰਬਜੀਤ ਸਿੰਘ ਖ਼ਾਲਸਾ ਨੇ ਹਲਕਾ ਫ਼ਰੀਦਕੋਟ ਤੋਂ ਵਿਰੋਧੀ 'ਆਪ' ਉਮੀਦਵਾਰ ਕਰਮਜੀਤ ਅਨਮੋਲ ਨੂੰ 70,053 ਵੋਟਾਂ ਦੇ ਫ਼ਰਕ ਨਾਲ ਹਰਾਇਆ ਹੈ। ਖਡੂਰ ਸਾਹਿਬ ਅਤੇ ਫ਼ਰੀਦਕੋਟ ਹਲਕੇ ਵਿਚ ਬੰਦੀ ਸਿੰਘਾਂ ਦੀ ਰਿਹਾਈ, ਕਿਸਾਨੀ ਮੁੱਦੇ ਅਤੇ ਨਸ਼ਿਆਂ ਦੇ ਮੁੱਦੇ ਭਾਰੂ ਰਹੇ। ਉਧਰ ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਨੂੰ ਆਪੋ ਆਪਣੇ ਰਾਹ ਵੱਖ ਕੀਤੇ ਜਾਣ ਦਾ ਖ਼ਮਿਆਜ਼ਾ ਭੁਗਤਣਾ ਪਿਆ ਹੈ। ਮੁੱਖ ਮੰਤਰੀ ਭਗਵੰਤ ਮਾਨ ਆਪਣਾ ਸੰਗਰੂਰ ਵਿਚਲਾ ਕਿਲ੍ਹਾ ਬਚਾਉਣ ਵਿਚ ਸਫਲ ਰਹੇ ਹਨ ਜਿੱਥੇ 'ਆਪ' ਉਮੀਦਵਾਰ ਗੁਰਮੀਤ ਸਿੰਘ ਮੀਤ ਹੇਅਰ ਨੇ ਆਪਣੇ ਵਿਰੋਧੀ ਕਾਂਗਰਸੀ ਉਮੀਦਵਾਰ ਸੁਖਪਾਲ ਸਿੰਘ ਖਹਿਰਾ ਨੂੰ 1,72,560 ਵੋਟਾਂ ਦੇ ਫ਼ਰਕ ਨਾਲ ਹਰਾਇਆ ਹੈ। ਸਿਮਰਨਜੀਤ ਸਿੰਘ ਮਾਨ ਨੂੰ ਤੀਜੇ ਨੰਬਰ 'ਤੇ ਸਬਰ ਕਰਨਾ ਪਿਆ ਹੈ। ਸ਼੍ਰੋਮਣੀ ਅਕਾਲੀ ਦਲ ਇਸ ਸੀਟ 'ਤੇ ਪੰਜਵੇਂ ਨੰਬਰ 'ਤੇ ਆਇਆ ਹੈ। ਪੰਜਾਬ ਕਾਂਗਰਸ ਦੇ ਪ੍ਰਧਾਨ ਤੇ ਗਿੱਦੜਬਾਹਾ ਤੋਂ ਵਿਧਾਇਕ ਅਮਰਿੰਦਰ ਰਾਜਾ ਵੜਿੰਗ ਨੇ ਲੁਧਿਆਣਾ ਤੋਂ ਭਾਜਪਾ ਉਮੀਦਵਾਰ ਰਵਨੀਤ ਬਿੱਟੂ ਨੂੰ 20,942 ਵੋਟਾਂ ਦੇ ਫ਼ਰਕ ਨਾਲ ਹਰਾਇਆ। ਵੜਿੰਗ ਨੂੰ 3,22,224 ਵੋਟਾਂ ਜਦੋਂਕਿ ਬਿੱਟੂ ਨੂੰ 3,01,282 ਵੋਟਾਂ ਪਈਆਂ।

ਸਾਬਕਾ ਮੁੱਖ ਮੰਤਰੀ ਚਰਨਜੀਤ ਚੰਨੀ ਨੇ ਜਲੰਧਰ ਹਲਕੇ ਤੋਂ ਆਪਣੇ ਵਿਰੋਧੀ ਭਾਜਪਾ ਉਮੀਦਵਾਰ ਸੁਸ਼ੀਲ ਕੁਮਾਰ ਰਿੰਕੂ ਨੂੰ 1,75,993 ਵੋਟਾਂ ਦੇ ਫ਼ਰਕ ਨਾਲ ਹਰਾਇਆ ਹੈ। ਇਸ ਵੱਡੀ ਜਿੱਤ ਨੇ ਸਾਬਕਾ ਮੁੱਖ ਮੰਤਰੀ ਚੰਨੀ ਦੀ ਸਿਆਸੀ ਗੱਡੀ ਨੂੰ ਮੁੜ ਲੀਹ 'ਤੇ ਚਾੜ੍ਹ ਦਿੱਤਾ ਹੈ। ਗੁਰਦਾਸਪੁਰ ਤੋਂ ਸਾਬਕਾ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਵਿਰੋਧੀ ਭਾਜਪਾ ਉਮੀਦਵਾਰ ਦਿਨੇਸ਼ ਬੱਬੂ ਨੂੰ 82,861 ਵੋਟਾਂ ਦੇ ਫ਼ਰਕ ਨਾਲ ਹਰਾ ਕੇ ਆਪਣੇ ਸਿਆਸੀ ਕੱਦ ਨੂੰ ਹੋਰ ਉੱਚਾ ਕੀਤਾ ਹੈ। ਪੰਜਾਬ ਦੇ ਨਤੀਜੇ 'ਐਗਜ਼ਿਟ ਪੋਲ' ਦੇ ਐਨ ਉਲਟ ਰਹੇ ਹਨ। ਕਾਂਗਰਸ ਪਾਰਟੀ ਲਈ ਸੱਤ ਸੀਟਾਂ ਤੋਂ ਜਿੱਤ ਪੰਜਾਬ ਵਿਚ ਮੁੜ ਪੈਰ ਲਾਉਣ ਲਈ ਸਹਾਈ ਹੋਵੇਗੀ। 'ਆਪ' ਲਈ ਇਹ ਚੋਣ ਨਤੀਜੇ ਚੁਣੌਤੀ ਤੋਂ ਘੱਟ ਨਹੀਂ ਹਨ ਕਿਉਂਕਿ 'ਆਪ' ਦੇ ਜ਼ੀਰੋ ਬਿੱਲ, ਨਹਿਰੀ ਪਾਣੀ, ਬਿਜਲੀ ਸਪਲਾਈ ਤੇ ਸਰਕਾਰੀ ਨੌਕਰੀਆਂ ਦੇ ਮੁੱਦੇ ਬਹੁਤਾ ਰੰਗ ਨਹੀਂ ਦਿਖਾ ਸਕੇ।


Golden State Truck Sales Inc.

ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ



Call : Dharminder Singh




Cell : 530-870-6600
Fax : (530) 870-1429
532 Houston St.
West Sacramento, CA 95691
Email: myfuturetruck@gmail.com

# 1962 ਮਗਰੋਂ ਪਹਿਲੀ ਵਾਰ ਕੋਈ ਸਰਕਾਰ ਤੀਜੀ ਵਾਰ ਸੱਤਾ ’ਚ ਆਈ: ਮੋਦੀ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਲੋਕ ਸਭਾ ਚੋਣਾਂ ਵਿੱਚ ਕੌਮੀ ਜਮਹੂਰੀ ਗੱਠਜੋੜ (ਐੱਨਡੀਏ) ਦੀ ਜਿੱਤ ਨੂੰ ‘ਵਿਕਸਿਤ ਭਾਰਤ’ ਦੇ ਸੰਕਲਪ ਦੀ ਜਿੱਤ ਕਰਾਰ ਦਿੰਦਿਆਂ ਕਿਹਾ ਕਿ ਇਨ੍ਹਾਂ ਚੋਣਾਂ ਵਿੱਚ ਦੇਸ਼ਵਾਸੀਆਂ ਨੇ ਭਾਜਪਾ ਤੇ ਉਸ ਦੀ ਅਗਵਾਈ ਵਾਲੇ ਗੱਠਜੋੜ ’ਤੇ ‘ਪੂਰਾ ਭਰੋਸਾ’ ਦਿਖਾਇਆ ਹੈ। ਉਨ੍ਹਾਂ ਕਿਹਾ ਕਿ ਇਹ ਨਤੀਜੇ ਲੋਕਾਂ, ਲੋਕਤੰਤਰ ਅਤੇ ਦੇਸ਼ ਦੇ ਸੰਵਿਧਾਨ ਵਿੱਚ ਵਿਸ਼ਵਾਸ ਦੀ ਜਿੱਤ ਹਨ। ਚੋਣ ਨਤੀਜੇ ਸਪਸ਼ਟ ਹੋਣ ਮਗਰੋਂ ਭਾਜਪਾ ਮੁੱਖ ਦਫ਼ਤਰ ਵਿੱਚ ਕਾਰਕੁਨਾਂ ਨੂੰ ਸੰਬੋਧਨ ਕਰਦਿਆਂ ਮੋਦੀ ਨੇ ਕਿਹਾ ਕਿ 1962 ਮਗਰੋਂ ਪਹਿਲੀ ਵਾਰ ਕੋਈ ਸਰਕਾਰ ਆਪਣੇ ਦੋ ਕਾਰਜਕਾਲ ਪੂਰਾ ਕਰਨ ਤੋਂ ਬਾਅਦ ਲਗਾਤਾਰ ਤੀਸਰੀ ਵਾਰ ਸੱਤਾ ਵਿੱਚ ਆਈ ਹੈ। ਉਧਰ, ਭਾਜਪਾ ਨੇ ਦਾਅਵਾ ਕੀਤਾ ਕਿ ਐੱਨਡੀਏ ਗੱਠਜੋੜ ਦੀ ਜਿੱਤ ਪ੍ਰਧਾਨ ਮੰਤਰੀ ਮੋਦੀ ਦੇ ‘ਵਿਕਸਿਤ ਭਾਰਤ’ ਦੇ ਨਜ਼ਰੀਏ ਵਿੱਚ ਲੋਕਾਂ ਦੇ ਵਿਸ਼ਵਾਸ ਤੇ ਭਰੋਸੇ ਨੂੰ ਜ਼ਾਹਿਰ ਕਰਦੀ ਹੈ। ਮੋਦੀ ਨੇ ਐੱਨਡੀਏ ਦੀ ਜਿੱਤ ਨੂੰ ਭਾਰਤ ਦੇ ਇਤਿਹਾਸ ਵਿੱਚ ‘ਅਦਭੁੱਤ ਪਲ’ ਕਰਾਰ ਦਿੰਦਿਆਂ ਦੇਸ਼ ਵਾਸੀਆਂ ਨੂੰ ਭਰੋਸਾ ਦਿਵਾਇਆ ਕਿ ਉਹ ਉਨ੍ਹਾਂ ਦੀਆਂ ਉਮੀਦਾਂ ’ਤੇ ਖਰਾ ਉਤਰਨ ਲਈ ਨਵੀਂ ਊਰਜਾ, ਨਵੇਂ ਉਤਸ਼ਾਹ ਅਤੇ ਨਵੇਂ ਸੰਕਲਪਾਂ ਨਾਲ ਅੱਗੇ ਵਧਣਗੇ। ਮੋਦੀ ਨੇ ‘ਐਕਸ’ ’ਤੇ ਇੱਕ ਪੋਸਟ ਵਿੱਚ ਕਿਹਾ, ‘‘ਦੇਸ਼ ਦੀ ‘ਜਨਤਾ ਜਨਾਰਦਨ’ ਨੇ ਐੱਨਡੀਏ ’ਤੇ ਲਗਾਤਾਰ ਤੀਜੀ ਵਾਰ ਭਰੋਸਾ ਕੀਤਾ ਹੈ। ਭਾਰਤ ਦੇ ਇਤਿਹਾਸ ਵਿੱਚ ਇਹ ਇੱਕ ਸ਼ਾਨਦਾਰ ਪਲ ਹੈ। ਮੈਂ ਇਸ ਪਿਆਰ ਅਤੇ ਆਸ਼ੀਰਵਾਦ ਲਈ ਆਪਣੇ ਪਰਿਵਾਰਕ ਮੈਂਬਰਾਂ ਨੂੰ ਪ੍ਰਣਾਮ ਕਰਦਾ ਹਾਂ।’’ ਉਨ੍ਹਾਂ ਕਿਹਾ, ‘‘ਮੈਂ ਦੇਸ਼ ਵਾਸੀਆਂ ਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਅਸੀਂ ਉਨ੍ਹਾਂ ਦੀਆਂ ਉਮੀਦਾਂ ਨੂੰ ਪੂਰਾ ਕਰਨ ਲਈ ਨਵੀਂ ਊਰਜਾ, ਨਵੇਂ ਉਤਸ਼ਾਹ ਅਤੇ ਨਵੇਂ ਸੰਕਲਪਾਂ ਨਾਲ ਅੱਗੇ ਵਧਾਂਗੇ।’’ ਉਨ੍ਹਾਂ ਨੇ ਸਮਰਪਣ ਭਾਵਨਾ ਤੇ ਅਣਥੱਕ ਮਿਹਨਤ ਨਾਲ ਕੰਮ ਕਰਨ ਲਈ ਸਾਰੇ ਭਾਜਪਾ ਵਰਕਰਾਂ ਦਾ ਧੰਨਵਾਦ ਕੀਤਾ। ਨਰਿੰਦਰ ਮੋਦੀ ਨੇ ਉੜੀਸਾ ਵਿੱਚ ਭਾਜਪਾ ਦੇ ਸ਼ਾਨਦਾਰ ਪ੍ਰਦਰਸ਼ਨ ਲਈ ਸੂਬਾ ਵਾਸੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਜਿੱਤ ਚੰਗੇ ਸ਼ਾਸਨ ਅਤੇ ਸੂਬੇ ਦੇ ਵਿਲੱਖਣ ਸੱਭਿਆਚਾਰ ਲਈ ਹੈ। ਉਨ੍ਹਾਂ ਕਿਹਾ, ‘‘ਸੂਬਾ ਵਾਸੀਆਂ ਦੇ ਸੁਫ਼ਨੇ ਪੂਰੇ ਕਰਨ ਅਤੇ ਉੜੀਸਾ ਨੂੰ ਤਰੱਕੀ ਦੀਆਂ ਨਵੀਆਂ ਉਚਾਈਆਂ ’ਤੇ ਲਿਜਾਣ ਲਈ ਭਾਜਪਾ ਕੋਈ ਕਸਰ ਨਹੀਂ ਛੱਡੇਗੀ।’’ ਉਨ੍ਹਾਂ ਆਂਧਰਾ ਪ੍ਰਦੇਸ਼ ਵਿੱਚ ਐੱਨਡੀਏ ਦੇ ਸ਼ਾਨਦਾਰ ਪ੍ਰਦਰਸ਼ਨ ਨੂੰ ਅਸਾਧਾਰਨ ਫਤਵਾ ਕਰਾਰ ਦਿੰਦਿਆਂ ਸੂਬਾ ਵਾਸੀਆਂ ਦਾ ਧੰਨਵਾਦ ਕੀਤਾ। ਉਨ੍ਹਾਂ ਨੇ ਇਸ ਜਿੱਤ ਲਈ ਤੇਲਗੂ ਦੇਸ਼ਮ ਪਾਰਟੀ ਦੇ ਆਗੂ ਚੰਦਰਬਾਬੂ ਨਾਇਡੂ, ਜਨਸੈਨਾ ਪਾਰਟੀ ਦੇ ਪਵਨ ਕਲਿਆਣ ਅਤੇ ਭਾਜਪਾ ਆਗੂਆਂ ਨੂੰ ਵਧਾਈ ਦਿੱਤੀ।



### ਮੋਦੀ ਦੀ ਵਾਰਾਣਸੀ ਤੋਂ ਹੈਟ੍ਰਿਕ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕਾਂਗਰਸ ਦੇ ਅਜੈ ਰਾਏ ਨੂੰ ਹਰਾ ਕੇ ਲਗਾਤਾਰ ਤੀਜੀ ਵਾਰ ਵਾਰਾਣਸੀ ਸੀਟ ਤੋਂ ਚੋਣ ਜਿੱਤ ਗਏ ਹਨ। ਮੋਦੀ ਦੀ ਜਿੱਤ ਦਾ ਇਸ ਵਾਰ ਫ਼ਰਕ 1,52,513 ਰਿਹਾ ਜੋ 2019 ਅਤੇ 2014 ਦੀ ਜਿੱਤ ਨਾਲੋਂ ਘੱਟ ਹੈ। ਸਾਲ 2019 ’ਚ ਮੋਦੀ ਦੀ ਜਿੱਤ ਦਾ ਫ਼ਰਕ 4,79,505 ਰਿਹਾ ਸੀ ਜਦੋਂ ਉਨ੍ਹਾਂ ਸਮਾਜਵਾਦੀ ਪਾਰਟੀ ਦੀ ਸ਼ਾਲਿਨੀ ਯਾਦਵ ਨੂੰ ਹਰਾਇਆ ਸੀ ਜਦਕਿ ਕਾਂਗਰਸ ਦੇ ਅਜੈ ਰਾਏ ਤੀਜੇ ਸਥਾਨ ’ਤੇ ਰਹੇ ਸਨ।

ਇਸੇ ਤਰ੍ਹਾਂ 2014 ’ਚ ਮੋਦੀ ਦੀ ਜਿੱਤ ਦਾ ਫ਼ਰਕ 3,71,784 ਰਿਹਾ ਸੀ ਜਦੋਂ ਉਨ੍ਹਾਂ ‘ਆਪ’ ਸੁਪਰੀਮੋ ਅਰਵਿੰਦ ਕੇਜਰੀਵਾਲ ਨੂੰ ਹਰਾਇਆ ਸੀ।

ਉਂਜ ਇਸ ਵਾਰ ਭਾਜਪਾ ਆਗੂ ਦਾਅਵਾ ਕਰ ਰਹੇ ਸਨ ਕਿ ਮੋਦੀ ਰਿਕਾਰਡ ਫ਼ਰਕ ਨਾਲ ਚੋਣ ਜਿੱਤਣਗੇ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਗੁਜਰਾਤ ਦੀ ਗਾਂਧੀਨਗਰ ਲੋਕ ਸਭਾ ਸੀਟ ਤੋਂ 7।44 ਲੱਖ ਦੇ ਵੱਡੇ ਫ਼ਰਕ ਨਾਲ ਜੇਤੂ ਰਹੇ। ਸ਼ਾਹ ਨੇ ਕਾਂਗਰਸ ਦੀ ਸੋਨਲ ਪਟੇਲ ਨੂੰ 7,44,716 ਵੋਟਾਂ ਦੇ ਫ਼ਰਕ ਨਾਲ ਹਰਾਇਆ। ਇਸ ਤੋਂ ਪਹਿਲਾਂ ਸ਼ਾਹ ਨੇ 2019 ਵਿਚ ਇਹ ਸੀਟ ਸਾਢੇ ਪੰਜ ਲੱਖ ਤੋਂ ਵੱਧ ਵੋਟਾਂ ਦੇ ਫ਼ਰਕ ਨਾਲ ਜਿੱਤੀ ਸੀ। ਸ਼ਾਹ ਨੂੰ 10 ਲੱਖ ਤੋਂ ਵਧ ਵੋਟਾਂ ਪਈਆਂ ਜਦੋਂਕਿ ਪਟੇਲ ਨੂੰ 2,66,256 ਵੋਟਾਂ ਪਈਆਂ। ਬੀਤੇ ਵਿਚ ਸੀਨੀਅਰ ਭਾਜਪਾ ਆਗੂ ਲਾਲ ਕ੍ਰਿਸ਼ਨ ਅਡਵਾਨੀ ਗਾਂਧੀਨਗਰ ਸੀਟ ਦੀ ਨੁਮਾਇੰਦਗੀ ਕਰਦੇ ਰਹੇ ਹਨ।

## ਬਹੁਜਨ ਸਮਾਜ ਪਾਰਟੀ ਨੂੰ ਨਹੀਂ ਮਿਲੀ ਕੋਈ ਸੀਟ

**ਲਖਨਊ–** ਪਿਛਲੀਆਂ ਲੋਕ ਸਭਾ ਚੋਣਾਂ ਵਿੱਚ ਉੱਤਰ ਪ੍ਰਦੇਸ਼ ’ਚ ਰਵਾਇਤੀ ਵਿਰੋਧੀ ਸਮਾਜਵਾਦੀ ਪਾਰਟੀ ਨਾਲ ਗੱਠਜੋੜ ਕਰ ਕੇ ਬਹੁਜਨ ਸਮਾਜ ਪਾਰਟੀ ਨੇ 10 ਸੀਟਾਂ ਜਿੱਤੀਆਂ ਸਨ ਪਰ ਇਸ ਵਾਰ ਮਾਇਆਵਤੀ ਦੀ ਅਗਵਾਈ ਵਾਲੀ ਪਾਰਟੀ ਨੂੰ ਇਕ ਵੀ ਸੀਟ ਨਹੀਂ ਮਿਲੀ ਹੈ, ਜਿਸ ਨਾਲ ਸੂਬੇ ਵਿੱਚ ਦਲਿਤਾਂ ਦੀ ਆਵਾਜ਼ ਦੀ ਨੁਮਾਇੰਦਗੀ ਕਰਨ ਵਾਲੇ ਇਸ ਦੇ ਵੱਕਾਰ ਨੂੰ ਵੱਡਾ ਝਟਕਾ ਲੱਗਾ ਹੈ। ਬਸਪਾ ਨੇ ਜਿਸ ਤਰ੍ਹਾਂ ਨਾਲ ਉਮੀਦਵਾਰਾਂ ਦੀ ਚੋਣ ਕੀਤੀ ਸੀ, ਉਸ ਨਾਲ ਵਿਰੋਧੀ ਸਮੂਹ ਦੀਆਂ ਸੰਭਾਵਨਾਵਾਂ ਨੂੰ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਝਲਕਦੀ ਸੀ ਪਰ ਸਪਾ ਦਾ ਸਭ ਤੋਂ ਵੱਡੀ ਪਾਰਟੀ ਦੇ ਰੂਪ ਵਿੱਚ ਉੱਭਰਨਾ ਅਤੇ ਉਸ ਦੇ ਨਾਲ ਸਾਂਝੇਦਾਰੀ ਵਿੱਚ ਕਾਂਗਰਸ ਦਾ ਬਿਹਤਰ ਪ੍ਰਦਰਸ਼ਨ ਦਰਸਾਉਂਦਾ ਹੈ ਕਿ ਮਾਇਆਵਤੀ ਦੀ ਸਿਆਸੀ ਚਮਕ ਖ਼ਤਮ ਹੋ ਚੁੱਕੀ ਹੈ।

## ਉੱਤਰ ਪ੍ਰਦੇਸ਼ 'ਚ ਜੇਤੂਆਂ ਵਿਚ ਕਈ ਨਵੇਂ ਚਿਹਰੇ ਸ਼ਾਮਲ



**ਲਖਨਊ–** ਉੱਤਰ ਪ੍ਰਦੇਸ਼ ਤੋਂ ਲੋਕ ਸਭਾ ਚੋਣਾਂ ਵਿਚ ਅੱਧੀ ਦਰਜਨ ਜੇਤੂਆਂ ’ਚੋਂ ਨਵੇਂ ਚਿਹਰੇ ਸ਼ਾਮਲ ਹਨ ਜੋ ਕਿ ਇਕ ਵੱਡਾ ਬਦਲਾਅ ਹੈ। ਇਹ ਨਵੇਂ ਬਣੇ ਸੰਸਦ ਮੈਂਬਰ ਚੰਗੇ ਪੜ੍ਹੇ-ਲਿਖੇ ਹਨ, ਚੰਗੀ ਤਰ੍ਹਾਂ ਅੰਗਰੇਜ਼ੀ ਬੋਲਦੇ ਹਨ, ਨਾਮਵਰ ਸੰਸਥਾਵਾਂ ਤੋਂ ਡਿਗਰੀਆਂ ਰੱਖਦੇ ਹਨ। 25 ਸਾਲ ਦੇ ਪੁਸ਼ਪੇਂਦਰ ਸਰੋਜ ਸ਼ਾਇਦ ਸਭ ਤੋਂ ਘੱਟ ਉਮਰ ਦੇ ਲੋਕ ਸਭਾ ਮੈਂਬਰ ਹਨ। ਲੰਡਨ ਤੋਂ ਡਿਗਰੀ ਪ੍ਰਾਪਤ ਇਸ ਉਮੀਦਵਾਰ ਨੇ ਸਮਾਜਵਾਦੀ ਪਾਰਟੀ ਦੀ ਟਿਕਟ ‘ਤੇ ਕੌਸਾਂਬੀ ਤੋਂ ਚੋਣ ਲੜੀ ਅਤੇ 1.03 ਲੱਖ ਵੋਟਾਂ ਦੇ ਫਰਕ ਨਾਲ ਜਿੱਤੀ। ਉਨ੍ਹਾਂ ਨੇ ਭਾਜਪਾ ਦੇ ਦੋ ਵਾਰ ਸੰਸਦ ਮੈਂਬਰ ਵਿਨੋਦ ਸੋਨਕਰ ਨੂੰ ਹਰਾਇਆ। ਇਸੇ ਤਰ੍ਹਾਂ ਸਮਾਜਵਾਦੀ ਪਾਰਟੀ ਦੀ ਇਕਰਾ ਹਸਨ ਕੈਰਾਨਾ ਸੀਟ ਤੋਂ 69,116 ਵੋਟਾਂ ਦੇ ਫਰਕ ਨਾਲ ਚੋਣ ਜਿੱਤੀ ਹੈ। ਸੁਪਰੀਮ ਕੋਰਟ ਦੀ ਵਕੀਲ ਪ੍ਰਿਆ ਸਰੋਜ ਨੇ 35,850 ਵੋਟਾਂ ਨਾਲ ਜਿੱਤ ਪ੍ਰਾਪਤ ਕੀਤੀ ਹੈ।




ਦੇਸ਼ ਦੁਆਬਾ

# ਲੋਕ ਸਭਾ ਚੋਣਾਂ ਦੇ ਨਤੀਜੇ ਅਤੇ ਸਬਕ

ਭਾਰਤ ਵਿਚ 18ਵੀਂ ਲੋਕ ਸਭਾ ਚੋਣਾਂ ਦੇ ਨਤੀਜੇ ਆ ਚੁੱਕੇ ਹਨ। ਇਹਨਾਂ ਚੋਣਾਂ ਵਿਚ ਭਾਜਪਾ ਦੀ ਅਗਵਾਈ ਵਾਲੇ ਐਨ. ਡੀ. ਏ. ਗੱਠਜੋੜ ਨੂੰ ਪੂਰਨ ਬਹੁਮਤ ਮਿਲਿਆ ਹੈ, ਹਾਲਾਂਕਿ ਭਾਜਪਾ ਪਿਛਲੀਆਂ ਦੋ ਵਾਰੀਆਂ ਵਾਂਗ ਆਪਣੇ ਬਲਬੂਤੇ ਪੂਰਨ ਬਹੁਮਤ ਪ੍ਰਾਪਤ ਕਰਨ ਤੋਂ ਖੁੰਝ ਗਈ ਹੈ। ਇਸ ਦਾ ਕਾਰਨ ਪੱਛਮੀ ਬੰਗਾਲ ਅਤੇ ਉਤਰ ਪ੍ਰਦੇਸ਼ ਵਿਚ ਉਹਨਾਂ ਦੀਆਂ ਸੀਟਾਂ ਦਾ ਘੱਟ ਜਾਣਾ ਮੰਨਿਆ ਜਾ ਰਿਹਾ ਹੈ। ਦੂਜੇ ਪਾਸੇ ਕਾਂਗਰਸ ਦੀ ਅਗਵਾਈ ਵਾਲਾ ਇੰਡੀਆ ਗੱਠਜੋੜ 234 ਦੇ ਕਰੀਬ ਸੀਟਾਂ ਪ੍ਰਾਪਤ ਕਰਕੇ ਮਜ਼ਬੂਤ ਵਿਰੋਧੀ ਧਿਰ ਦੀ ਭੂਮਿਕਾ ਵਿਚ ਆ ਗਿਆ ਹੈ। ਇਹਨਾਂ ਚੋਣਾਂ ਵਿਚ ਭਾਜਪਾ ਨੂੰ ਕੁਝ ਨੁਕਸਾਨ ਜ਼ਰੂਰ ਹੋਇਆ ਹੈ ਪਰ ਕਾਂਗਰਸ ਦੇ ਲਈ ਇਹ ਨਤੀਜੇ ਸ਼ਾਨਦਾਰ ਰਹੇ ਹਨ। ਕਾਂਗਰਸ ਨੂੰ 100 ਸੀਟਾਂ ਮਿਲਣ ਦੇ ਨਾਲ ਹੁਣ ਕਾਂਗਰਸ ਦੀ ਸਥਿਤੀ ਮਜ਼ਬੂਤ ਹੁੰਦੀ ਦਿਖਾਈ ਦੇ ਰਹੀ ਹੈ ਅਤੇ ਰਾਹੁਲ ਗਾਂਧੀ ਦੀ ਲੀਡਰ ਵਜੋਂ ਕਾਂਗਰਸ ਵਿਚ ਮਾਨਤਾ ਜ਼ਰੂਰ ਵਧੇਗੀ।

ਇਹਨਾਂ ਚੋਣਾਂ ਦੇ ਨਤੀਜਿਆਂ ਨੇ ਸਾਰਿਆਂ ਨੂੰ ਖੁਸ਼ ਹੋਣ ਦਾ ਮੌਕਾ ਜ਼ਰੂਰ ਦਿੱਤਾ ਹੈ। ਸਭ ਤੋਂ ਪਹਿਲਾਂ ਤਾਂ ਕਾਂਗਰਸ ਖੁਸ਼ ਹੈ ਕਿਉਂਕਿ ਉਸ ਦੀ ਹੋਂਦ ਤੇ ਸਵਾਲੀਆ ਨਿਸ਼ਾਨ ਲੱਗ ਰਹੇ ਸਨ ਅਤੇ ਉਹ ਪਹਿਲਾਂ ਦੇ ਮੁਕਾਬਲੇ ਮਜ਼ਬੂਤ ਹੋ ਗਈ ਹੈ। ਦੂਜੇ ਯੂ. ਪੀ. ਦੀ ਸਮਾਜਵਾਦੀ ਪਾਰਟੀ ਜੋ ਚਾਰ ਵਾਰ ਹਾਰ ਚੁੱਕੀ ਸੀ, ਨੂੰ ਮੁੜ ਨਵੀਂ ਤਾਕਤ ਮਿਲੀ ਹੈ। ਬਿਹਾਰ ਵਿਚ ਤੇਜਸਵੀ ਯਾਦਵ ਵੀ ਖੁਸ਼ ਹਨ ਕਿ ਉਹ ਇੰਡੀਆ ਗੱਠਜੋੜ ਦੀਆਂ ਸੀਟਾਂ ਵਧਣ ਵਿਚ ਯੋਗਦਾਨ ਪਾ ਸਕੇ ਹਨ। ਮਮਤਾ ਬੈਨਰਜੀ ਇਸ ਕਰਕੇ ਖੁਸ਼ ਹੈ ਕਿਉਂਕਿ ਬੰਗਾਲ ਵਿਚ ਲਗਾਤਰ ਉਹਨਾਂ ਦੇ ਦੁਆਲੇ ਭਾਜਪਾ ਦਾ ਵਧਦਾ ਸ਼ਿਕੰਜਾ ਕਮਜ਼ੋਰ ਹੋਣ ਜਾ ਰਿਹਾ ਹੈ। ਭਾਜਪਾ ਨੂੰ ਬੇਸ਼ੱਕ ਨਮੋਸ਼ੀ ਮਿਲੀ ਹੈ ਪਰ ਇਸ ਦੇ ਬਾਵਜੂਦ ਉਹ ਸਭ ਤੋਂ ਵੱਡੀ ਪਾਰਟੀ ਦੇ ਰੂਪ ਵਿਚ ਆਪਣੀ ਸਥਿਤੀ ਮਜ਼ਬੂਤ ਕਰ ਸਕੀ ਹੈ। ਆਂਧਰਾ ਵਿਚ ਹਾਸ਼ੀਏ ਤੇ ਪਏ ਚੰਦਰਬਾਬੂ ਨਾਇਡੂ ਮਜ਼ਬੂਤ ਬਣ ਕੇ ਉਭਰੇ ਹਨ। ਉਧਰ ਤਾਮਿਲਨਾਡੂ ਵਿਚ ਡੀ. ਐਮ. ਕੇ. ਵੀ ਖੁਸ਼ ਹੈ ਕਿਉਂਕਿ ਉਥੇ ਭਾਜਪਾ ਦਾ ਖਾਤਾ ਨਹੀਂ ਖੁੱਲ੍ਹ ਸਕਿਆ ਹੈ।

ਜਿੱਥੋਂ ਤੱਕ ਆਮ ਆਦਮੀ ਪਾਰਟੀ ਦਾ ਸਬੰਧ ਹੈ, ਇਸ ਨੂੰ ਵੀ ਪੰਜਾਬ ਵਿਚ ਤਾਂ 3 ਸੀਟਾਂ ਮਿਲ ਹੀ ਗਈਆਂ ਹਨ, ਹਾਲਾਂਕਿ ਦਿੱਲੀ ਤੋਂ ਫਿਰ ਹਾਰ ਗਈ ਹੈ। ਬਾਕੀ ਪਾਰਟੀਆਂ ਵਿਚੋਂ ਬਸਪਾ ਨੂੰ ਹਾਲਾਂਕਿ ਕੋਈ ਸੀਟ ਨਹੀਂ ਮਿਲੀ ਪਰ ਵਿਧਾਨ ਸਭਾ ਚੋਣਾਂ 'ਤੇ ਉਸ ਦੀ ਟੇਕ ਅਜਿਹੇ ਸਮੀਕਰਨ ਵਾਲੀ ਪਾਰਟੀ ਵੱਲ ਹੈ, ਜੋ ਉਸ ਨੂੰ ਦੁਬਾਰਾ ਖੜ੍ਹੇ ਹੋਣ ਵਿਚ ਮਦਦ ਦੇ ਸਕਦੀ ਹੈ, ਹਾਲਾਂਕਿ ਫਿਲਹਾਲ ਅਸੀਂ ਕਿਸੇ ਪਾਰਟੀ ਦਾ ਨਾਂ ਨਹੀਂ ਲੈ ਸਕਦੇ।

ਕੁੱਲ ਮਿਲਾ ਕੇ ਇਹਨਾਂ ਚੋਣਾਂ ਦੇ ਸਬਕ ਇਹ ਹੈ ਕਿ ਭਾਜਪਾ ਹੁਣ ਗੱਠਜੋੜ ਦੀ ਸਰਕਾਰ ਚਲਾਉਣ ਲਈ ਮਜਬੂਰ ਹੋਵੇਗੀ, ਵਿਰੋਧੀ ਧਿਰ ਮਜ਼ਬੂਤ ਹੋਵੇਗੀ, ਇਸ ਕਰਕੇ ਸੱਤਾਧਾਰੀ ਗੱਠਜੋੜ ਕੋਈ ਗਲਤੀ ਕਰਨ ਤੋਂ ਬਚਾਅ ਕਰੇਗਾ। ਜਿੱਥੋਂ ਤੱਕ ਬਾਕੀ ਮੁਲਕਾਂ ਦੇ ਰਵੱਈਏ ਦਾ ਸਬੰਧ ਹੈ, ਉਸ ਵਿਚ ਤਬਦੀਲੀ ਦੀ ਸੰਭਾਵਨਾ ਨਹੀਂ ਹੈ।

# ਪੰਜਾਬ ਵਿੱਚ ਅਨਪੜ੍ਹ ਵਿਅਕਤੀਆਂ ਦਾ ਹੀ ਵੋਟਾਂ ਵਿੱਚ ਰੁਝਾਨ



ਕੁਲਦੀਪ ਚੰਦ
91-9417563054

ਪੰਜਾਬੀਆਂ ਦੀ ਬੱਲੇ ਬੱਲੇ, ਅਨਪੜ੍ਹ ਵੋਟਾਂ ਪਾਣ ਵਿੱਚ ਉਪਰ ਅਤੇ ਪੜ੍ਹੇ ਲਿਖੇ ਰਹਿਣ ਥੱਲੇ ਇਸਨੂੰ ਸਾਡੇ ਦੇਸ਼ ਦੀ ਮਾੜੀ ਕਿਸਮਤ ਹੀ ਕਿਹਾ ਜਾਵੇਗਾ ਕਿ ਦੇਸ਼ ਨੂੰ ਚਲਾਉਣ ਵਾਲੀਆਂ ਸਰਕਾਰਾਂ ਦਾ ਫੈਸਲਾ ਅਨਪੜ੍ਹ ਲੋਕ ਹੀ ਆਪਣੀਆਂ ਵੋਟਾਂ ਰਾਹੀਂ ਕਰਦੇ ਹਨ ਜਦਕਿ ਜ਼ਿਆਦਾਤਰ ਪੜ੍ਹਿਆਂ ਲਿਖਿਆਂ ਵਰਗ ਵੋਟਾਂ ਪਾਉਣ ਵਿੱਚ ਫਾਡੀ ਰਹਿੰਦਾ ਹੈ ਜਿਸ ਕਾਰਨ ਕਈ ਵਾਰ ਘਟੀਆਂ ਕਿਸਮ ਦੇ ਉਮੀਦਵਾਰ ਚੋਣਾਂ ਜਿੱਤ ਜਾਂਦੇ ਹਨ ਅਤੇ ਦੇਸ਼ ਅਤੇ ਲੋਕਤੰਤਰ ਲਈ ਖਤਰਾ ਬਣਦੇ ਹਨ। ਪੰਜਾਬ ਵਿੱਚ 01 ਜੂਨ ਨੂੰ ਹੋਈਆਂ ਲੋਕ ਸਭਾ ਦੀਆਂ ਚੋਣਾਂ ਤੋਂ ਵੀ ਅਜਿਹਾ ਕੁੱਝ ਹੀ ਨਜ਼ਰ ਆਂਦਾ ਹੈ। ਪੰਜਾਬ ਵਿੱਚ 01 ਜੂਨ ਨੂੰ ਹੋਈਆਂ ਵੋਟਾਂ ਵਿੱਚ ਲੱਗਭੱਗ 62.80 ਫਿਸਦੀ ਵੋਟਰਾਂ ਨੇ ਹੀ ਅਪਣੇ ਇਸ ਅਧਿਕਾਰ ਦੀ ਵਰਤੋਂ ਕੀਤੀ ਹੈ। ਪੰਜਾਬ ਵਿੱਚ 13 ਲੋਕ ਸਭਾ ਹਲਕਿਆਂ ਲਈ ਹੋਈ ਸ਼ਾਂਤਮਈ ਵੋਟਿੰਗ ਨੂੰ ਲੈਕੇ ਬੇਸ਼ੱਕ ਸਮੂਹ ਰਾਜਨੀਤਿਕ ਪਾਰਟੀਆਂ ਅਤੇ ਚੋਣ ਆਯੋਗ ਖੁਸ਼ ਹਨ ਪਰੰਤੂ ਦੇਸ਼ ਦੇ ਵਿਕਸਿਤ ਸੂਬਿਆਂ ਵਿੱਚ ਗਿਣਿਆ ਜਾਣ ਵਾਲਾ ਸੂਬਾ ਪੰਜਾਬ ਵੋਟਾਂ ਪਾਣ ਵਿੱਚ ਹੋਰ ਕਈ ਸੂਬਿਆਂ ਨਾਲੋਂ ਅਜੇ ਤੱਕ ਕਾਫੀ ਪਿੱਛੇ ਹੈ। ਇਸਤੋਂ ਵੀ ਵੱਡੀ ਦੁੱਖ ਦੀ ਗੱਲ ਹੈ ਕਿ ਪੰਜਾਬ ਵਿੱਚ ਪੜ੍ਹੇ ਲਿਖੇ ਵੋਟਰਾਂ ਵਿੱਚ ਵੋਟਾਂ ਨੂੰ ਲੈਕੇ ਰੁਝਾਨ ਨਹੀਂ ਹੈ। ਜੇਕਰ ਵਿਸਥਾਰ ਨਾਲ ਵੇਖੀਏ ਤਾਂ 76.7 ਫਿਸਦੀ ਸਾਖਰਤਾ ਵਾਲੇ ਸੂਬੇ ਵਿੱਚ 62.80 ਫਿਸਦੀ ਵੋਟਾਂ ਪੈਣਾ ਬਹੁਤੀ ਖੁਸ਼ੀ ਦੀ ਗੱਲ ਨਹੀਂ ਹੈ। ਚੋਣ ਆਯੋਗ ਮੋਹਾਲੀ ਜ਼ਿਲ੍ਹੇ ਦੇ 02 ਵਿਧਾਨ ਸਭਾ ਹਲਕੇ ਖਰੜ ਅਤੇ ਮੋਹਾਲੀ ਸ਼ਾਮਲ ਹਨ। ਇਸ ਲੋਕ ਸਭਾ ਹਲਕਿਆਂ ਵਿੱਚ ਸ਼ਾਮਲ ਹੁਸ਼ਿਆਰਪੁਰ ਜ਼ਿਲ੍ਹੇ ਦੀ ਸਾਖਰਤਾ ਦਰ 85.4 ਫਿਸਦੀ, ਸ਼ਹੀਦ ਭਗਤ ਸਿੰਘ ਨਗਰ ਨਵਾਂਸ਼ਹਿਰ ਜ਼ਿਲ੍ਹੇ ਦੀ 80.3 ਫਿਸਦੀ, ਰੂਪਨਗਰ ਜ਼ਿਲ੍ਹੇ ਦੀ 83.3 ਅਤੇ ਐਸ ਏ ਐਸ ਨਗਰ ਮੋਹਾਲੀ ਜ਼ਿਲ੍ਹੇ ਦੀ ਸਾਖਰਤਾ ਦਰ 84.9 ਫਿਸਦੀ ਹੈ ਪਰ ਵੋਟਾਂ ਸਿਰਫ 61.98 ਫਿਸਦੀ ਹੀ ਪਈਆਂ ਹਨ। ਲੁਧਿਆਣਾ ਲੋਕ ਸਭਾ ਸੀਟ ਵਿੱਚ ਲੁਧਿਆਣਾ ਜ਼ਿਲ੍ਹੇ ਦੇ ਹੀ ਲੁਧਿਆਣਾ (ਈਸਟ), ਲੁਧਿਆਣਾ (ਸਾਊਥ), ਆਤਮਨਗਰ, ਲੁਧਿਆਣਾ (ਸੈਂਟਰਲ), ਲੁਧਿਆਣਾ (ਵੈਸਟ), ਲੁਧਿਆਣਾ (ਨਾਰਥ), ਗਿੱਲ, ਦਾਖਾ ਅਤੇ ਜਗਰਾਂਓ ਹਲਕੇ ਸ਼ਾਮਲ ਹਨ। ਲੁਧਿਆਣਾ ਜ਼ਿਲ੍ਹੇ ਦੀ ਸਾਖਰਤਾ ਦਰ 82.7 ਫਿਸਦੀ ਹੈ ਪਰ ਵੋਟਾਂ ਸਿਰਫ 60.12 ਫਿਸਦੀ ਪਈਆਂ ਹਨ। ਫਤਹਿਗੜ੍ਹ ਸਾਹਿਬ ਲੋਕ ਸਭਾ ਹਲਕੇ ਵਿੱਚ ਫਤਹਿਗੜ੍ਹ ਸਾਹਿਬ ਜ਼ਿਲ੍ਹੇ ਦੇ 03 ਬੱਸੀ ਪਠਾਨਾਂ, ਫਤਹਿਗੜ੍ਹ ਸਾਹਿਬ, ਅਮਲੋਹ, ਲੁਧਿਆਣਾ ਜ਼ਿਲ੍ਹੇ ਦੇ 05 ਖੰਨਾ, ਸਮਰਾਲਾ, ਸਾਹਨੇਵਾਲ, ਪਾਇਲ, ਰਾਏਕੋਟ, ਮਲੇਰਕੋਟਲਾ ਜ਼ਿਲ੍ਹੇ ਦਾ 01 ਵਿਧਾਨ ਸਭਾ ਹਲਕਾ ਅਮਰਗੜ ਸ਼ਾਮਿਲ ਹਨ। ਇਸ ਲੋਕ ਸਭਾ ਹਲਕੇ ਵਿੱਚ ਸ਼ਾਮਿਲ ਜ਼ਿਲ੍ਹਿਆਂ ਫਤਹਿਗੜ੍ਹ ਸਾਹਿਬ ਦੀ ਸਾਖਰਤਾ ਦਰ 80.3 ਫਿਸਦੀ, ਲੁਧਿਆਣਾ ਜ਼ਿਲ੍ਹੇ ਦੀ 82.7 ਫਿਸਦੀ ਅਤੇ ਮਲੇਰਕੋਟਲਾ ਜੋ ਪਹਿਲਾਂ ਸੰਗਰੂਰ ਦਾ ਹੀ ਹਿੱਸਾ ਸੀ ਦੀ ਸਾਖਰਤਾ ਦਰ 68.9 ਫਿਸਦੀ ਹੈ ਪਰ ਵੋਟਾਂ ਸਿਰਫ 62.53 ਫਿਸਦੀ ਹੀ ਪਈਆਂ ਹਨ। ਫਰੀਦਕੋਟ ਲੋਕ ਸਭਾ ਹਲਕੇ ਵਿੱਚ ਫਰੀਦਕੋਟ ਜ਼ਿਲ੍ਹੇ ਦੇ 03 ਫਰੀਦਕੋਟ , ਕੋਟਕਪੂਰਾ, ਜੈਤੋ, ਮੋਗਾ ਜ਼ਿਲ੍ਹੇ ਦੇ 04 ਨਿਹਾਲਸਿੰਘ ਵਾਲਾ, ਬਾਘਾ ਪੁਰਾਣਾ, ਮੋਗਾ, ਧਰਮਕੋਟ , ਬਠਿੰਡਾ ਜ਼ਿਲ੍ਹੇ ਦਾ 01 ਰਾਮਪੁਰਾ ਫੂਲ, ਮੁਕਤਸਰ ਜ਼ਿਲ੍ਹੇ ਦਾ 01 ਵਿਧਾਨ ਸਭਾ ਹਲਕਾ ਗਿੱਦੜਬਾਹਾ ਸ਼ਾਮਿਲ ਹਨ। ਇਸ ਲੋਕ ਸਭਾ ਹਲਕੇ ਵਿੱਚ ਸ਼ਾਮਿਲ ਵੱਖ ਵੱਖ ਜ਼ਿਲ੍ਹਿਆਂ ਵਿੱਚੋਂ ਫਰੀਦਕੋਟ ਜ਼ਿਲ੍ਹੇ ਦੀ ਸਾਖਰਤਾ ਦਰ 70.6



| Literacy Rate | Male | Female | Total |
|---|---|---|---|
| Punjab | 81.5 | 71.3 | 76.7 |

District wise figures of literacy rate :

| Districts Name | Male | Female | Total |
|---|---|---|---|
| Amritsar | 81.2 | 72.8 | 77.2 |
| Barnala | 73.1 | 64.1 | 68.9 |
| Bathinda | 75.3 | 62.9 | 69.6 |
| Faridkot | 75.9 | 64.8 | 70.6 |
| Fatehgarh Sahib | 84.5 | 75.5 | 80.3 |
| Ferozepur | 76.7 | 62.2 | 69.8 |
| Gurdaspur | 85.9 | 75.7 | 81.1 |
| Hoshiarpur | 89.9 | 80.8 | 85.4 |
| Jalandhar | 86.1 | 78.3 | 82.4 |
| Kapurthala | 84.6 | 75.4 | 80.2 |
| Ludhiana | 86.3 | 78.2 | 82.7 |
| Mansa | 68.4 | 56.4 | 62.8 |
| Moga | 75.3 | 67.4 | 71.6 |
| S.A.S. Nagar | 89.2 | 80 | 84.9 |
| Muktsar | 72.9 | 60 | 66.6 |
| S.B.S. Nagar | 86.2 | 74.3 | 80.3 |
| Patiala | 81.4 | 70.5 | 76.3 |
| Roopnagar | 88.9 | 77.2 | 83.3 |
| Sangrur | 74.2 | 62.9 | 68.9 |
| Tarn Taran | 75.4 | 62.9 | 69.4 |

Information for two newly constituted districts 'Fazilka' and 'Pathankot' is not available in census 2011.



ਪੰਜਾਬ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਲੋਕ ਸਭਾ ਹਲਕਾ ਬਠਿੰਡਾ ਵਿੱਚ ਸਭ ਤੋਂ ਵੱਧ 69.36 ਫਿਸਦੀ ਵੋਟਾਂ ਪਈਆਂ ਹਨ ਅਤੇ ਅਮ੍ਰਿਤਸਰ ਲੋਕ ਸਭਾ ਹਲਕੇ ਵਿੱਚ ਸਭ ਤੋਂ ਘੱਟ ਸਿਰਫ 56.06 ਫਿਸਦੀ ਵੋਟਾਂ ਹੀ ਪਈਆਂ ਹਨ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਅਪਣੇ ਲੋਕ ਸਭਾ ਹਲਕੇ ਸੰਗਰੂਰ ਵਿੱਚ ਵੀ 64.63 ਫਿਸਦੀ ਵੋਟਾਂ ਹੀ ਪਈਆਂ ਹਨ ਅਤੇ ਸਿੱਖਿਅ ਮੰਤਰੀ ਹਰਜੋਤ ਸਿੰਘ ਬੈਂਸ ਦੇ ਅਪਣੇ ਹਲਕੇ ਸ਼੍ਰੀ ਅਨੰਦਪੁਰ ਸਾਹਿਬ ਵਿੱਚ ਵੀ ਸਿਰਫ 61.98 ਫਿਸਦੀ ਵੋਟਾਂ ਹੀ ਪਈਆਂ ਹਨ। ਜੇਕਰ ਵਿਸਥਾਰ ਨਾਲ ਵੇਖੀਏ ਤਾਂ ਗੁਰਦਾਸਪੁਰ ਦੇ ਲੋਕ ਸਭਾ ਹਲਕੇ ਵਿੱਚ ਗੁਰਦਾਸਪੁਰ ਜ਼ਿਲ੍ਹੇ ਦੇ ਬਟਾਲਾ, ਡੇਰਾ ਬਾਬਾ ਨਾਨਕ, ਦੀਨਾਨਗਰ, ਫਤਹਿਗੜ੍ਹ ਚੂੜੀਆਂ, ਗੁਰਦਾਸਪੁਰ, ਕਾਦੀਆਂ ਅਤੇ ਪਠਾਨਕੋਟ ਜ਼ਿਲ੍ਹੇ ਦੇ ਸੁਜਾਨਪੁਰ, ਭੋਆ, ਪਠਾਨਕੋਟ ਵਿਧਾਨ ਸਭਾ ਹਲਕੇ ਸ਼ਾਮਿਲ ਹਨ। ਇਸ ਲੋਕ ਸਭਾ ਹਲਕੇ ਵਿੱਚ ਸ਼ਾਮਲ ਪਠਾਨਕੋਟ ਜ਼ਿਲ੍ਹਾ ਪਹਿਲਾਂ ਗੁਰਦਾਸਪੁਰ ਦਾ ਹੀ ਹਿੱਸਾ ਸੀ ਅਤੇ ਗੁਰਦਾਸਪੁਰ ਜ਼ਿਲ੍ਹੇ ਦੀ ਸਾਖਰਤਾ ਦਰ 81.1 ਫਿਸਦੀ ਹੈ ਪਰ ਵੋਟਾਂ ਸਿਰਫ 66.67 ਫਿਸਦੀ ਪਈਆਂ ਹਨ। ਅਮ੍ਰਿਤਸਰ ਲੋਕ ਸਭਾ ਸੀਟ ਵਿੱਚ ਅਮ੍ਰਿਤਸਰ ਜ਼ਿਲ੍ਹੇ ਦੇ ਹੀ ਸਭ ਵਿਧਾਨ ਸਭਾ ਹਲਕੇ ਅਜਨਾਲਾ, ਰਾਜਾ ਸਾਂਸੀ, ਮਜੀਠਾ, ਅਮ੍ਰਿਤਸਰ (ਨਾਰਥ), ਅਮ੍ਰਿਤਸਰ (ਵੈਸਟ), ਅਮ੍ਰਿਤਸਰ (ਸੈਂਟਰਲ) , ਅਮ੍ਰਿਤਸਰ (ਈਸਟ), ਅਮ੍ਰਿਤਸਰ (ਸਾਊਥ), ਅਟਾਰੀ ਸ਼ਾਮਿਲ ਹਨ ਦੀ ਸਾਖਰਤਾ ਦਰ 77.2 ਫਿਸਦੀ ਹੈ ਪਰ ਵੋਟਾਂ ਸਿਰਫ 56.06 ਫਿਸਦੀ ਪਈਆਂ ਹਨ। ਖਡੂਰ ਸਾਹਿਬ ਲੋਕ ਸਭਾ ਹਲਕੇ ਵਿੱਚ ਅਮ੍ਰਿਤਸਰ ਜ਼ਿਲ੍ਹੇ ਦੇ ਜੰਡਿਆਲਾ, ਅਜਨਾਲਾ, ਤਰਨਤਾਰਨ ਜ਼ਿਲ੍ਹੇ ਦੇ ਤਰਨਤਾਰਨ, ਖੇਮਕਰਨ, ਪੱਟੀ, ਖਡੂਰ ਸਾਹਿਬ, ਕਪੂਰਥਲਾ ਜ਼ਿਲ੍ਹੇ ਦੇ ਕਪੂਰਥਲਾ, ਸੁਲਤਾਨਪੁਰ ਲੋਧੀ ਅਤੇ ਫਿਰੋਜ਼ਪੁਰ ਜ਼ਿਲ੍ਹੇ ਦਾ ਜੀਰਾ ਵਿਧਾਨ ਸਭਾ ਹਲਕਾ ਸ਼ਾਮਿਲ ਹਨ। ਜੇਕਰ ਇਸ ਲੋਕ ਸਭਾ ਵਿੱਚ ਸ਼ਾਮਿਲ ਜ਼ਿਲ੍ਹਿਆਂ ਦੀ ਸਾਖਰਤਾ ਦਰ ਵੇਖੀਏ ਤਾਂ ਤਰਨਤਾਰਨ ਜ਼ਿਲ੍ਹੇ ਦੀ ਸਾਖਰਤਾ ਦਰ 69.4 ਫਿਸਦੀ, ਅੰਮ੍ਰਿਤਸਰ ਜ਼ਿਲ੍ਹੇ ਦੀ 77.2 ਫਿਸਦੀ, ਕਪੂਰਥਲਾ ਜ਼ਿਲ੍ਹੇ ਦੀ ਸਾਖਰਤਾ ਦਰ 80.2 ਫਿਸਦੀ ਅਤੇ ਫਿਰੋਜ਼ਪੁਰ ਜ਼ਿਲ੍ਹੇ ਦੀ ਸਾਖਰਤਾ ਦਰ 69.8 ਫਿਸਦੀ ਹੈ ਪਰ ਵੋਟਾਂ ਸਿਰਫ 62.55 ਫਿਸਦੀ ਹੀ ਪਈਆਂ ਹਨ। ਜਲੰਧਰ ਲੋਕ ਸਭਾ ਹਲਕੇ ਵਿੱਚ ਜਲੰਧਰ ਜ਼ਿਲ੍ਹੇ ਦੇ ਹੀ ਸਾਰੇ ਵਿਧਾਨ ਸਭਾ ਹਲਕੇ ਫਿਲੌਰ, ਨਕੋਦਰ, ਸ਼ਾਹਕੋਟ, ਕਰਤਾਰਪੁਰ, ਜਲੰਧਰ (ਵੈਸਟ), ਜਲੰਧਰ (ਸੈਂਟਰਲ), ਜਲੰਧਰ (ਨਾਰਥ), ਜਲੰਧਰ ਕੈਂਟ ਅਤੇ ਆਦਮਪੁਰ ਸ਼ਾਮਿਲ ਹਨ। ਜਲੰਧਰ ਜ਼ਿਲ੍ਹੇ ਦੀ ਸਾਖਰਤਾ ਦਰ 82.4 ਫਿਸਦੀ ਹੈ ਪਰ ਵੋਟਾਂ ਸਿਰਫ 59.70 ਫਿਸਦੀ ਹੀ ਪਈਆਂ ਹਨ। ਹੁਸ਼ਿਆਰਪੁਰ ਲੋਕ ਸਭਾ ਹਲਕੇ ਵਿੱਚ ਗੁਰਦਾਸਪੁਰ ਜ਼ਿਲ੍ਹੇ ਦਾ ਸ਼੍ਰੀ ਹਰਗੋਬਿੰਦਪੁਰ, ਹੁਸ਼ਿਆਰਪੁਰ ਜ਼ਿਲ੍ਹੇ ਦੇ ਮੁਕੇਰੀਆ, ਦਸੂਹਾ, ਉੜਮੁੜ, ਸ਼ਾਮ ਚੌਰਾਸੀ, ਹੁਸ਼ਿਆਰਪੁਰ, ਚੱਬੇਵਾਲ ਅਤੇ ਕਪੂਰਥਲਾ ਜ਼ਿਲ੍ਹੇ ਦੇ 02 ਵਿਧਾਨ ਸਭਾ ਹਲਕੇ ਭੁਲੱਥ, ਫਗਵਾੜਾ ਸ਼ਾਮਿਲ ਹਨ। ਇਸ ਲੋਕ ਸਭਾ ਵਿੱਚ ਸ਼ਾਮਲ ਜ਼ਿਲ੍ਹਿਆਂ ਵਿੱਚੋਂ ਗੁਰਦਾਸਪੁਰ ਜ਼ਿਲ੍ਹੇ ਦੀ ਸਾਖਰਤਾ ਦਰ 81.1 ਫਿਸਦੀ, ਹੁਸ਼ਿਆਰਪੁਰ ਜ਼ਿਲ੍ਹੇ ਦੀ 85.4 ਫਿਸਦੀ ਅਤੇ ਕਪੂਰਥਲਾ ਜ਼ਿਲ੍ਹੇ ਦੀ ਸਾਖਰਤਾ ਦਰ 80.2 ਫਿਸਦੀ ਹੈ ਪਰ ਵੋਟਾਂ ਸਿਰਫ 58.86 ਹੀ ਫਿਸਦੀ ਪਈਆਂ ਹਨ। ਆਨੰਦਪੁਰ ਸਾਹਿਬ ਲੋਕ ਸਭਾ ਹਲਕੇ ਵਿੱਚ ਹੁਸ਼ਿਆਰਪੁਰ ਜ਼ਿਲ੍ਹੇ ਦਾ ਗੜ੍ਹਸ਼ੰਕਰ, ਸ਼ਹੀਦ ਭਗਤ ਸਿੰਘ ਨਗਰ ਨਵਾਂਸ਼ਹਿਰ ਜ਼ਿਲ੍ਹੇ ਦੇ 03 ਬੰਗਾ, ਨਵਾਂਸ਼ਹਿਰ, ਬਲਾਚੌਰ, ਰੂਪਨਗਰ ਜ਼ਿਲ੍ਹੇ ਦੇ 03 ਆਨੰਦਪੁਰ ਸਾਹਿਬ, ਰੂਪਨਗਰ, ਚਮਕੌਰ ਸਾਹਿਬ ਅਤੇ ਐਸ ਏ ਐਸ ਨਗਰ ਫਿਸਦੀ, ਮੋਗਾ ਜ਼ਿਲ੍ਹੇ ਦੀ 71.6, ਬਠਿੰਡਾ ਜ਼ਿਲ੍ਹੇ ਦੀ 69.6 ਅਤੇ ਮੁਕਤਸਰ ਜ਼ਿਲ੍ਹੇ ਦੀ ਸਾਖਰਤਾ ਦਰ 66.6 ਫਿਸਦੀ ਹੈ ਪਰ ਵੋਟਾਂ ਸਿਰਫ 63.34 ਫਿਸਦੀ ਪਈਆਂ ਹਨ। ਫਿਰੋਜ਼ਪੁਰ ਲੋਕ ਸਭਾ ਹਲਕੇ ਵਿੱਚ ਫਿਰੋਜ਼ਪੁਰ ਜ਼ਿਲ੍ਹੇ ਦੇ 03 ਫਿਰੋਜ਼ਪੁਰ ਸਿਟੀ, ਫਿਰੋਜ਼ਪੁਰ ਰੂਰਲ, ਗੁਰੂ ਹਰਸਹਾਏ, ਫਾਜ਼ਿਲਕਾ ਜ਼ਿਲ੍ਹੇ ਦੇ 04 ਜਲਾਲਾਬਾਦ, ਫਾਜ਼ਿਲਕਾ, ਅਬੋਹਰ, ਬਲੂਆਣਾ , ਮੁਕਤਸਰ ਜ਼ਿਲ੍ਹੇ ਦੇ 02 ਵਿਧਾਨ ਸਭਾ ਹਲਕੇ ਮਲੋਟ ਅਤੇ ਮੁਕਤਸਰ ਸ਼ਾਮਲ ਹਨ। ਇਸ ਲੋਕ ਸਭਾ ਵਿੱਚ ਸ਼ਾਮਿਲ ਵੱਖ ਵੱਖ ਜ਼ਿਲਿਆਂ ਫਿਰੋਜ਼ਪੁਰ ਜ਼ਿਲ੍ਹੇ ਦੀ ਸਾਖਰਤਾ ਦਰ 69.8 ਫਿਸਦੀ ਅਤੇ ਮੁਕਤਸਰ ਜ਼ਿਲ੍ਹੇ ਦੀ ਸਾਖਰਤਾ ਦਰ 66.6 ਫਿਸਦੀ ਹੈ ਪਰ ਵੋਟਾਂ 67.02 ਫਿਸਦੀ ਪਈਆਂ ਹਨ। ਬਠਿੰਡਾ ਲੋਕ ਸਭਾ ਹਲਕਾ ਜਿੱਥੇ ਪੰਜਾਬ ਵਿੱਚ ਸਭ ਤੋਂ ਵੱਧ ਵੋਟਾਂ 69.36 ਪਈਆਂ ਹਨ ਵਿੱਚ ਬਠਿੰਡਾ ਜ਼ਿਲ੍ਹੇ ਦੇ 05 ਭੁੱਚੋ ਮੰਡੀ, ਬਠਿੰਡਾ ਅਰਬਨ, ਬਠਿੰਡਾ ਰੂਰਲ, ਤਲਵੰਡੀ ਸਾਬੋ, ਮੋੜ, ਮਾਨਸਾ ਜ਼ਿਲ੍ਹੇ ਦੇ 03 ਮਾਨਸਾ, ਸਰਦੂਲਗੜ, ਬੁਢਲਾਡਾ ਅਤੇ ਮੁਕਤਸਰ ਜ਼ਿਲ੍ਹੇ ਦਾ 01 ਵਿਧਾਨ ਸਭਾ ਹਲਕਾ ਲੰਬੀ ਸ਼ਾਮਲ ਹੈ। ਇਸ ਲੋਕ ਸਭਾ ਹਲਕੇ ਵਿੱਚ ਸ਼ਾਮਿਲ ਬਠਿੰਡਾ ਜ਼ਿਲ੍ਹੇ ਦੀ ਸਾਖਰਤਾ ਦਰ 69.6 ਫਿਸਦੀ, ਮਾਨਸਾ ਜ਼ਿਲ੍ਹੇ ਦੀ 62.8 ਅਤੇ ਮੁਕਤਸਰ ਜ਼ਿਲ੍ਹੇ ਦੀ ਸਾਖਰਤਾ ਦਰ 66.6 ਫਿਸਦੀ ਹੈ ਅਤੇ ਵੋਟਾਂ 69.36 ਫਿਸਦੀ ਪਈਆਂ ਹਨ।

ਸੰਗਰੂਰ ਲੋਕ ਸਭਾ ਹਲਕੇ ਵਿੱਚ ਸੰਗਰੂਰ ਜ਼ਿਲ੍ਹੇ ਦੇ ਸੰਗਰੂਰ, ਧੂਰੀ, ਲਹਿਰਾ, ਦਿੜਬਾ, ਸੁਨਾਮ, ਬਰਨਾਲਾ ਜ਼ਿਲ੍ਹੇ ਦੇ ਬਰਨਾਲਾ, ਭਦੌੜ, ਮਹਿਲਕਲਾਂ ਅਤੇ ਮਲੇਰਕੋਟਲਾ ਜ਼ਿਲ੍ਹੇ ਦਾ ਮਲੇਰਕੋਟਲਾ ਹਲਕਾ ਸ਼ਾਮਿਲ ਹੈ। ਇਸ ਲੋਕ ਸਭਾ ਹਲਕੇ ਵਿੱਚ ਸ਼ਾਮਲ ਸੰਗਰੂਰ ਜ਼ਿਲ੍ਹੇ ਦੀ ਸਾਖਰਤਾ ਦਰ 68.9 ਫਿਸਦੀ ਅਤੇ ਬਰਨਾਲਾ ਜ਼ਿਲ੍ਹੇ ਦੀ ਸਾਖਰਤਾ ਦਰ ਵੀ 68.9 ਫਿਸਦੀ ਹੈ ਪਰ ਵੋਟਾਂ 64.63 ਫਿਸਦੀ ਹੀ ਪਈਆਂ ਹਨ। ਪਟਿਆਲਾ ਲੋਕ ਸਭਾ ਹਲਕੇ ਵਿੱਚ ਪਟਿਆਲਾ ਜ਼ਿਲ੍ਹੇ ਦੇ 08 ਨਾਭਾ, ਪਟਿਆਲਾ ਰੂਰਲ, ਰਾਜਪੁਰਾ, ਸ਼ੁਤਰਾਣਾ, ਘਨੌਰ, ਸਨੌਰ, ਪਟਿਆਲਾ, ਸਮਾਣਾ ਅਤੇ ਐਸ ਏ ਐਸ ਨਗਰ ਮੋਹਾਲੀ ਦਾ 01 ਵਿਧਾਨ ਸਭਾ ਹਲਕਾ ਡੇਰਾ ਬਸੀ ਸ਼ਾਮਿਲ ਹੈ। ਇਸ ਲੋਕ ਸਭਾ ਹਲਕੇ ਵਿੱਚ ਸ਼ਾਮਿਲ ਪਟਿਆਲਾ ਜ਼ਿਲ੍ਹੇ ਦੀ ਸਾਖਰਤਾ ਦਰ 76.3 ਫਿਸਦੀ ਅਤੇ ਐਸ ਏ ਐਸ ਨਗਰ ਮੋਹਾਲੀ ਜ਼ਿਲ੍ਹੇ ਦੀ ਸਾਖਰਤਾ ਦਰ 84.9 ਫਿਸਦੀ ਹੈ ਪਰ ਵੋਟਾਂ ਸਿਰਫ 63.63 ਫਿਸਦੀ ਹੀ ਪਈਆਂ ਹਨ। ਇਹਨਾਂ ਅੰਕੜਿਆਂ ਤੋਂ ਪਤਾ ਲੱਗਦਾ ਹੈ ਕਿ ਜਿਹਨਾਂ ਜ਼ਿਲ੍ਹਿਆਂ ਵਿੱਚ ਸਾਖਰਤਾ ਦਰ ਜ਼ਿਆਦਾ ਹੈ ਉਥੇ ਵੋਟਾਂ ਘੱਟ ਪਈਆਂ ਹਨ ਅਤੇ ਜਿਨ੍ਹਾਂ ਜ਼ਿਲ੍ਹਿਆਂ ਵਿੱਚ ਸਾਖਰਤਾ ਦਰ ਘੱਟ ਹੈ ਉਥੇ ਵੋਟਾਂ ਜ਼ਿਆਦਾ ਪਈਆਂ ਹਨ।

ਰਾਜਨੀਤਿਕ ਪਾਰਟੀਆਂ ਅਨਪੜ੍ਹ ਵੋਟਰਾਂ ਨੂੰ ਸ਼ਰਾਬ ਦੀ ਬੋਤਲ, ਕੰਬਲ ਅਤੇ ਪੈਸਿਆਂ ਦਾ ਲਾਲਚ ਦੇ ਕੇ ਵੋਟਾਂ ਪਵਾ ਲੈਂਦੀਆਂ ਹਨ ਜਦਕਿ ਪੜ੍ਹਿਆਂ ਲਿਖਿਆ ਵਰਗ ਰਾਜਨੀਤਿਕਾਂ ਦੇ ਇਹਨਾਂ ਝਾਂਸਿਆ ਵਿੱਚ ਨਹੀਂਆਉਂਦਾ ਹੈ । ਪੜ੍ਹੇ ਲਿਖੇ ਵਰਗ ਦੁਆਰਾ ਆਪਣੀ ਵੋਟ ਨਾ ਪਾ ਕੇ ਭਾਰੀ ਗਲਤੀ ਕੀਤੀ ਜਾਂਦੀ ਹੈ ਜਿਸ ਕਾਰਨ ਗਲਤ ਲੋਕ ਚੋਣਾਂ ਜਿੱਤ ਕੇ ਸਰਕਾਰ ਵਿੱਚ ਆ ਜਾਂਦੇ ਹਨ ਅਤੇ ਆਪਣੀ ਮਨਮਰਜ਼ੀ ਕਰਦੇ ਹੋਏ ਘਪਲੇ ਘੋਟਾਲੇ ਕਰਦੇ ਹਨ। ਪੜ੍ਹੇ ਲਿਖੇ ਲੋਕਾਂ ਨੂੰ ਆਪਣੀ ਵੋਟ ਜ਼ਰੂਰ ਪਾਉਣੀ ਚਾਹੀਦੀ ਹੈ ਤਾਂ ਜੋ ਸਹੀ ਅਤੇ ਇਮਾਨਦਾਰ ਉਮੀਦਵਾਰ ਦੀ ਚੋਣ ਕੀਤੀ ਜਾ ਸਕੇ। ਸਰਕਾਰ ਅਤੇ ਚੋਣ ਆਯੋਗ ਨੂੰ ਵੀ ਵੋਟ ਪਾਉਣਾ ਹਰ ਵੋਟਰ ਲਈ ਜ਼ਰੂਰੀ ਕਰਨਾ ਚਾਹੀਦਾ ਹੈ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਕਰਮਨ ਵਿਖੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਅਤੇ 1984 ਦੇ ਸ਼ਹੀਦਾਂ ਨੂੰ ਸਮਰਪਿਤ ਵਿਸ਼ੇਸ਼ ਸਮਾਗਮ ਹੋਏ

**ਫਰਿਜ਼ਨੋ, ਕੈਲੀਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ):** ਸ਼ਹੀਦਾਂ ਦੇ ਸਿਰਤਾਜ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਅਤੇ 1984 ਦੇ ਸਮੂੰਹ ਸ਼ਹੀਦਾਂ ਨੂੰ ਸਮਰਪਿਤ ਪ੍ਰੋਗਰਾਮ ਕਰਮਨ ਸ਼ਹਿਰ ਵਿਖੇ ਕਰਵਾਏ ਗਏ। ਜਿੰਨ੍ਹਾਂ ਦੀ ਸੇਵਾ ਹਰ ਸਾਲ ਦੀ ਤਰ੍ਹਾਂ ਕਰਮਨ ਸ਼ਹਿਰ ਦੇ ਟਰੱਕਾ ਦੇ ਕਾਰੋਵਾਰ ਨਾਲ ਸੰਬੰਧਤ ਪਰਿਵਾਰਾ ਨੇ ਸਾਝੇ ਤੌਰ 'ਤੇ "ਗੁਰਦੁਆਰਾ ਅਨੰਦਗੜ ਸਾਹਿਬ, ਕਰਮਨ" ਵਿਖੇ ਕੀਤੀ। ਇਸ ਦੌਰਾਨ ਸ੍ਰੀ ਸੁਖਮਨੀ ਸਾਹਿਬ ਜੀ ਦੀ ਇਲਾਹੀ ਬਾਣੀ ਦੇ ਪਾਠ ਹੋਏ। ਸਮਾਪਤੀ 'ਤੇ ਵਿਸ਼ੇਸ਼ ਸਮਾਗਮ ਵਿੱਚ ਗੁਰੂ ਘਰ ਦੇ ਹਜ਼ੂਰੀ ਰਾਗੀ ਜੱਥੇ ਦੇ ਭਾਈ ਬਲਜਿੰਦਰ ਸਿੰਘ ਅਤੇ ਸਾਥੀਆਂ ਨੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਨਾਲ ਨਿਹਾਲ ਕੀਤਾ। ਇਸ ਉਪਰੰਤ ਭਾਈ ਮਨਜੀਤ ਸਿੰਘ ਪੱਤੜ ਅਤੇ ਸੁਖਚੈਨ ਸਿੰਘ ਨੇ ਕਵੀਸ਼ਰੀ ਰਾਹੀਂ ਹਾਜ਼ਰੀ ਭਰਦੇ ਹੋਏ 1984 ਦੇ ਘੱਲੂਘਾਰੇ ਦਾ ਇਤਿਹਾਸ ਜ਼ੋਸੀਲੇ ਅੰਦਾਜ਼ ਵਿੱਚ ਸੰਗਤਾਂ ਨੂੰ ਸੁਣਾਇਆ। ਇਸ ਸਮੇਂ ਸਿੱਖ ਕੌਸ਼ਲ ਆਫ ਸੈਂਟਰਲ ਕੈਲੇਫੋਰਨੀਆਂ ਵੱਲੋਂ ਸੰਗਤਾਂ ਲਈ ਦਸਤਾਰ ਬੰਨਣ ਦਾ ਲੰਗਰ ਵੀ ਲਾਇਆ ਹੋਇਆ ਸੀ। ਇਸੇ ਦੌਰਾਨ ਕੌਸ਼ਲ ਦੇ ਸਰਗਰਮ



ਮੈਂਬਰ ਭਾਈ ਗੁਰਦੀਪ ਸਿੰਘ ਖਾਲਸਾ ਨੇ ਬੋਲਦਿਆਂ ਸੰਖੇਪ ਜੂਨ 1984 ਇਤਿਹਾਸ ਅਤੇ ਸਿੱਖ ਨਸਲਕੁਸ਼ੀ ਦੀ ਗੱਲ ਕਰਦੇ ਹੋਏ ਸਿੱਖ ਕੌਮ ਨੂੰ ਏਕਤਾ ਵਿੱਚ ਰਹਿਣ ਅਤੇ ਆਪਣੇ ਹੱਕਾਂ ਪ੍ਰਤੀ ਸੁਚੇਤ ਰਹਿਣ ਦੀ ਗੱਲ ਕੀਤੀ। ਨਾਲ ਸੰਬੰਧਤ ਵਾਰਾ ਗਾਉਂਦੇ ਹੋਏ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ। ਸਮਾਗਮ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦੇ ਮੈਂਬਰ ਸ। ਜੁਗਰਾਜ ਸਿੰਘ ਦੌਧਰ, ਤਰਸੇਮ ਸਿੰਘ ਬਾਸੀ ਅਤੇ ਹੋਰਨਾਂ ਦਾ ਸਿਰੋਪੇ ਦੇ ਕੇ ਸਨਮਾਨ ਵੀ ਕੀਤਾ ਗਿਆ। ਇਸ ਪ੍ਰੋਗਰਾਮ ਨੂੰ ਕਰਵਾਉਣ ਵਾਲੇ ਪ੍ਰਮੁੱਖ ਟਰੱਕ ਡਰਾਈਵਰ ਸੇਵਾਦਾਰਾਂ ਵਿੱਚ ਗੁਲਸ਼ਿੰਦਰ ਸਿੰਘ ਢਿੱਲੋਂ, ਹਰਪ੍ਰੀਤ ਸਿੱਧੂ, ਗੁਰਦੀਪ ਸਿੰਘ ਅਟਵਾਲ, ਸੁੱਖਾ ਢਿੱਲੋਂ, ਅਜੀਤ ਸਿੰਘ ਚਾਹਲ, ਜਸਪ੍ਰੀਤ ਸਿੰਘ ਬੈਸ, ਮਨਜੀਤ ਸਿੰਘ ਘੁੰਮਣ, ਮਨਜੀਤ ਸਿੰਘ ਵਿਰਕ, ਸਰਬਜੀਤ ਸਿੰਘ ਬਾਸੀ, ਗੁਰਦੀਪ ਸਿੰਘ ਨਾਹਲ, ਕਮਲਦੀਪ ਸਿੰਘ, ਗਗਨਦੀਪ ਸਿੰਘ ਆਦਿਕ ਦੇ ਨਾਂ ਸਾਮਲ ਹਨ। ਹਰ ਸਾਲ ਦੀ ਤਰ੍ਹਾਂ ਸਮਾਗਮ ਦੀ ਸੇਵਾ 'ਸਰਬੱਤ ਦੇ ਭਲੇ' ਦੀ ਅਰਦਾਸ ਕੀਤੀ ਗਈ। ਸਮੁੱਚੇ ਪ੍ਰੋਗਰਾਮ ਦੌਰਾਨ ਗੁਰੂ ਦੇ ਲੰਗਰ ਅਤੁੱਟ ਵਰਤੇ। ਇਸ ਸਮਾਗਮ ਦੌਰਾਨ ਇਲਾਕੇ ਭਰ ਤੋਂ ਸੰਗਤਾਂ ਨਤਮਸਤਕ ਹੋਈਆ।

# ਲੋਕ ਸਭਾ ਚੋਣਾਂ 'ਚ ਸਭ ਤੋਂ ਵੱਡੇ ਫਰਕ ਨਾਲ ਅੰਮ੍ਰਿਤਪਾਲ ਤੇ ਸਭ ਤੋਂ ਘੱਟ ਨਾਲ ਜਿੱਤੇ ਘੁਬਾਇਆ

**ਜਲੰਧਰ–** ਲੋਕ ਸਭਾ ਚੋਣਾਂ 2024 ਦੌਰਾਨ ਜਿੱਤ ਹਾਸਲ ਕਰਨ ਲਈ ਪੰਜਾਬ ਦੀਆਂ ਸਾਰੀਆਂ ਮੁੱਖ ਪਾਰਟੀਆਂ ਦੇ ਉਮੀਦਵਾਰਾਂ ਨੇ ਟੀਸੀ ਤੱਕ ਜ਼ੋਰ ਲਾਇਆ। ਇਨ੍ਹਾਂ ਚੋਣਾਂ ਦੌਰਾਨ ਖਡੂਰ ਸਾਹਿਬ ਤੋਂ ਚੋਣ ਪੰਥਕ ਉਮੀਦਵਾਰ ਅੰਮ੍ਰਿਤਪਾਲ ਸਿੰਘ ਨੇ 4,04,430 ਵੋਟਾਂ ਹਾਸਲ ਕਰ ਕੇ ਆਪਣੇ ਨੇੜਲੇ ਵਿਰੋਧੀ ਕਾਂਗਰਸੀ ਉਮੀਦਵਾਰ ਕੁਲਬੀਰ ਸਿੰਘ ਜ਼ੀਰਾ ਨੂੰ 1,97,120 ਵੋਟਾਂ ਦੇ ਫਰਕ ਨਾਲ ਮਾਤ ਦਿੱਤੀ। ਉਧਰ ਫਿਰੋਜ਼ਪੁਰ ਲੋਕ ਸਭਾ ਸੀਟ ਤੋਂ ਕਾਂਗਰਸੀ ਉਮੀਦਵਾਰ ਸ਼ੇਰ ਸਿੰਘ ਘੁਬਾਇਆ ਨੇ ਸਭ ਤੋਂ ਘੱਟ ਵੋਟਾਂ ਦੇ ਫਰਕ ਨਾਲ ਜਿੱਤ ਹਾਸਲ ਕੀਤੀ। ਉਨ੍ਹਾਂ 2,66,626 ਵੋਟਾਂ ਹਾਸਲ ਕਰ ਕੇ ਆਮ ਆਦਮੀ ਪਾਰਟੀ ਦੇ ਉਮੀਦਵਾਰ ਜਗਦੀਪ ਸਿੰਘ ਕਾਕਾ ਬਰਾੜ ਨੂੰ 3242 ਵੋਟਾਂ ਦੇ ਫਰਕ ਨਾਲ ਹਰਾ ਕੇ ਜਿੱਤ ਹਾਸਲ ਕੀਤੀ।

**ਪੰਜਾਬ ਵਿਚ ਭਾਜਪਾ ਤਿੰਨ ਹਲਕਿਆਂ 'ਚ ਦੂਜੇ ਅਤੇ ਛੇ ਸੀਟਾਂ 'ਤੇ ਤੀਜੇ ਸਥਾਨ 'ਤੇ ਰਹੀ**

ਪਹਿਲੀ ਵਾਰ ਪੰਜਾਬ ਵਿਚ 13 ਲੋਕ ਸਭਾ ਸੀਟਾਂ 'ਤੇ ਇਕੱਲਿਆਂ ਚੋਣ ਲੜ ਰਹੀ ਭਾਰਤੀ ਜਨਤਾ ਪਾਰਟੀ ਨੇ ਚੰਗੀ ਕਾਰਗੁਜ਼ਾਰੀ ਦਿਖਾਈ ਹੈ। ਹਾਲਾਂਕਿ ਭਾਜਪਾ ਨੇ ਕੋਈ ਸੀਟ ਨਹੀਂ ਜਿੱਤੀ ਪਰ ਗੁਰਦਾਸਪੁਰ, ਜਲੰਧਰ ਅਤੇ ਲੁਧਿਆਣਾ ਵਿਚ ਕਾਂਗਰਸੀ ਉਮੀਦਵਾਰਾਂ ਨੂੰ ਸਿੱਧੀ ਚੁਣੌਤੀ ਦਿੱਤੀ ਹੈ। ਨਤੀਜਿਆਂ ਅਨੁਸਾਰ ਭਾਜਪਾ ਛੇ ਸੀਟਾਂ 'ਤੇ ਤੀਜੇ ਨੰਬਰ 'ਤੇ ਰਹੀ। ਖਡੂਰ



ਸਾਹਿਬ ਸੀਟ ਨੂੰ ਛੱਡ ਕੇ ਕੋਈ ਵੀ ਅਜਿਹੀ ਸੀਟ ਨਹੀਂ ਜਿੱਥੇ ਭਾਜਪਾ ਨੂੰ 1 ਲੱਖ ਤੋਂ ਘੱਟ ਵੋਟਾਂ ਮਿਲੀਆਂ ਹੋਣ। ਲੁਧਿਆਣਾ ਵਿਚ ਭਾਜਪਾ ਉਮੀਦਵਾਰ ਰਵਨੀਤ ਬਿੱਟੂ ਨੂੰ ਸਭ ਤੋਂ ਵੱਧ 3,01,282 ਵੋਟਾਂ ਮਿਲੀਆਂ ਹਨ।

ਪਹਿਲੀ ਵਾਰ ਇਕੱਲੇ ਚੋਣ ਲੜ ਰਹੀ ਭਾਜਪਾ ਲਈ ਚੋਣ ਸਫ਼ਰ ਆਸਾਨ ਨਹੀਂ ਸੀ। ਭਾਜਪਾ ਉਮੀਦਵਾਰਾਂ ਨੂੰ ਸ਼ੁਰੂ ਤੋਂ ਹੀ ਕਿਸਾਨ ਜਥੇਬੰਦੀਆਂ ਦੇ ਵਿਰੋਧ ਦਾ ਸਾਹਮਣਾ ਕਰਨਾ ਪਿਆ। ਪਟਿਆਲਾ ਤੋਂ ਭਾਜਪਾ ਦੀ ਉਮੀਦਵਾਰ ਪ੍ਰਨੀਤ ਕੌਰ ਹੋਵੇ ਜਾਂ ਅੰਮ੍ਰਿਤਸਰ ਦੇ ਤਰਨਜੀਤ ਸਿੰਘ ਸੰਧੂ ਜਾਂ ਫ਼ਰੀਦਕੋਟ ਦੇ ਹੰਸਰਾਜ ਹੰਸ ਨੂੰ ਕਿਸਾਨਾਂ ਦੇ ਵਿਰੋਧ ਦਾ ਸਾਹਮਣਾ ਕਰਨਾ ਪਿਆ। ਕਿਸਾਨ ਜਥੇਬੰਦੀਆਂ ਦੇ ਵਿਰੋਧ ਕਾਰਨ ਭਾਜਪਾ ਉਮੀਦਵਾਰਾਂ ਨੂੰ ਪੇਂਡੂ ਖੇਤਰਾਂ ਵਿਚ ਚੋਣ ਪ੍ਰਚਾਰ ਕਰਨ ਦਾ ਬਹੁਤਾ ਮੌਕਾ ਵੀ ਨਹੀਂ ਮਿਲਿਆ।

ਵੋਟਾਂ ਵਾਲੇ ਦਿਨ ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਨੇ ਕਿਸਾਨ ਜਥੇਬੰਦੀਆਂ ਦੀ ਆੜ ਵਿਚ ਸ਼ਰਾਰਤੀ ਅਨਸਰਾਂ ਵੱਲੋਂ ਭਾਜਪਾ ਦੇ ਬੂਥ ਪੁੱਟ ਦੇਣ ਦਾ ਦੋਸ਼ ਲਾਇਆ ਸੀ। ਇਸ ਦੇ ਬਾਵਜੂਦ ਭਾਜਪਾ ਨੇ ਆਪਣੇ ਦਮ 'ਤੇ ਸੂਬੇ 'ਚ 25,00,877 ਵੋਟਾਂ ਹਾਸਲ ਕੀਤੀਆਂ ਹਨ। ਵੋਟਾਂ ਦੇ ਲਿਹਾਜ਼ ਨਾਲ ਭਾਜਪਾ ਆਪਣੀ ਪੁਰਾਣੀ ਗੱਠਜੋੜ ਪਾਰਟੀ ਸ਼੍ਰੋਮਣੀ ਅਕਾਲੀ ਦਲ ਤੋਂ 6,92,040 ਵੋਟਾਂ ਨਾਲ ਅੱਗੇ ਹੈ। ਜਿੱਥੇ ਅਕਾਲੀ ਦਲ ਦੇ 10 ਉਮੀਦਵਾਰਾਂ ਦੀ ਜ਼ਮਾਨਤ ਜ਼ਬਤ ਹੋ ਗਈ, ਉਥੇ ਭਾਜਪਾ ਦੇ 9 ਉਮੀਦਵਾਰ ਨਾ ਸਿਰਫ਼ ਆਪਣੀ ਜ਼ਮਾਨਤ ਬਚਾਉਣ 'ਚ ਕਾਮਯਾਬ ਰਹੇ ਸਗੋਂ ਤਿੰਨ ਸੀਟਾਂ 'ਤੇ ਜੇਤੂ ਉਮੀਦਵਾਰ ਨਾਲ ਸਿੱਧਾ ਮੁਕਾਬਲਾ ਵੀ ਸੀ ਜਦਕਿ ਭਾਜਪਾ 6 ਸੀਟਾਂ 'ਤੇ ਤੀਜੇ ਅਤੇ 1 ਸੀਟ 'ਤੇ ਚੌਥੇ ਸਥਾਨ 'ਤੇ ਰਹੀ। ਤਿੰਨ ਸੀਟਾਂ 'ਤੇ ਭਾਜਪਾ ਪੰਜਵੇਂ ਸਥਾਨ 'ਤੇ ਰਹੀ। ਖ਼ਾਸ ਗੱਲ ਇਹ ਹੈ ਕਿ ਪੰਥਕ ਸੀਟ ਕਹੀ ਜਾਂਦੀ ਖਡੂਰ ਸਾਹਿਬ ਤੋਂ ਭਾਜਪਾ ਦੇ ਮਨਜੀਤ ਸਿੰਘ ਮੰਨਾ 5ਵੇਂ ਨੰਬਰ 'ਤੇ ਰਹੇ ਜਦੋਂ ਕਿ ਅਕਾਲੀ ਦਲ ਦੇ ਵਿਰਸਾ ਸਿੰਘ ਨੂੰ ਵਲਟੋਹਾ ਮੰਨਾ ਨਾਲੋਂ ਸਿਰਫ਼ 43 ਵੋਟਾਂ ਵੱਧ ਮਿਲੀਆਂ ਹਨ। ਭਾਜਪਾ ਨੇ 2019 ਵਿਚ 9.63 ਵੋਟ ਫ਼ੀਸਦੀ ਲਏ ਸਨ। ਹਾਲਾਂਕਿ ਉਸ ਸਮੇਂ ਉਨ੍ਹਾਂ ਦਾ ਭਾਜਪਾ ਨਾਲ ਗੱਠਜੋੜ ਸੀ ਅਤੇ ਭਾਜਪਾ ਤਿੰਨ ਸੀਟਾਂ 'ਤੇ ਲੜਦੀ ਸੀ। ਇਸ ਦੇ ਮੁਕਾਬਲੇ ਇਸ ਵਾਰ ਭਾਜਪਾ ਦਾ ਵੋਟ ਸ਼ੇਅਰ 18.56 ਫੀਸਦੀ ਰਿਹਾ ਜਿਸ ਤੋਂ ਸਪੱਸ਼ਟ ਹੁੰਦਾ ਹੈ ਕਿ 2027 ਦੀਆਂ ਵਿਧਾਨ ਸਭਾ ਚੋਣਾਂ ਵਿਚ ਭਾਜਪਾ ਪੰਜਾਬ ਵਿਚ ਤੀਜਾ ਬਦਲ ਬਣਨ ਲਈ ਤਿਆਰ ਹੈ।

## ਪੰਜਾਬ ਦੇ 13 ਹਲਕਿਆਂ ਦੀ ਵੋਟ ਪ੍ਰਤੀਸਤ

| | |
|---|---|
| ਅੰਮ੍ਰਿਤਸਰ - 50.33% | ਹੁਸ਼ਿਆਰਪੁਰ - 52.39% |
| ਅਨੰਦਪੁਰ ਸਾਹਿਬ ਵਿੱਚ - 55.02% | ਜਲੰਧਰ - 53.66% |
| ਬਠਿੰਡਾ - 60.84% | ਖਡੂਰ ਸਾਹਿਬ - 56.46% |
| ਫਰੀਦਕੋਟ - 55.44% | ਲੁਧਿਆਣਾ - 52.88% |
| ਫਤਿਹਗੜ੍ਹ ਸਾਹਿਬ - 54.55% | ਪਟਿਆਲਾ - 58.23% |
| ਫ਼ਿਰੋਜ਼ਪੁਰ - 57.68% | ਸੰਗਰੂਰ - 57.21%ਪੂਰੇ ਦੇਸ਼ ਵਿੱਚ ਵੋਟ ਪ੍ਰਤੀਸ਼ਤਤਾ |
| ਗੁਰਦਾਸਪੁਰ - 58.56% | 59.45 ਫ਼ੀਸਦੀ ਰਹੀ ਹੈ। |

# ਅਮੇਠੀ ਤੋਂ ਸਮ੍ਰਿਤੀ ਇਰਾਨੀ ਨੂੰ ਹਰਾਉਣ ਵਾਲੇ ਕਿਸ਼ੋਰੀ ਲਾਲ ਸ਼ਰਮਾ ਦੇ ਪਿੰਡ ਭਵਾਨੀਪੁਰ ਬੀਤ ਵਿੱਚ ਜਸ਼ਨ ਦਾ ਮਾਹੌਲ

## ਐਡਵੋਕੇਟ ਪੰਕਜ ਕ੍ਰਿਪਾਲ ਦੀ ਅਗਵਾਈ ਹੇਠ ਲੱਡੂ ਵੰਡ ਕੇ ਖੁਸ਼ੀ ਮਨਾਈ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)–** ਪੰਡਿਤ ਕਿਸ਼ੋਰੀ ਲਾਲ ਸ਼ਰਮਾ ਦੇ ਅਮੇਠੀ ਲੋਕ ਸਭਾ ਹਲਕੇ ਤੋਂ ਸੰਸਦ ਮੈਂਬਰ



ਚੁਣੇ ਜਾਣ ਦਾ ਜਸ਼ਨ ਮਨਾਉਣ ਲਈ ਉਨ੍ਹਾਂ ਦੇ ਜੱਦੀ ਪਿੰਡ ਭਵਾਨੀਪੁਰ ਬੀਤ ਵਿਖੇ ਬਾਰ ਐਸੋਸੀਏਸ਼ਨ ਗੜ੍ਹਸ਼ੰਕਰ ਦੇ ਪ੍ਰਧਾਨ ਐਡਵੋਕੇਟ ਪੰਕਜ ਕ੍ਰਿਪਾਲ ਦੀ ਅਗਵਾਈ ਹੇਠ ਪਿੰਡ ਵਾਸੀਆਂ ਨੇ ਲੱਡੂ ਵੰਡੇ ਤੇ ਖੁਸ਼ੀ ਪ੍ਰਗਟ ਕੀਤੀ। ਇਸ ਮੌਕੇ ਐਡ-ਵੋਕੇਟ ਪੰਕਜ ਕਿਰਪਾਲ ਨੇ ਕਿਹਾ ਕਿ ਪੰਡਿਤ ਕਿਸ਼ੋਰੀ ਲਾਲ ਸ਼ਰਮਾ ਦੀ ਜਿੱਤ ਕਾਰਨ ਪੂਰੇ ਗੜ੍ਹਸ਼ੰਕਰ ਇਲਾਕੇ ਵਿੱਚ ਖੁਸ਼ੀ ਦੀ ਲਹਿਰ ਹੈ। ਉਨ੍ਹਾਂ ਕਿਹਾ ਕਿ ਪੰਡਿਤ ਕਿਸ਼ੋਰੀ ਲਾਲ ਸ਼ਰਮਾ ਨੇ ਅਮੇਠੀ ਸੀਟ ਤੋਂ ਭਾਰੀ ਬਹੁਮਤ ਨਾਲ ਜਿੱਤ ਕੇ ਗਾਂਧੀ ਪਰਿਵਾਰ ਦਾ ਮਾਣ ਵਧਾਇਆ ਹੈ। ਉਨ੍ਹਾਂ ਦੱਸਿਆ ਕਿ ਜਲਦੀ ਹੀ ਭਵਾਨੀਪੁਰ ਬੀਤ ਵਿਖੇ ਪੰਡਿਤ ਕਿਸ਼ੋਰੀ ਲਾਲ ਸ਼ਰਮਾ ਦੇ ਸਨਮਾਨ ਵਿੱਚ ਸਮਾਗਮ ਕਰਵਾਇਆ ਜਾਵੇਗਾ। ਇਸ ਮੌਕੇ ਮਨਜੀਤ ਸਿੰਘ, ਸਰਪੰਚ ਹਰਜਿੰਦਰ ਸਿੰਘ, ਡਾ।ਜਸਵਿੰਦਰ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਹਾਜ਼ਰ ਸਨ।


## "ਦੇਸ਼ ਦੁਆਬਾ"

### ਹਫਤਾਵਾਰੀ ਅਖਬਾਰ

**ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?**
**ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?**
**ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।**

### ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

**E-mail : deshdoaba@yahoo.com**

**(ਸੰਪਰਕ) 1-916-947-8920,**
**(ਫੈਕਸ) 1-916-238-1393**

**www.deshdoaba.com**
**www.ambedkartimes.com**

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਸ. ਕਮਲਜੀਤ ਸਿੰਘ ਜਗਤ ਸਟੂਡੀਓ ਵਾਲੇ ਨਹੀਂ ਰਹੇ, ਅੰਤਿਮ ਸੰਸਕਾਰ ਨਿਊਯਾਰਕ 'ਚ ਵੀਰਵਾਰ 6 ਜੂਨ ਨੂੰ



**ਸੈਕਰਾਮੈਂਟੋ (ਹੁਸਨ ਲੜੋਆ ਬੰਗਾ)–** ਕਰੀਬ 50 ਸਾਲ ਤੋਂ ਜਗਤ ਸਟੂਡੀਓ ਰਾਹੀਂ ਸੇਵਾਵਾਂ ਦੇ ਰਹੇ ਪਰਿਵਾਰ ਦੇ ਵੱਡੇ ਜੀਅ ਸ।ਕਮਲਜੀਤ ਸਿੰਘ ਜੀ 23 ਮਈ 2024 ਨੂੰ ਸਦੀਵੀ ਵਿਛੋੜਾ ਦੇ ਗਏ ਹਨ, ਉਹ ਜਗਤ ਸਟੂਡੀਓ ਅੱਪਰਾ ਤੇ ਬੰਗਿਆਂ ਦੇ ਮਾਲਕ ਸਨ ਤੇ ਜਿਨਾਂ ਦਾ ਸਥਾਨਕ ਲੋਕਾਂ ਵਿੱਚ ਬਹੁਤ ਸਤਿਕਾਰ ਸੀ ਤੇ ਦੇਸ਼ ਵਿਦੇਸ਼ਾਂ ਵਿੱਚ ਉਨਾਂ ਦੇ ਜਾਨਣ ਵਾਲਿਆਂ ਸੱਜਣਾ ਮਿਤਰਾਂ ਨੇ ਗਹਿਰੇ ਦੁੱਖ ਦਾ ਇਜਹਾਰ ਕੀਤਾ, ਸ।ਕਮਲਜੀਤ ਸਿੰਘ ਅੱਜ ਕੱਲ੍ਹ ਅਮਰੀਕਾ ਨਿਊਯਾਰਕ ਆਪਣੇ ਪਰਿਵਾਰ ਨਾਲ ਰਹਿੰਦੇ ਸਨ। ਅਮਰੀਕਾ ਰਹਿੰਦੇ ਉਨਾਂ ਦੇ ਭਰਾ ਹਰਪਾਲ ਪਾਲੀ ਜੋ ਅਮਰੀਕਾ ਚ ਵੀ ਜਗਤ ਸੂਟੂਡੀਓ ਦੇ ਮਾਲਕ ਨੇ ਦੱਸਿਆ ਕਿ ਭਾਵੇਂ ਉਹ ਨੁਮਾਰਦ ਬਿਮਾਰੀ ਤੋਂ ਪੀੜਤ ਸਨ ਪਰ ਠੀਕ ਹੋ ਗਏ ਸਨ ਤੇ ਫਿਰ ਅਚਾਨਕ ਚਲ ਵਸੇ ਉਨਾਂ ਦੱਸਿਆ ਕਿ ਉਨਾਂ ਦਾ ਸੰਸਕਾਰ ਵੀਰਵਾਰ 6 ਜੂਨ 2024 ਨੂੰ 10 ਤੋਂ 12 ਵਜੇ ਤੱਕ ਫਿਉਨਰਲ ਹੋਮ 132 ਰੋਨਕੌਨਕੋਮਾ ਐਵੀਨਿਊ, ਲੇਕ ਰੋਨਕੌਨਕੋਮਾ, ਨਿਉਯਾਰਕ 11779 ਤੇ ਹੋਵੇਗਾ ਜੀ ਅਤੇ ਉਸ ਤੋਂ ਬਾਆਦ ਗੁਰੂਦੁਆਰਾ ਸਾਹਿਬ ਗੁਰੂ ਨਾਨਕ ਦਰਬਾਰ, ਲੋਂਗ ਆਇਲੈਂਡ, 11 ਸਾਉਥ ਬਰੋਡਵੇ, ਹਿੱਕਸਵਿਲ ਨਿਉਯਾਰਕ 11801 ਵਿਖੇ ਅੰਤਿਮ ਅਰਦਾਸ 1 ਤੋਂ 3 ਵਜੇ ਤੱਕ ਹੋਵੇਗੀ। ਉਨਾਂ ਨਾਲ ਅਫਸੋਸ ਕਰਨ ਲਈ ਫੋਨ +18179959230 ਵਟਸਐਪ +919814023521ਤੇ ਸੰਪਰਕ ਕਰ ਸਕਦੇ ਹੋ।

# ਸਰਕਾਰ ਬਣਾਉਣ ਲਈ ਸਹੀ ਸਮੇਂ ਦੀ ਕੀਤੀ ਜਾਵੇਗੀ ਉਡੀਕ- ਖੜਗੇ

**ਨਵੀਂ ਦਿੱਲੀ–** ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਕਿਹਾ ਹੈ ਕਿ 'ਇੰਡੀਆ' ਗੱਠਜੋੜ 'ਚ ਉਨ੍ਹਾਂ ਸਾਰੀਆਂ ਪਾਰਟੀਆਂ ਦਾ ਸਵਾਗਤ ਹੈ ਜੋ ਸੰਵਿਧਾਨ ਦੀ ਪ੍ਰਸਤਾਵਨਾ 'ਚ ਵਿਸ਼ਵਾਸ ਰੱਖਦੀਆਂ ਹਨ ਅਤੇ ਇਸ ਦੇ ਆਰਥਿਕ, ਸਮਾਜਿਕ ਅਤੇ ਸਿਆਸੀ ਨਿਆਂ ਦੇ ਉਦੇਸ਼ਾਂ ਨੂੰ ਲੈ ਕੇ ਵਚਨਬੱਧ ਹਨ। ਲੋਕ ਸਭਾ ਚੋਣਾਂ 'ਚ ਵਧੀਆ ਕਾਰਗੁਜ਼ਾਰੀ ਦਿਖਾਉਣ ਮਗਰੋਂ 'ਇੰਡੀਆ' ਗੱਠਜੋੜ ਦੀ ਅੱਜ ਇਥੇ ਪਹਿਲੀ ਮੀਟਿੰਗ ਹੋਈ ਤਾਂ ਜੋ ਸਰਕਾਰ ਬਣਾਉਣ ਬਾਰੇ ਵਿਚਾਰ ਵਟਾਂਦਰਾ ਕੀਤਾ ਜਾ ਸਕੇ। ਖੜਗੇ ਨੇ



ਕਿਹਾ ਕਿ ਲੋਕ ਸਭਾ ਚੋਣਾਂ ਦਾ ਫ਼ਤਵਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਖ਼ਿਲਾਫ਼ ਹੈ ਪਰ ਉਹ ਇਸ ਨੂੰ ਨਕਾਰਨ ਦੀ ਹਰ ਸੰਭਵ ਕੋਸ਼ਿਸ਼ ਕਰਨਗੇ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਖੜਗੇ ਨੇ ਕਿਹਾ ਕਿ 'ਇੰਡੀਆ' ਗੱਠਜੋੜ ਸਰਕਾਰ ਬਣਾਉਣ ਦੀਆਂ ਕੋਸ਼ਿਸ਼ਾਂ ਨਹੀਂ ਕਰੇਗਾ ਅਤੇ ਉਸ ਵੱਲੋਂ ਸਹੀ ਸਮੇਂ ਦੀ ਉਡੀਕ ਕੀਤੀ ਜਾਵੇਗੀ ਤਾਂ ਜੋ ਲੋਕਾਂ ਦੀ ਇੱਛਾ ਨੂੰ ਪੂਰਾ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ 'ਇੰਡੀਆ' ਗੱਠਜੋੜ ਮੋਦੀ ਦੀ ਅਗਵਾਈ ਹੇਠਲੀ ਭਾਜਪਾ ਦੇ ਫਾਸ਼ੀਵਾਦ ਰਾਜ ਖ਼ਿਲਾਫ਼ ਲੜਾਈ ਜਾਰੀ ਰਖੇਗਾ।

# ਅਮਰੀਕਾ ਦੇ ਅਕਰੋਨ ਸ਼ਹਿਰ ਵਿਚ ਅੰਧਾਧੁੰਦ ਗੋਲੀਬਾਰੀ ਵਿਚ ਇਕ ਦੀ ਮੌਤ ਤੇ 24 ਹੋਰ ਜ਼ਖਮੀ

**ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਅਮਰੀਕਾ ਦੇ ਓਹੀਓ ਰਾਜ ਦੇ ਸ਼ਹਿਰ ਅਕਰੋਨ ਵਿਚ ਤੜਕਸਾਰ ਅੰਧਾਧੁੰਦ ਗੋਲੀਬਾਰੀ ਹੋਣ ਦੀ ਖਬਰ ਹੈ ਜਿਸ ਵਿਚ ਇਕ ਵਿਅਕਤੀ ਦੇ ਮੌਤ ਹੋ ਜਾਣ ਤੇ 24 ਹੋਰ ਜ਼ਖਮੀ ਹੋ ਜਾਣ ਦੀ ਖਬਰ ਹੈ। ਸ਼ਹਿਰ ਦੇ ਮੇਅਰ ਤੇ ਪੁਲਿਸ ਮੁੱਖੀ ਵੱਲੋਂ ਜਾਰੀ ਬਿਆਨ ਵਿਚ ਕਿਹਾ ਗਿਆ ਹੈ ਕਿ ਅੱਧੀ ਰਾਤ ਬਾਅਦ ਕੈਲੀ ਐਵਨਿਊ ਤੇ ਏਟਥ ਐਵਨਿਊ ਵਿਖੇ ਹੋਈ ਗੋਲੀਬਾਰੀ ਵਿਚ ਕਈ ਲੋਕਾਂ ਦੇ ਜ਼ਖਮੀ ਹੋਣ ਦੀ ਸੂਚਨਾ ਮਿਲਣ 'ਤੇ ਪੁਲਿਸ ਅਫਸਰ ਮੌਕੇ 'ਤੇ ਪੁੱਜੇ। ਪੁਲਿਸ ਅਨੁਸਾਰ ਇਸ ਘਟਨਾ ਵਿਚ ਕੁਲ 25 ਵਿਅਕਤੀ ਗੋਲੀਆਂ ਵੱਜਣ ਕਾਰਨ ਜ਼ਖਮੀ ਹੋਏ ਹਨ ਜਿਨਾਂ ਵਿਚੋਂ ਇਕ ਦੀ ਮੌਤ ਹੋ ਗਈ ਹੈ। ਜ਼ਖਮੀਆਂ ਵਿਚੋਂ ਇਕ ਦੀ ਹਾਲਤ ਗੰਭੀਰ ਹੈ। ਮੇਅਰ ਸ਼ਮਾਸ ਮਲਿਕ ਤੇ ਪੁਲਿਸ ਮੁੱਖੀ ਬਰੀਅਨ ਹਾਰਡਿੰਗ ਨੇ ਕਿਹਾ ਹੈ ਕਿ ਘਟਨਾ ਲਈ ਜਿੰਮੇਵਾਰ ਲੋਕਾਂ ਨੂੰ ਬਖਸ਼ਿਆ ਨਹੀਂ ਜਾਵੇਗਾ। ਉਨਾਂ ਨੇ ਆਮ ਲੋਕਾਂ ਨੂੰ ਕਿਹਾ ਹੈ ਕਿ ਜੇਕਰ ਕਿਸੇ ਕੋਲ ਘਟਨਾ ਸਬੰਧੀ ਕੋਈ ਜਾਣਕ-ਾਰੀ ਹੈ ਤਾਂ ਉਹ ਪੁਲਿਸ ਨਾਲ ਸੰਪਰਕ ਕਰੇ ਤਾਂ ਜੋ ਭਵਿੱਖ ਵਿਚ ਅਜਿਹੀਆਂ ਹੋਰ ਘਟਨਾਵਾਂ ਨੂੰ ਰੋਕਿਆ ਜਾ ਸਕੇ। ਅਧਿਕਾਰੀਆਂ ਨੇ ਕਿਹਾ ਹੈ ਕਿ ਘਟਨਾ ਦੀ ਜਾਂਚ ਜਾਰੀ ਹੈ ਤੇ ਅਜੇ ਇਸ ਸਬੰਧੀ ਕੋਈ ਸੂਹ ਜਾਂ ਜਾਣਕਾਰੀ ਨਹੀਂ ਮਿਲੀ ਹੈ।



# ਕੈਲੀਫੋਰਨੀਆ ਵਿਚ ਭੂਚਾਲ ਦੇ ਝਟਕੇ, ਘੱਟ ਤੀਬਰਤਾ ਕਾਰਨ ਜਾਨੀ ਤੇ ਮਾਲੀ ਨੁਕਸਾਨ ਤੋਂ ਰਿਹਾ ਬਚਾਅ

**ਸੈਕਰਾਮੈਂਟੋ (ਹੁਸਨ ਲੜੋਆ ਬੰਗਾ)–** ਕੈਲੀਫੋਰਨੀਆ ਵਿਚ ਲੰਘੀ ਸਵੇਰ ਨੂੰ ਭੂਚਾਲ ਦੇ ਵਾਰ ਵਾਰ ਝਟਕੇ ਲੱਗੇ। ਹਾਲਾਂ ਕਿ ਭੂਚਾਲ ਦੀ ਤੀਬਰਤਾ ਘੱਟ ਹੋਣ ਕਾਰਨ ਜਾਨੀ ਤੇ ਮਾਲੀ ਨੁਕਸਾਨ ਹੋਣ ਦੀ ਕੋਈ ਰਿਪੋਰਟ ਨਹੀਂ ਹੈ। ਯੂ ਐਸ ਜੀਆਲੋਜੀਕਲ ਸਰਵੇ ਨੇ ਭੂਚਾਲ ਆਉਣ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਅਲੂਮ ਰਾਕ, ਕੈਲੀਫੋਰਨੀਆ ਵਿਚ ਸਥਾਨਕ ਸਮੇ ਅਨੁਸਾਰ 3।35 ਵਜੇ ਤੜਕਸਾਰ ਭੂਚਾਲ ਆਇਆ ਜਿਸ ਦੀ ਤੀਬਰਤਾ 3.4 ਮਾਪੀ ਗਈ। ਇਸ ਦੇ ਤਕਰੀਬਨ 2 ਘੰਟੇ ਬਾਅਦ 5।56 ਵਜੇ ਦੱਖਣੀ ਪਾਸਾਡੇਨਾ ਵਿਚ ਇਕ ਹੋਰ ਭੂਚਾਲ ਆਇਆ ਜਿਸ ਦੀ ਤੀਬਰਤਾ ਵੀ 3.4 ਸੀ. ਯੂ ਐਸ ਜੀਆਲੋਜੀਕਲ ਸਰਵੇ ਅਨੁਸਾਰ ਇਸ ਉਪਰੰਤ ਕੈਲੀਫੋਰਨੀਆ ਦੇ ਹੋਰ ਸ਼ਹਿਰਾਂ ਵਿਚ ਵੀ ਭੂਚਾਲ ਦੇ ਝਟਕੇ ਮਹਿਸੂਸ ਕੀਤੇ ਗਏ। ਓਹੀਓ ਰਾਜ ਵਿਚ ਹਫਤੇ ਦੇ ਅੰਤ ਵਿੱਚ ਸ਼ਨੀਵਾਰ ਨੂੰ ਭੂਚਾਲ ਦੇ ਝਟਕੇ ਮਹਿਸੂਸ ਕੀਤੇ ਗਏ ਸਨ। ਕਲੀਵਲੈਂਡ ਦੇ ਉੱਤਰ ਪੂਰਬ ਵਿਚ ਲੇਕ ਕਾਊਂਟੀ ਵਿਚ ਮੈਡੀਸਨ ਦੇ ਬਾਹਰੀ ਖੇਤਰ ਵਿਚ ਸ਼ਨੀਵਾਰ ਨੂੰ ਸਥਾਨਕ ਸਮੇ ਅਨੁਸਾਰ 6 ਵਜੇ ਸਵੇਰੇ ਭੂਚਾਲ ਆਇਆ। ਭੂਚਾਲ ਕਾਰਨ ਮਕਾਨਾਂ ਜਾਂ ਹੋਰ ਇਮਾਰਤਾਂ ਨੂੰ ਕੋਈ ਨੁਕਸਾਨ ਨਹੀਂ ਪੁੱਜਾ ਪਰੰਤੂ ਲੋਕਾਂ ਨੇ ਆਪਣੇ ਘਰਾਂ ਵਿਚ ਝਟਕੇ ਮਹਿਸੂਸ ਕਰਨ ਦੀ ਪੁਸ਼ਟੀ ਕੀਤੀ ਹੈ।


CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

AAA Truck Wash, Tire, and Lube



- We Carry New and Used Tires All Major Brands
- Smart Way Tires Available
- Used Tires Start From & 135
- Old Change $ 189 + Tax
- We also do truck and car washing and waxing
- Friendly and Professional Staff
- We offer truck and car detailing

AAA TRUCKWASH Sign of Excellence

ਪੰਜਾਬੀ ਭਰਾਵਾਂ ਲਈ ਸੇਲ

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149

ਚਾਈਨੀਜ਼ 749 (ਦੋ ਟਾਇਰ) $749



Call:

530-824-5134

ਪੁਰਾਣੇ ਟਾਇਰਾਂ ਦੀ ਸੇਲ

ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

NEW & USED TIRES

WASH, LUBE, BRAKES

Call:

650-642-0697

3525 Highway 99, West Corning, CA 96021

Across the Street from TA Truck Stop

# ‘ਧਰਤੀ ਦਾ ਘੜਾ’ ਤਪਦੀ ਗਰਮੀ ਵਿੱਚ ਠੰਢਕ ਪ੍ਰਦਾਨ ਕਰਦਾ ਹੈ


ਪ੍ਰਿਅੰਕਾ ਸੌਰਭ

ਅੱਜ ਵੀ ਗਰਮੀ ਦੇ ਮੌਸਮ 'ਚ ਕਈ ਘਰਾਂ 'ਚ ਮਿੱਟੀ ਦੇ ਬਣੇ ਘੜੇ ਦੇਖਣ ਨੂੰ ਮਿਲਦੇ ਹਨ। ਭਾਰਤ ਵਿੱਚ ਘੜੇ ਵਿੱਚ ਪਾਣੀ ਰੱਖਣ ਦੀ ਪਰੰਪਰਾ ਬਹੁਤ ਪੁਰਾਣੀ ਹੈ। ਕਈ ਤਰ੍ਹਾਂ ਦੇ ਵਾਟਰ ਪਿਊਰੀਫਾਇਰ ਅਤੇ ਕੰਟੇਨਰਾਂ ਦੇ ਆਉਣ ਤੋਂ ਬਾਅਦ ਵੀ ਲੋਕ ਆਪਣੇ ਘਰਾਂ ਵਿੱਚ ਮਿੱਟੀ ਦੇ ਬਰਤਨ ਰੱਖਦੇ ਹਨ। ਮਿੱਟੀ ਕਈ ਤਰ੍ਹਾਂ ਦੀਆਂ ਬਿਮਾਰੀਆਂ ਨਾਲ ਲੜਨ ਦੀ ਸਮਰੱਥਾ ਰੱਖਦੀ ਹੈ। ਇਸ ਵਿਚ ਫਾਇਦੇਮੰਦ ਖਣਿਜ ਹੁੰਦੇ ਹਨ ਜੋ ਸਰੀਰ ਨੂੰ ਜ਼ਹਿਰੀਲੇ ਤੱਤਾਂ ਤੋਂ ਮੁਕਤ ਕਰਦੇ ਹਨ। ਮਿੱਟੀ ਦੇ ਘੜੇ ਵਿੱਚ ਪਾਣੀ ਰੱਖਣ ਨਾਲ ਧਰਤੀ ਦੀ ਮਿੱਠੀ ਮਹਿਕ ਪਾਣੀ ਵਿੱਚ ਸਮਾ ਗਈ। ਜਦੋਂ ਅਸੀਂ ਇਹ ਪਾਣੀ ਪੀਤਾ, ਤਾਂ ਅਸੀਂ ਨਾ ਸਿਰਫ਼ ਆਪਣੀ ਪਿਆਸ ਬੁਝਾਈ, ਸਗੋਂ ਸੰਤੁਸ਼ਟੀ ਵੀ ਪ੍ਰਾਪਤ ਕੀਤੀ, ਜਦੋਂ ਕਿ ਫਰਿੱਜ ਦਾ ਪਾਣੀ ਪੀਣ ਨਾਲ ਨਾ ਤਾਂ ਸਾਡੀ ਪਿਆਸ ਬੁਝੀ ਅਤੇ ਨਾ ਹੀ ਸਾਨੂੰ ਸੰਤੁਸ਼ਟੀ ਮਿਲੀ। ਮਿੱਟੀ ਦਾ ਘੜਾ ਹਰ ਸਾਲ ਬਦਲਿਆ ਜਾਂਦਾ ਸੀ ਅਤੇ ਕਈ ਵਾਰੀ ਇੱਕ ਸੀਜ਼ਨ ਵਿੱਚ ਦੋ-ਤਿੰਨ ਘਰਾਂ ਦੀ ਲੋੜ ਪੈਂਦੀ ਸੀ। ਅਜਿਹੇ ਵਿੱਚ ਘੁਮਿਆਰ ਭਰਾਵਾਂ ਨੂੰ ਸਾਲ ਭਰ ਰੁਜ਼ਗਾਰ ਮਿਲਿਆ। ਅੱਜ ਹਰ ਘਰ ਵਿੱਚ ਫਰਿੱਜ ਆਉਣ ਨਾਲ ਇਹ ਕਾਰੋਬਾਰ ਪੂਰੀ ਤਰ੍ਹਾਂ ਤਬਾਹ ਹੋ ਗਿਆ ਹੈ। ਮਿੱਟੀ ਦੇ ਬਰਤਨ ਖਰੀਦਣ ਦੇ ਦੋਹਰੇ ਫਾਇਦੇ ਹਨ। ਇਸ ਲਈ, ਅੱਜ ਹੀ ਆਪਣੇ ਘਰ ਵਿੱਚ ਇੱਕ ਸੁੰਦਰ ਘੜਾ ਲਿਆਓ ਅਤੇ ਸਿਹਤਮੰਦ ਰਹੋ।

ਮੈਨੂੰ ਯਾਦ ਹੈ 20-25 ਸਾਲ ਪਹਿਲਾਂ, ਜਦੋਂ ਅਸੀਂ ਛੋਟੇ ਹੁੰਦੇ ਸੀ, ਲਗਭਗ ਪੰਜ-ਸੱਤ ਸਾਲ ਦੀ ਉਮਰ ਵਿੱਚ, ਘਰਾਂ ਵਿੱਚ ਫਰਿੱਜ ਬਹੁਤ ਘੱਟ ਚੀਜ਼ ਸੀ। ਜਿਸ ਦੇ ਘਰ ਫਰਿੱਜ ਹੋਵੇ ਅਸੀਂ ਉਸ ਨੂੰ ਬਹੁਤ ਅਮੀਰ ਆਦਮੀ ਸਮਝਦੇ ਸੀ। ਸਾਡੇ ਘਰ ਕੋਈ ਫਰਿੱਜ ਨਹੀਂ ਸੀ ਇਸ ਲਈ ਸਾਨੂੰ ਲੱਗਾ ਕਿ ਅਸੀਂ ਬਹੁਤ ਗਰੀਬ ਹਾਂ। ਉਸ ਸਮੇਂ, ਸਾਰਾ ਇਲਾਕਾ ਫਰਿੱਜ ਤੋਂ ਆਈਸਕ੍ਰੀਮ ਖਾਣ ਲਈ ਇੱਕ ਪਰਿਵਾਰ 'ਤੇ ਨਿਰਭਰ ਕਰਦਾ ਸੀ। ਪਰ ਲਗਭਗ ਸਾਰੇ ਘਰਾਂ ਵਿੱਚ ਠੰਡਾ ਪਾਣੀ ਪੀਣ ਲਈ ਘੜੇ ਪਏ ਹੁੰਦੇ ਸਨ। ਅਤੇ ਅੱਜ ਜਦੋਂ ਲਗਭਗ ਸਾਰੇ ਘਰਾਂ ਵਿੱਚ ਫਰਿੱਜ ਹੈ, ਮੈਨੂੰ ਉਹ ਦਿਨ ਯਾਦ ਹਨ ਜਦੋਂ ਅਸੀਂ ਛੱਤ 'ਤੇ ਸੌਂਦੇ ਸੀ ਅਤੇ ਆਪਣੇ ਨਾਲ ਇੱਕ ਛੋਟਾ ਜਿਹਾ ਜੱਗ ਵੀ ਲੈ ਜਾਂਦੇ ਸੀ ਤਾਂ ਜੋ ਰਾਤ ਨੂੰ ਪਾਣੀ ਪੀਣ ਦੀ ਜ਼ਰੂਰਤ ਹੋਏ ਤਾਂ ਅਸੀਂ ਉਸ ਜੱਗ ਵਿੱਚੋਂ ਕੱਢ ਸਕੀਏ। ਪੀ ਸਕਦਾ ਹੈ।

ਗਰਮੀਆਂ ਵਿੱਚ ਫਰਿੱਜ ਦਾ ਪਾਣੀ ਪੀਣਾ ਹਰ ਕੋਈ ਪਸੰਦ ਕਰਦਾ ਹੈ। ਪਰ ਫਰਿੱਜ ਦਾ ਪਾਣੀ ਪੀਣ ਨਾਲ ਸਾਨੂੰ ਕੁਝ ਸਮੇਂ ਲਈ ਠੰਡਕ ਮਿਲਦੀ ਹੈ ਪਰ ਬਾਅਦ ਵਿਚ ਸਾਨੂੰ ਬਹੁਤ ਜਲਦੀ ਪਿਆਸ ਲਗਦੀ ਹੈ ਅਤੇ ਇਹ ਗਰਮੀ ਵੀ ਪ੍ਰਦਾਨ ਕਰਦਾ ਹੈ। ਪਰ ਪਿਆਸ ਬੁਝਾਉਣ ਵਾਲੇ ਘੜੇ ਦੇ ਪਾਣੀ ਦੀ ਤੁਲਨਾ ਫਰਿੱਜ ਦੇ ਪਾਣੀ ਨਾਲ ਨਹੀਂ ਕੀਤੀ ਜਾ ਸਕਦੀ। ਘੜੇ ਦਾ ਪਾਣੀ ਜਿੱਥੇ ਕਈ ਬਿਮਾਰੀਆਂ ਨੂੰ ਠੀਕ ਕਰਦਾ ਹੈ ਉੱਥੇ ਹੀ ਫਰਿੱਜ ਦਾ ਪਾਣੀ ਕਈ ਬਿਮਾਰੀਆਂ ਨੂੰ ਜਨਮ ਦਿੰਦਾ ਹੈ। ਘੜਾ ਸ਼ੁੱਧ ਮਿੱਟੀ ਦਾ ਬਣਿਆ ਹੁੰਦਾ ਹੈ। ਇਸ ਲਈ ਘੜੇ ਦਾ ਪਾਣੀ ਸਿਹਤ ਲਈ ਬਹੁਤ ਚੰਗਾ ਹੁੰਦਾ ਹੈ। ਘੜੇ ਦਾ ਪਾਣੀ ਪੀਣ ਨਾਲ ਲੰਬੇ ਸਮੇਂ ਤੱਕ ਪਿਆਸ ਨਹੀਂ ਲਗਦੀ ਜਦੋਂ ਕਿ ਫਰਿੱਜ ਦਾ ਪਾਣੀ ਪੀਣ ਨਾਲ ਉਸੇ ਸਮੇਂ ਪਾਣੀ ਪੀਣ ਦਾ ਅਹਿਸਾਸ ਹੁੰਦਾ ਹੈ। ਫਰਿੱਜ ਦਾ ਪਾਣੀ ਚਾਹੇ ਕਿੰਨੀ ਵਾਰ ਪੀ ਲਓ, ਤੁਹਾਡੀ ਪਿਆਸ ਨਹੀਂ ਬੁਝਦੀ। ਘੜੇ ਦਾ ਪਾਣੀ ਪੀਣ ਨਾਲ ਸਾਡੀ ਇਮਿਊਨਿਟੀ ਵੀ ਵਧਦੀ ਹੈ। ਘੜੇ ਦਾ ਪਾਣੀ ਪੀਣ ਨਾਲ ਪੇਟ ਵਿਚ ਗੈਸ ਬਣਨ ਤੋਂ ਰੋਕਦਾ ਹੈ ਅਤੇ ਪਾਚਨ ਸੰਬੰਧੀ ਸਮੱਸਿਆਵਾਂ ਵੀ ਦੂਰ ਹੁੰਦੀਆਂ ਹਨ। ਸਭ ਤੋਂ ਵੱਡੀ ਗੱਲ ਇਹ ਹੈ ਕਿ ਮਟਕੇ ਦਾ ਪਾਣੀ ਪੀਣ ਨਾਲ ਸਾਡੇ ਮਟਕਾ ਬਣਾਉਣ ਵਾਲੇ ਭਰਾਵਾਂ ਨੂੰ ਰੁਜ਼ਗਾਰ ਮਿਲਦਾ ਹੈ।

ਮਿੱਟੀ ਦੇ ਘੜੇ ਵਿੱਚ ਪਾਣੀ ਬਾਹਰਲੇ ਤਾਪਮਾਨ ਦੇ ਹਿਸਾਬ ਨਾਲ ਠੰਡਾ ਰਹਿੰਦਾ ਹੈ। ਜੇਕਰ ਬਾਹਰ ਦਾ ਤਾਪਮਾਨ ਬਹੁਤ ਗਰਮ ਹੈ ਤਾਂ ਮਿੱਟੀ ਦੇ ਘੜੇ ਦਾ ਪਾਣੀ ਠੰਡਾ ਹੋਵੇਗਾ ਅਤੇ ਜੇਕਰ ਬਾਹਰ ਦਾ ਤਾਪਮਾਨ ਥੋੜ੍ਹਾ ਘੱਟ ਗਰਮ ਹੈ ਤਾਂ ਪਾਣੀ ਵੀ ਘੱਟ ਗਰਮ ਹੋਵੇਗਾ। ਅਜਿਹੀ ਸਥਿਤੀ ਵਿੱਚ ਮਿੱਟੀ ਦੇ ਭਾਂਡੇ ਵਿੱਚ ਰੱਖਿਆ ਪਾਣੀ ਸਰੀਰ ਦੇ ਤਾਪਮਾਨ ਦੇ ਹਿਸਾਬ ਨਾਲ ਹਮੇਸ਼ਾ ਠੰਡਾ ਰਹਿੰਦਾ ਹੈ ਅਤੇ ਇਹੀ ਕਾਰਨ ਹੈ ਕਿ ਮਿੱਟੀ ਦੇ ਭਾਂਡੇ ਦਾ ਠੰਡਾ ਪਾਣੀ ਕਦੇ ਵੀ ਕੋਈ ਨੁਕਸਾਨ ਨਹੀਂ ਪਹੁੰਚਾਉਂਦਾ ਜਦੋਂ ਕਿ ਫਰਿੱਜ ਵਿੱਚੋਂ ਕੱਢਿਆ ਪਾਣੀ ਪੀਣ ਨਾਲ ਠੰਡ ਅਤੇ ਠੰਡ ਦਾ ਖ਼ਤਰਾ ਵੱਧ ਜਾਂਦਾ ਹੈ। ਖੰਘ ਮਿੱਟੀ ਦੇ ਘੜੇ ਵਿੱਚ ਪਾਣੀ ਰੱਖਣ ਨਾਲ ਮਿੱਟੀ ਵਿੱਚ ਮੌਜੂਦ ਬਹੁਤ ਸਾਰੇ ਖਣਿਜ ਉਸ ਪਾਣੀ ਵਿੱਚ ਮਿਲ ਜਾਂਦੇ ਹਨ ਅਤੇ ਜਦੋਂ ਅਸੀਂ ਉਸ ਪਾਣੀ ਨੂੰ ਪੀਂਦੇ ਹਾਂ ਤਾਂ ਉਹ ਖਣਿਜ ਤੱਤ ਸਾਡੇ ਸਰੀਰ ਵਿੱਚ ਪਹੁੰਚ ਕੇ ਸਾਡੇ ਸਰੀਰ ਨੂੰ ਪੋਸ਼ਣ ਦਿੰਦੇ ਹਨ। ਜਿਵੇਂ ਕਿ ਅਸੀਂ ਜਾਣਦੇ ਹਾਂ ਕਿ ਮਿੱਟੀ ਵਿੱਚ ਲਗਭਗ 80 ਕਿਸਮ ਦੇ ਖਣਿਜ ਤੱਤ ਵੱਖ-ਵੱਖ ਮਾਤਰਾ ਵਿੱਚ ਮੌਜੂਦ ਹੁੰਦੇ ਹਨ। ਇਨ੍ਹਾਂ 'ਚੋਂ ਕਈ ਤੱਤ ਸਾਡੇ ਸਰੀਰ ਲਈ ਬਹੁਤ ਫਾਇਦੇਮੰਦ ਹੁੰਦੇ ਹਨ। ਅੱਜ ਲੋਕ ਫਰਿੱਜ ਦਾ ਪਾਣੀ ਪੀ ਰਹੇ ਹਨ ਪਰ ਮਿਨਰਲ ਸਪਲੀਮੈਂਟ ਵੀ ਲੈ ਰਹੇ ਹਨ। ਜਦੋਂ ਕਿ ਪਹਿਲਾਂ ਕਿਸੇ ਨੂੰ ਖਣਿਜ ਸਪਲੀਮੈਂਟ ਲੈਣ ਦੀ ਲੋੜ ਨਹੀਂ ਸੀ।

ਮਿੱਟੀ ਦੇ ਘੜੇ ਵਿੱਚ ਪਾਣੀ ਰੱਖਣ ਨਾਲ ਧਰਤੀ ਦੀ ਮਿੱਠੀ ਮਹਿਕ ਪਾਣੀ ਵਿੱਚ ਸਮਾ ਗਈ। ਜਦੋਂ ਅਸੀਂ ਇਹ ਪਾਣੀ ਪੀਤਾ, ਤਾਂ ਅਸੀਂ ਨਾ ਸਿਰਫ਼ ਆਪਣੀ ਪਿਆਸ ਬੁਝਾਈ, ਸਗੋਂ ਸੰਤੁਸ਼ਟੀ ਵੀ ਪ੍ਰਾਪਤ ਕੀਤੀ, ਜਦੋਂ ਕਿ ਫਰਿੱਜ ਦਾ ਪਾਣੀ ਪੀਣ ਨਾਲ ਨਾ ਤਾਂ ਸਾਡੀ ਪਿਆਸ ਬੁਝੀ ਅਤੇ ਨਾ ਹੀ ਸਾਨੂੰ ਸੰਤੁਸ਼ਟੀ ਮਿਲੀ। ਮਿੱਟੀ ਦਾ ਘੜਾ ਹਰ ਸਾਲ ਬਦਲਿਆ ਜਾਂਦਾ ਸੀ ਅਤੇ ਕਈ ਵਾਰੀ ਇੱਕ ਸੀਜ਼ਨ ਵਿੱਚ ਦੋ-ਤਿੰਨ ਘਰਾਂ ਦੀ ਲੋੜ ਪੈਂਦੀ ਸੀ। ਅਜਿਹੇ ਵਿੱਚ ਘੁਮਿਆਰ ਭਰਾਵਾਂ ਨੂੰ ਸਾਲ ਭਰ ਰੁਜ਼ਗਾਰ ਮਿਲਿਆ। ਅੱਜ ਹਰ ਘਰ ਵਿੱਚ ਫਰਿੱਜ ਆਉਣ ਨਾਲ ਇਹ ਕਾਰੋਬਾਰ ਪੂਰੀ ਤਰ੍ਹਾਂ ਤਬਾਹ ਹੋ ਗਿਆ ਹੈ। ਮਿੱਟੀ ਦੇ ਘੜੇ ਵਿੱਚ ਪਾਣੀ ਫਰਿੱਜ ਨਾਲੋਂ ਸ਼ੁੱਧ ਹੁੰਦਾ ਸੀ ਅਤੇ ਮਿੱਟੀ ਦੇ ਘੜੇ ਦਾ ਪਾਣੀ ਪੀਣ ਲਈ ਹਮੇਸ਼ਾ ਕਿਸੇ ਹੋਰ ਭਾਂਡੇ ਵਿੱਚ ਲਿਆ ਜਾਂਦਾ ਸੀ, ਜਿਸ ਕਾਰਨ ਘੜਾ ਵੀ ਸ਼ੁੱਧ ਰਹਿੰਦਾ ਸੀ, ਪਰ ਅੱਜ ਪਾਣੀ ਸਿੱਧੀ ਬੋਤਲ ਵਿੱਚ ਰੱਖੀ ਬੋਤਲ ਵਿੱਚੋਂ ਪੀਤਾ ਜਾਂਦਾ ਹੈ। ਫਰਿੱਜ। ਇਹ ਬੋਤਲਾਂ ਪੈਰਾਸਾਈਟ ਇਨਫੈਕਸ਼ਨ ਦੇ ਨਜ਼ਰੀਏ ਤੋਂ ਬਹੁਤ ਹਾਨੀਕਾਰਕ ਹਨ ਅਤੇ ਪਲਾਸਟਿਕ ਆਪਣੇ ਆਪ ਵਿੱਚ ਸਿਹਤ ਲਈ ਬਹੁਤ ਹਾਨੀਕਾਰਕ ਹੈ।

ਅੱਜ ਵੀ ਗਰਮੀ ਦੇ ਮੌਸਮ 'ਚ ਕਈ ਘਰਾਂ 'ਚ ਮਿੱਟੀ ਦੇ ਬਣੇ ਘੜੇ ਦੇਖਣ ਨੂੰ ਮਿਲਦੇ ਹਨ। ਭਾਰਤ ਵਿੱਚ ਘੜੇ ਵਿੱਚ ਪਾਣੀ ਰੱਖਣ ਦੀ ਪਰੰਪਰਾ ਬਹੁਤ ਪੁਰਾਣੀ ਹੈ। ਕਈ ਤਰ੍ਹਾਂ ਦੇ ਵਾਟਰ ਪਿਊਰੀਫਾਇਰ ਅਤੇ ਕੰਟੇਨਰਾਂ ਦੇ ਆਉਣ ਤੋਂ ਬਾਅਦ ਵੀ ਲੋਕ ਆਪਣੇ ਘਰਾਂ ਵਿੱਚ ਮਿੱਟੀ ਦੇ ਬਰਤਨ ਰੱਖਦੇ ਹਨ। ਇਸ ਦੇ ਕਈ ਫਾਇਦੇ ਹਨ ਅਤੇ ਸਿਹਤ ਲਈ ਵੀ ਚੰਗਾ ਮੰਨਿਆ ਜਾਂਦਾ ਹੈ। ਅਕਸਰ ਜਦੋਂ ਤੁਹਾਨੂੰ ਗਰਮੀ ਮਹਿਸੂਸ ਹੁੰਦੀ ਹੈ ਤਾਂ ਤੁਸੀਂ ਫਰਿੱਜ ਵਿੱਚ ਰੱਖਿਆ ਠੰਡਾ ਪਾਣੀ ਪੀਂਦੇ ਹੋ। ਇਸ ਦਾ ਤੁਹਾਡੇ ਗਲੇ ਅਤੇ ਸਰੀਰ 'ਤੇ ਬੁਰਾ ਪ੍ਰਭਾਵ ਪੈਂਦਾ ਹੈ। ਗਲੇ ਦੀਆਂ ਕੋਸ਼ਿਕਾਵਾਂ ਦਾ ਤਾਪਮਾਨ ਅਚਾਨਕ ਘੱਟ ਜਾਂਦਾ ਹੈ ਅਤੇ ਇਸ ਨਾਲ ਕਈ ਸਮੱਸਿਆਵਾਂ ਪੈਦਾ ਹੋ ਜਾਂਦੀਆਂ ਹਨ। ਗਲੇ ਵਿਚਲੀਆਂ ਗ੍ਰੰਥੀਆਂ ਸੁੱਜ ਜਾਂਦੀਆਂ ਹਨ। ਜਦੋਂ ਕਿ ਜੇਕਰ ਤੁਸੀਂ ਘੜੇ ਦਾ ਪਾਣੀ ਪੀਂਦੇ ਹੋ ਤਾਂ ਇਸਦਾ ਕੋਈ ਬੁਰਾ ਪ੍ਰਭਾਵ ਨਹੀਂ ਹੁੰਦਾ। ਘੜੇ ਵਿੱਚ ਰੱਖੇ ਪਾਣੀ ਵਿੱਚ ਮੌਜੂਦ ਵਿਟਾਮਿਨ ਅਤੇ ਖਣਿਜ ਸਰੀਰ ਦੇ ਗਲੂਕੋਜ਼ ਦੇ ਪੱਧਰ ਨੂੰ ਬਣਾਏ ਰੱਖਣ ਵਿੱਚ ਮਦਦ ਕਰਦੇ ਹਨ। ਇਹ ਸਰੀਰ ਨੂੰ ਠੰਡਕ ਪ੍ਰਦਾਨ ਕਰਨ ਦਾ ਕੰਮ ਕਰਦੇ ਹਨ। ਜੇਕਰ ਤੁਸੀਂ ਨਿਯਮਿਤ ਤੌਰ 'ਤੇ ਘੜੇ ਦਾ ਪਾਣੀ ਪੀਂਦੇ ਹੋ, ਤਾਂ ਵਿਅਕਤੀ ਦਾ ਇਮਿਊਨ ਸਿਸਟਮ ਮਜ਼ਬੂਤ ਹੁੰਦਾ ਹੈ। ਜਦਕਿ ਪਲਾਸਟਿਕ ਦੀ ਬੋਤਲ 'ਚ ਪਾਣੀ ਰੱਖਣ ਨਾਲ ਇਸ 'ਚ ਅਸ਼ੁੱਧੀਆਂ ਇਕੱਠੀਆਂ ਹੋ ਜਾਂਦੀਆਂ ਹਨ। ਮਿੱਟੀ ਦੇ ਬਰਤਨ ਖਰੀਦਣ ਦੇ ਦੋਹਰੇ ਫਾਇਦੇ ਹਨ। ਇਸ ਲਈ ਅੱਜ ਹੀ ਆਪਣੇ ਘਰ ਵਿੱਚ ਇੱਕ ਸੁੰਦਰ ਮਟਕਾ ਲਿਆਓ ਅਤੇ ਤੰਦਰੁਸਤ ਰਹੋ।

## ਸਰਕਾਰੀ ਕਾਲਜ, ਹੁਸ਼ਿਆਰਪੁਰ ਵਿੱਚ ‘‘ਵਿਸ਼ਵ ਵਾਤਾਵਰਣ ਦਿਵਸ'' ਮਨਾਇਆ ਗਿਆ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)**- ਸਰਕਾਰੀ ਕਾਲਜ, ਹੁਸ਼ਿਆਰਪੁਰ ਵਿੱਚ ਕਾਲਜ ਦੇ ਪ੍ਰਿੰਸੀਪਲ ਅਨੀਤਾ ਸਾਗਰ ਜੀ ਦੀ ਅਗਵਾਈ ਵਿੱਚ ਰੈੱਡ ਰਿਬਨ ਕਲੱਬ ਅਤੇ ਐਨ।ਐਸ।ਐਸ। ਇੰਚਾਰਜ ਵਿਜੇ ਕੁਮਾਰ ਦੇ ਸਹਿਯੋਗ ਨਾਲ ‘‘ਵਿਸ਼ਵ ਵਾਤਾਵਰਣ ਦਿਵਸ'' ਮਨਾਇਆ ਗਿਆ। ਇਸ ਦਿਵਸ ਦੇ ਥੀਮ ‘‘ਭੂਮੀ ਬਹਾਲੀ ਮਰੂਸਥਲੀਕਰਣ ਅਤੇ ਸੂਖਾ ਸਹਿਣਸ਼ੀਲਤਾ'' ਦੇ ਆਧਾਰ ਤੇ ਪ੍ਰੋ ਵਿਜੇ ਕੁਮਾਰ ਨੇ ਵਿਦਿਆਰਥੀਆਂ ਨੂੰ ਕਿਹਾ ਕਿ ਇਸ ਧਰਤੀ ਤੇ ਦਰਖੱਤਾਂ ਦਾ ਨਸ਼ਟ ਹੋਣਾ ਅਤੇ ਪਾਣੀ ਦੀ ਕਮੀ ਹੋਣ ਦਾ ਮਤਲਬ ਹੈ ਕਿ ਇਸ ਧਰਤੀ ਤੇ ਜੋ ਕੁਝ ਵੀ ਹੈ ਉਹ ਸਭ ਸਮਾਪਤ ਹੋ ਜਾਣਾ ਹੈ। ਇਸ ਲਈ ਸਾਡੇ ਸਾਰਿਆਂ ਦਾ ਫਰਜ਼ ਬਣਦਾ ਹੈ ਕਿ ਅਸੀਂ ਇਸ ਧਰਤੀ ਤੇ ਵੱਧ ਤੋਂ ਵੱਧ ਰੁੱਖ ਲਗਾਈਏ ਅਤੇ ਪਾਣੀ ਨੂੰ ਬਚਾਉਣ ਦੇ ਲਈ ਉਪਰਾਲੇ ਕਰਦੇ ਰਹੀਏ ਅਤੇ ਇਸ ਨੂੰ ਸਾਫ਼ ਸੁਥਰਾ ਬਣਾਈ ਰੱਖੀਏ। ਇਸ ਦਿਵਸ ਨੂੰ ਮਨਾਉਂਦੇ ਹੋਏ ਪ੍ਰੋ. ਵਿਜੇ ਕੁਮਾਰ ਵੱਲੋਂ ਵਿਦਿਆਰਥੀਆਂ ਅਤੇ ਲੋਕਾਂ ਨੂੰ ਇਸ ਦਿਵਸ ਨੂੰ ਮਨਾਉਣ ਦੇ ਉਦੇਸ਼ ਬਾਰੇ ਜਾਣਕਾਰੀ ਦਿੰਦੇ ਹੋਏ ਆਪਣਾ ਫਰਜ਼ ਇਮਾਨਦਾਰੀ ਨਾਲ ਨਿਭਾਉਣ ਲਈ ਪ੍ਰੇਰਿਤ ਕੀਤਾ। ਪ੍ਰਿੰਸੀਪਲ ਅਨੀਤਾ ਸਾਗਰ, ਪ੍ਰੋ ਵਿਜੇ ਕੁਮਾਰ ਨੇ ਸਟਾਫ ਅਤੇ ਵਿਦਿਆਰਥੀਆਂ ਨਾਲ ਮਿਲ ਕੇ ਕਾਲਜ ਅਤੇ ਘਰਾਂ ਦੇ ਆਲੇ-ਦੁਆਲੇ ਬੂਟੇ ਲਗਾਏ।



KB USED AUTO SALES



8655 B Monterey Street Gilroy, CA 95020

Kashmiri Bhatia, Dealer/Broker 408-848-2365

50% OFF WARRANTY with Qualifying Car Purchase

IN HOUSE FINANCING AVALIABLE www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ


Kashmiri Bhatia & his wife

K&K AUTO REPAIR and Car Wash

63 Muckelemi St San Juan Bautista 95045

Kashmiri Bhatia (Owner) 831-623-4702

20% OFF LABOUR on your next qualifying service

Car Care You Can Trust

# ਹੁਸ਼ਿਆਰਪੁਰ ’ਚ ਸਫਲਤਾਪੂਰਵਕ ਮੁਕੰਮਲ ਹੋਈ ਚੋਣ ਪ੍ਰਕਿਰਿਆ

## ਲੋਕ ਸਭਾ ਹੁਸ਼ਿਆਰਪੁਰ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਡਾ. ਰਾਜ ਕੁਮਾਰ ਰਹੇ ਜੇਤੂ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)**– ਜ਼ਿਲ੍ਹੇ ਵਿਚ ਚੋਣ ਪ੍ਰਕਿਰਿਆ ਸਫ਼ਲਤਾਪੂਰਵਕ ਮੁਕੰਮਲ ਹੋ ਗਈ ਹੈ ਅਤੇ ਅੱਜ ਵੋਟਾਂ ਦੀ ਗਿਣਤੀ ਦੌਰਾਨ ਆਮ ਆਦਮੀ ਪਾਰਟੀ ਦੇ ਉਮੀਦਵਾਰ ਡਾ। ਰਾਜ ਕੁਮਾਰ ਚੱਬੇਵਾਲ ਜੇਤੂ ਰਹੇ। ਉਨ੍ਹਾਂ ਇੰਡੀਅਨ ਨੈਸ਼ਨਲ ਕਾਂਗਰਸ ਦੀ ਉਮੀਦਵਾਰ ਯਾਮਿਨੀ ਗੋਮਰ ਨੂੰ 44111 ਵੋਟਾਂ ਨਾਲ ਹਰਾਇਆ। ਜ਼ਿਲ੍ਹਾ ਚੋਣ ਅਫ਼ਸਰ ਕੋਮਲ ਮਿੱਤਲ ਅਤੇ ਐਸ।ਐਸ।ਪੀ।ਸੁਰੇਂਦਰ ਲਾਂਬਾ ਵਲੋਂ ਰਿਆਤ-ਬਾਹਰਾ ਇੰਸਟੀਚਿਊਟ ਅਤੇ ਮਲਟੀ ਸਕਿੱਲ ਡਿਵੈਲਪਮੈਂਟ ਸੈਂਟਰ ਵਿਚ ਜਿਥੇ ਗਿਣਤੀ ਕੇਂਦਰਾਂ ਦੇ ਬਾਹਰ ਸੁਰੱਖਿਆ ਪ੍ਰਬੰਧਾਂ ਦਾ ਜਾਇਜ਼ਾ ਲਿਆ ਗਿਆ, ਉਥੇ ਮੀਡੀਆ ਸੈਂਟਰ ਦਾ ਦੌਰਾ ਵੀ ਕੀਤਾ ਗਿਆ। ਜ਼ਿਲ੍ਹਾ ਚੋਣ ਅਫ਼ਸਰ ਨੇ ਦੱਸਿਆ ਕਿ ਹੁਸ਼ਿਆਰਪੁਰ ਲੋਕ ਸਭਾ ਹਲਕੇ ਵਿਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਡਾ। ਰਾਜ ਕੁਮਾਰ ਚੱਬੇਵਾਲ ਜੇਤੂ ਰਹੇ ਅਤੇ ਉਨ੍ਹਾਂ ਨੇ 303859 ਵੋਟਾਂ ਪ੍ਰਾਪਤ ਕੀਤੀਆਂ। ਉਨ੍ਹਾਂ ਦੱਸਿਆ ਕਿ ਭਾਰਤੀ ਜਨਤਾ ਪਾਰਟੀ ਦੀ ਉਮੀਦਵਾਰ ਅਨੀਤਾ ਸੋਮ ਪ੍ਰਕਾਸ਼ ਨੂੰ 199994, ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਸੋਹਨ ਸਿੰਘ ਠੰਡਲ ਨੂੰ 91789, ਇੰਡੀਅਨ ਨੈਸ਼ਨਲ ਕਾਂਗਰਸ ਦੀ ਉਮੀਦਵਾਰ ਯਾਮਿਨੀ ਗੋਮਰ ਨੂੰ 259748, ਬਹੁਜਨ ਸਮਾਜ ਪਾਰਟੀ ਦੇ ਉਮੀਦਵਾਰ ਰਣਜੀਤ ਕੁਮਾਰ ਨੂੰ 48214 ਵੋਟਾਂ ਪਈਆਂ। ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ ਨੈਸ਼ਨਲਿਸਟ ਜਸਟਿਸ ਪਾਰਟੀ ਦੇ ਉਮੀਦਵਾਰ ਹਰਦੀਪ ਸਿੰਘ ਨੂੰ 1425, ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਉਮੀਦਵਾਰ ਜਸਵੰਤ ਸਿੰਘ ਨੂੰ 20923, ਬਹੁਜਨ ਦ੍ਰਵਿੜ ਪਾਰਟੀ ਦੇ ਉ-ਮੀਦਵਾਰ ਜੀਵਨ ਸਿੰਘ ਤਮਿਲ ਨੂੰ 4621, ਸਮਾਜ ਭਲਾਈ ਮੋਰਚਾ ਦੇ ਉਮੀਦਵਾਰ ਦਵਿੰਦਰ ਕੁਮਾਰ ਸਰੋਆ ਨੂੰ 930, ਗਲੋਬਲ ਰਿਪਬਲੀਕਨ ਪਾਰਟੀ ਦੇ ਉਮੀਦਵਾਰ ਭੀਮ ਰਾਓ ਯਸ਼ਵੰਤ ਅੰਬੇਡਕਰ ਨੂੰ 1041, ਬਹੁਜਨ ਮੁਕਤੀ ਪਾਰਟੀ ਦੇ ਉਮੀਦਵਾਰ ਰਾਜਪਾਲ ਨਡਾਲੀ ਨੂੰ 1140, ਡੈਮੋਕ੍ਰੇਟਿਕ ਭਾਰਤੀ ਸਮਾਜ ਪਾਰਟੀ ਦੇ ਉਮੀਦਵਾਰ ਰਾਜੇਸ਼ ਨੂੰ 2336, ਆਜ਼ਾਦ ਉਮੀਦਵਾਰ ਸਤਪਾਲ ਨੂੰ 993, ਆਜ਼ਾਦ ਉਮੀਦਵਾਰ ਸੋਨੂੰ ਸਿੰਘ ਫਗਵਾੜਾ ਨੂੰ 1884, ਆਜ਼ਾਦ ਉਮੀਦਵਾਰ ਦਵਿੰਦਰ ਸਿੰਘ ਨੂੰ 1617, ਆਜ਼ਾਦ ਉਮੀਦਵਾਰ ਰੋਹਿਤ ਕੁਮਾਰ ਟਿੰਕੂ ਨੂੰ 2419 ਅਤੇ ਨੋਟਾ ਨੂੰ 5552 ਵੋਟਾਂ ਪਈਆਂ। ਕੋਮਲ ਮਿੱਤਲ ਨੇ ਚੋਣ ਅਮਲੇ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਚੋਣ ਅਮਲੇ ਵਲੋਂ ਮਿਹਨਤ ਅਤੇ ਪਾਰਦਰਸ਼ੀ ਢੰਗ ਨਾਲ ਨਿਭਾਈ ਜ਼ਿੰਮੇਵਾਰੀ ਦੇ ਚੱਲਦਿਆਂ ਹੀ ਚੋਣ ਪ੍ਰਕਿਰਿਆ ਸਫ਼ਲਤਾਪੂਰਵਕ ਮੁਕੰਮਲ ਹੋਈ ਹੈ। ਉਨ੍ਹਾਂ ਉਮੀਦਵਾਰਾਂ ਵਲੋਂ ਦਿੱਤੇ ਗਏ ਸਹਿਯੋਗ ਲਈ ਧੰਨਵਾਦ ਪ੍ਰਗਟ ਕੀਤਾ। ਉਨ੍ਹਾਂ ਕਿਹਾ ਕਿ ਵਿਧਾਨ ਸਭਾ ਹਲਕਾ ਹੁਸ਼ਿਆਰਪੁਰ, ਚੱਬੇਵਾਲ, ਉੜਮੜ, ਦਸੂਹਾ, ਮੁਕੇਰੀਆਂ, ਭੁਲੱਥ, ਫਗਵਾੜਾ ਵਿਧਾਨ ਸਭਾ ਹਲਕਾ ਦੀ ਗਿਣਤੀ ਰਿਆਤ-ਬਾਹਰਾ ਇੰਸਟੀਚਿਊਟ ਵਿਖੇ ਅਤੇ ਵਿਧਾਨ ਸਭਾ ਹਲਕਾ ਸ੍ਰੀ ਹਰਗੋਬਿੰਦਰਪੁਰ ਅਤੇ ਸ਼ਾਮਚੁਰਾਸੀ ਦੀ ਗਿਣਤੀ ਮਲਟੀ ਸਕਿੱਲ ਡਿਵੈਲਪਮੈਂਟ ਸੈਂਟਰ ਹੁਸ਼ਿਆਰਪੁਰ ਵਿਖ ਕਰਵਾਈ ਗਈ ਹੈ। ਜ਼ਿਲ੍ਹਾ ਚੋਣ ਅਫ਼ਸਰ ਕੋਮਲ ਮਿੱਤਲ ਨੇ ਕਾਊਂਟਿੰਗ ਸਟਾਫ਼, ਸੁਰੱਖਿਆ ਅਮਲੇ ਅਤੇ ਉਮੀਦਵਾਰਾਂ ਦਾ ਧੰਨਵਾਦ ਪ੍ਰਗਟ ਕਰਦੇ ਹੋਏ ਕਿਹਾ ਕਿ ਲੋਕ ਸਭਾ ਹੁਸ਼ਿਆਰਪੁਰ ਲਈ ਹੋਏ ਮਤਦਾਨ ਦੀ ਗਿਣਤੀ ਅੱਜ ਰਿਆਤ-ਬਾਹਰਾ ਇੰਸਟੀਚਿਊਟ ਅਤੇ ਮਲਟੀ ਸਕਿੱਲ ਡਿਵੈਲਪਮੈਂਟ ਸੈਂਟਰ ਹੁਸ਼ਿਆਰਪੁਰ ਵਿਚ ਮਾਨਯੋਗ ਚੋਣ ਕਮਿਸ਼ਨ ਵਲੋਂ ਨਿਯੁਕਤ ਕੀਤੇ ਗਏ ਗਿਣਤੀ ਅਬਜ਼ਰਵਰਾਂ ਦੀ ਮੌਜੂਦਗੀ ਵਿਚ ਪਾਰਦਰਸ਼ੀ ਅਤੇ ਸਖਤ ਸੁਰੱਖਿਆ ਪ੍ਰਬੰਧਾਂ ਵਿਚ ਕਰਵਾਈ ਗਈ। ਉਨ੍ਹਾਂ ਮੀਡੀਆ ਵਲੋਂ ਨਿਭਾਈ ਗਈ ਜ਼ਿੰਮੇਵਾਰੀ ਦੀ ਵੀ ਪ੍ਰਸ਼ੰਸਾ ਕੀਤੀ।



ਉਨ੍ਹਾਂ ਕਿਹਾ ਕਿ ਸਮੂਚੀ ਚੋਣ ਪ੍ਰਕਿਰਿਆ ਨੂੰ ਸਫਲ ਬਣਾਉਣ ਲਏ ਪੋਲਿੰਗ ਸਟਾਫ਼, ਭਾਰਤ ਚੋਣ ਕਮਿਸ਼ਨ ਦੀਆਂ ਹਦਾਇਤਾਂ ਮੁਤਾਬਕ ਵੱਖ-ਵੱਖ ਟੀਮਾਂ ਵਲੋਂ ਵੀ ਪ੍ਰਸ਼ੰਸਾਯੋਗ ਜ਼ਿੰਮੇਵਾਰੀ ਨਿਭਾਈ ਗਈ। ਐਸ.ਐਸ.ਪੀ. ਸੁਰੇਂਦਰ ਲਾਂਬਾ ਨੇ ਡਿਊਟੀ ’ਤੇ ਤਾਇਨਾਤ ਸੁਰੱਖਿਆ ਅਮਲੇ ਦੀ ਪ੍ਰਸ਼ੰਸਾ ਕਰਦੇ ਹੋਏ ਕਿਹਾ ਕਿ ਦੋਵੇਂ ਗਿਣਤੀ ਕੇਂਦਰਾਂ ਵਿਚ ਸੀ।ਏ।ਪੀ।ਐਫ, ਸੂਬਾ ਅਤੇ ਜ਼ਿਲ੍ਹਾ ਪੁਲਿਸ ਦੇ ਅਧਿਕਾਰੀ ਅਤੇ ਕਰਮਚਾਰੀ ਤਾਇਨਾਤ ਕੀਤੇ ਗਏ ਸਨ ਅਤੇ ਸਾਰੇ ਕਰਮਚਾਰੀਆਂ ਵਲੋਂ ਵੀ ਪੂਰੀ ਮਿਹਨਤ ਨਾਲ ਡਿਊਟੀ ਨਿਭਾਈ ਗਈ।

# ਭਗਵੰਤ ਮਾਨ ਖੁੱਲ ਕੇ ਰਿਜਰਵੇਸ਼ਨ ਚੋਰਾਂ ਦੀ ਕਰ ਰਿਹੈ ਪੁਸਤ ਪਨਾਹੀ - ਰਿਜਰਵੇਸ਼ਨ ਚੋਰ ਫੜ੍ਹੋ ਮੋਰਚਾ

**ਫਗਵਾੜਾ / ਕੋਟਕਪੂਰਾ (ਬੀ.ਕੇ.ਰੱਤੂ)** ਸੂਬੇ ਦੇ ਦਲਿਤ ਵਰਗ ਨੂੰ ਭਾਰਤ ਰਤਨ ਡਾ ਬੀ ਆਰ ਅੰਬੇਡਕਰ ਜੀ ਦੀਆਂ ਤਸਵੀਰਾਂ ਵਿਖਾ ਕੇ ਜਾਂ ਸੰਵਿਧਾਨ ਬਚਾਉਣ ਦੇ ਵਾਸਤੇ ਪਾ ਕੇ ਵੋਟਾਂ ਹਾਸਿਲ ਕਰਨ ਲਈ ਲੇਲੜ੍ਹੀਆਂ ਕੱਢ ਰਹੇ ਸੂਬੇ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਦਲਿਤ ਵਿਰੋਧੀ ਸੋਚ ਹੋਣ ਕਾਰਨ ਅੱਜ ਪੰਜਾਬ ਦੇ ਦਲਿਤ ਵਰਗ ਅੰਦਰ ਅਸੰਤੋਸ਼ ਦਾ ਮਾਹੌਲ ਪਾਇਆ ਜਾ ਰਿਹਾ ਹੈ ਕਿਉਕਿ ਜਿਸ ਮੁੱਖ ਮੰਤਰੀ ਨੇ ਸੂਬੇ ਦੇ ਇਸ ਵਰਗ ਦੇ ਹੱਕਾਂ ਅਤੇ ਹਿੱਤਾਂ ਦੀ ਰਾਖੀ ਕਰਨੀ ਸੀ ਅੱਜ ਉਹ ਖੁੱਲ ਕੇ ਰਿਜਰਵੇਸ਼ਨ ਦੇ ਚੋਰਾਂ ਦੀ ਪੁਸ਼ਤ ਪਨਾਹੀ ਕਰ ਰਿਹਾ ਹੈ। ਇੰਨਾਂ ਸਬਦਾਂ ਦਾ ਪ੍ਰਗਟਾਵਾ ਰਿਜਰਵੇਸ਼ਨ ਚੋਰ ਫੜ੍ਹੋ ਮੋਰਚਾ ਪੰਜਾਬ ਦੇ ਆਗੂਆਂ ਜਸਵੀਰ ਸਿੰਘ ਪਮਾਲੀ ਅਤੇ ਹੋਰ ਆਗੂਆ ਨੇ ਇੱਕ ਪ੍ਰੈਸ ਕਾਨਫਰੰਸ ਦੌਰਾਨ ਸਾਂਝੇ ਤੌਰ ਤੇ ਕੀਤਾ। ਮੋਰਚੇ ਦੇ ਆਗੂਆਂ ਨੇ ਅੱਗੇ ਕਿਹਾ ਕਿ ਜਿਸ ਦਿਨ ਤੋ ਸੂਬੇ ਦੀ ਸੱਤਾ ਦੀ ਵਾਗਡੋਰ ਭਗਵੰਤ ਸਿੰਘ ਮਾਨ ਦੇ ਹੱਥਾਂ ਵਿੱਚ ਆਈ ਹੈ ਉਸੇ ਦਿਨ ਤੋ ਸੂਬੇ ਦੇ ਦਲਿਤ ਵਰਗ ਦਾ ਕਾਲਾ ਦੌਰ ਸੁਰੂ ਹੋਇਆ ਹੈ ਕਿਉਕਿ ਕਦੇ ਸਰਕਾਰ ਲਾਅ ਅਫਸਰ ਭਰਤੀ ਕਰਨ ਸਮੇ ਕਹਿੰਦੀ ਹੈ ਕਿ ਇਹ ਵਰਗ ਇਸ ਕੰਮ ਦੇ ਯੋਗ ਨਹੀ ਹੈ, ਕਦੇ ਪੰਜਾਬ ਰਾਜ ਅਨੁਸੂਚਿਤ ਜਾਤੀ ਕਮਿਸ਼ਨ ਦੇ ਮੈਂਬਰ ਘਟਾ ਦਿੰਦੀ ਹੈ ਤੇ ਮੈਂਬਰਾਂ ਦੇ ਕਾਰਕਜਾਲ ਦਾ ਸਮਾਂ ਘਟਾ ਦਿੰਦੀ ਹੈ, ਕਦੇ ਰਾਜ ਸਭਾ ਵਿੱਚ ਮੈਂਬਰ ਭੇਜਣ ਸਮੇ ਦਲਿਤ ਵਰਗ ਨੂੰ ਅੱਖੋ ਪਰੋਖੇ ਕਰਦੀ ਹੈ, ਗੈਰ ਸੰਵਿਧਾਨਿਕ ਪੱਤਰ ਨੂੰ ਰੱਦ ਕਰਨ ਦੀ ਬਜਾਏ ਵੋਟਾਂ ਦੀ ਰਾਜਨੀਤੀ ਕਰਦੀ ਹੈ, ਜਾਅਲੀ ਐਸ ਸੀ ਸਰਟੀਫਿਕੇਟ ਬਣਾ ਕੇ ਯੋਗ ਐਸ ਸੀ ਉਮੀਦਵਾਰਾਂ ਦਾ ਹੱਕ ਖਾਣ ਵਾਲਿਆਂ ਤੇ ਕੋਈ ਕਾਰਵਾਈ ਨਹੀ ਹੁਣ ਤਾਂ ਹੱਦ ਹੀ ਹੋ ਗਈ ਜਦੋ ਮੁੱਖ ਮੰਤਰੀ ਆਪਣੇ ਜਿਗਰੀ ਦੋਸ਼ਤ ਨੂੰ ਜਾਅਲੀ ਜਾਤੀ ਸਰਟੀਫਿਕੇਟ ਦੇ ਆਸਰੇ ਜਿਤਾ ਕੇ ਦੇਸ਼ ਦੀ ਪਾਰਲੀਮੈਂਟ ਵਿੱਚ ਲਿਜਾਣ ਲਈ ਪੂਰੇ ਦੇ ਦਲਿਤ ਵਰਗ ਨਾਲ ਚਿੱਟੇ ਦਿਨ ਧੱਕਾ ਕਰ ਰਹੇ ਹਨ। ਮੋਰਚੇ ਦੇ ਆਗੂਆਂ ਨੇ ਲੋਕ ਸਭਾ ਹਲਕਾ ਫਰੀਦਕੋਟ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਸੂਬੇ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਸੰਵਿਧਾਨ ਨੂੰ ਛਿੱਕੇ ਟੰਗ ਕੇ ਸੱਤਾ ਦੇ ਨਸ਼ੇ ਵਿੱਚ ਫਰੀਦਕੋਟ ਲੋਕ ਸਭਾ ਦੇ ਕਿਸੇ ਇੱਕ ਯੋਗ ਅਨੁਸੂਚਿਤ ਜਾਤੀ ਵਰਗ ਦੇ ਵਿਅਕਤੀ ਨੂੰ ਸੰਸਦ ਵਿੱਚ ਜਾਣ ਤੋ ਰੋਕ ਰਹੇ ਹਨ ਇਸ ਲਈ ਰਿਜਰਵੇਸ਼ਨ ਚੋਰ ਫੜ੍ਹੋ ਮੋਰਚਾ ਹਲਕਾ ਫਰੀਦਕੋਟ ਦੇ ਵੋਟਰਾਂ ਨੂੰ ਅਪੀਲ ਕਰਦਾ ਹੈ ਕਿ ਜਾਅਲੀ ਜਾਤੀ ਸਰਟੀਫਿਕੇਟ ਬਣਾ ਕੇ ਰਿਜਰਵੇਸ਼ਨ ਦੇ ਚੋਰ ਨੂੰ ਵੋਟਾਂ ਨਾ ਪਾਈਆਂ ਜਾਣ ਕਿਉਕਿ ਜਦੋਂ ਇਸ ਤਰ੍ਹਾਂ ਦੇ ਲੋਕ ਜਿੱਤ ਕੇ ਅੱਗੇ ਆਉਣਗੇ ਤਾਂ ਅਨੁਸੂਚਿਤ ਜਾਤੀ ਵਰਗ ਦੇ ਲੋਕਾਂ ਦੀਆਂ ਮੁਸਕਿਲਾਂ ਵਿੱਚ ਵਾਧਾ ਹੋਏਗਾ। ਇਸ ਸਮੇ ਅਵਤਾਰ ਸਿੰਘ ਸਹੋਤਾ, ਡਾਕਟਰ ਦਵਿੰਦਰ ਗੁਗਲਾਨੀ, ਰਜਿੰਦਰ ਸਿੰਘ ਰਾਜੂ ਜੋਧਾ ਪ੍ਰਧਾਨ ਸ੍ਰੀ ਗੁਰੂ ਰਵਿਦਾਸ ਫੈਡਰੇਸ਼ਨ, ਮੈਡਮ ਗੁਰਵਿੰਦਰ ਅੰਬੇਦਕਰੀ, ਮੋਹਣ ਮਹਿੰਦਰ ਬਠਿੰਡਾ, ਜਸ਼ਨਦੀਪ ਸਿੰਘ ਕੋਟਕਪੂਰਾ, ਬਲਕਾਰ ਸਿੰਘ ਫਰੀਦਕੋਟ, ਗੁਲਸ਼ਨ ਸਿੰਘ ਪਵਾਰ, ਰਾਜਕੁਮਾਰ ਕੋਚਰ, ਜਗਤਾਰ ਸਿੰਘ ਕੋਟਕਪੂਰਾ, ਡਾਕਟਰ ਧਰਮਵੀਰ ਸਿੰਘ ਆਦਿ ਹਾਜ਼ਰ ਸਨ।



NSB Insurance
NIRMAL SINGH BADHAN
for Insurance Call:
NIRMAL SINGH BADHAN
707-228-2020
HEALTH INSURANCE RETIREMENT
LIFE INSURANCE COLLEGE PLANNING
LONG TERM CARE INS AUTO * HOME
FUNERAL EXPENSE BUSINESS
Call: 707-228-2020,
Fax: 707-260-2813
Lic #0144676
www.nsbinsures.com
1519 Gary CT., Rohnert Park, CA 94928



RE/MAX Gold
Each Office Independently Owned and Operated
ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ
Dil Nijjar REALTOR ®
CalBRE # 01418648
Honesty Starts From Here
SELL OR BUY Residential • Business • Commercial Lease • Investment Property and Land
Serving in Greater Sacramento area since 2004
Cell: 916-628-2210
Fax: 916-745-3424
Office: 916-285-1000
Email : Dil.Realtor@gmail.com
2081 Arena Blvd # 100 Sacramento, CA 95834



# ਅਮਰੀਕਾ ਵਿਚ ਹਵਾਈ ਉਡਾਣਾਂ ਰੱਦ ਹੋਣ ਜਾਂ ਦੇਰੀ ਹੋਣ ਦੇ ਮਾਮਲਿਆਂ ਵਿੱਚ ਨਵੇਂ ਨਿਯਮ ਹੋਣਗੇ ਲਾਗੂ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਅਮਰੀਕਾ ਵਿਚ ਹਵਾਈ ਉਡਾਣਾਂ ਰੱਦ ਹੋਣ ਜਾਂ ਦੇਰੀ ਹੋਣ ਸਬੰਧੀ ਡਿਪਾਰਟਮੈਂਟ ਆਫ ਟਰਾਂਸਪੋਰਟੇਸ਼ਨ (ਡੀ ਓ ਟੀ) ਨੇ ਨਵੇਂ ਨਿਯਮ ਜਾਰੀ ਕੀਤੇ ਹਨ ਜਿਨਾਂ ਨਾਲ ਪ੍ਰਭਾਵਿਤ ਯਾਤਰੀਆਂ ਨੂੰ ਵੱਡੀ ਰਾਹਤ ਮਿਲਣ ਦੀ ਆਸ ਹੈ। ਹਾਲਾਂ ਕਿ ਇਹ ਨਿਯਮ ਅਕਤੂਬਰ ਵਿਚ ਲਾਗੂ ਹੋਣੇ ਹਨ ਤੇ ਅਕਤੂਬਰ ਤੱਕ ਪੁਰਾਣੇ ਨਿਯਮ ਹੀ ਲਾਗੂ ਰਹਿਣਗੇ। ਨਵੇਂ ਨਿਯਮਾਂ ਅਨੁਸਾਰ ਜੇਕਰ ਉਡਾਣ ਰੱਦ ਹੋ ਜਾਂਦੀ ਹੈ ਜਾਂ ਉਸ ਦੇ ਸਮੇ ਵਿਚ ਵੱਡੀ ਤਬਦੀਲੀ ਕੀਤੀ ਜਾਂਦੀ ਹੈ ਤਾਂ ਏਅਰਲਾਈਨਾਂ ਨੂੰ 7 ਕਾਰੋਬਾਰੀ ਦਿਨਾਂ ਦੌਰਾਨ ਖੁਦਬਖੁਦ ਪੈਸੇ ਵਾਪਿਸ ਕਰਨੇ ਪੈਣਗੇ। ਡੀ ਓ ਟੀ ਕੰਜ਼ਿਊਮਰ ਡੈਸ਼ ਬੋਰਡ ਅਨੁਸਾਰ ਜੇਕਰ ਅਲਾਸਕਾ, ਅਮੈਰੀਕਨ, ਡੈਲਟਾ, ਹਵਾਈਅਨ, ਜੈਟ ਬਲਿਊ ਜਾਂ ਯੁਨਾਈਟਿਡ ਏਅਰਲਾਈਨਜ ਸਮੇਤ ਕੋਈ ਵੀ ਏਅਰਲਾਈਨ ਆਪਣੇ ਹੀ ਕਾਰਨਾਂ ਕਰਕੇ ਉਡਾਣ ਰੱਦ ਕਰਦੀਆਂ ਹਨ ਤਾਂ



ਉਨਾਂ ਨੂੰ ਸਖਤੀ ਨਾਲ ਨਵੇਂ ਨਿਯਮਾਂ ਦੀ ਪਾਲਣਾ ਕਰਨੀ ਪਵੇਗੀ। ਜੇਕਰ ਏਅਰਲਾਈਨ ਦੇ ਆਪਣੇ ਹੀ ਕਿਸੇ ਕਾਰਨ ਉਡਾਣ ਰੱਦ ਹੋ ਜਾਂਦੀ ਹੈ ਤਾਂ ਕਿਰਾਏ ਭਾੜੇ ਦੇ ਪੈਸੇ ਮੋੜਣ ਤੋਂ ਇਲਾਵਾ ਯਾਤਰੀ ਹੋਰ ਮੁਆਵਜੇ ਦਾ ਵੀ ਹੱਕਦਾਰ ਹੋਵੇਗਾ। ਮੌਸਮ ਕਾਰਨ ਉਡਾਣ ਰੱਦ ਹੁੰਦੀ ਹੈ ਤਾਂ ਏਅਰਲਾਈਨ ਜਿੰਮੇਵਾਰ ਨਹੀਂ ਹੋਵੇਗੀ। ਉਸੇ ਹੀ ਏਅਰਲਾਈਨ ਜਾਂ ਉਸ ਨਾਲ ਸਬੰਧਤ ਹਿੱਸੇਦਾਰੀ ਵਾਲੀ ਹੋਰ ਏਅਰਲਾਈਨ 'ਤੇ ਯਾਤਰੀਆਂ ਦੀ ਦੁਬਾਰਾ ਬੁਕਿੰਗ ਲਈ ਵਾਧੂ ਪੈਸੇ ਨਹੀਂ ਲਏ ਜਾਣਗੇ। ਜੇਕਰ ਨਵੀਂ ਉਡਾਣ ਲਈ ਯਾਤਰੀਆਂ ਨੂੰ ਘੱਟੋ ਘੱਟ 3 ਘੰਟੇ ਉਡੀਕ ਕਰਨੀ ਪੈਂਦੀ ਹੈ ਤਾਂ ਯਾਤਰੀਆਂ ਨੂੰ ਖਾਣਾ ਜਾਂ ਪੈਸੇ ਜਾਂ ਵਾਊਚਰ ਦੇਣਾ ਪਵੇਗਾ।

ਜੇਕਰ ਪੂਰੀ ਰਾਤ ਉਡਾਣ ਰੱਦ ਹੋ ਜਾਂਦੀ ਹੈ ਤਾਂ ਯਾਤਰੀਆਂ ਨੂੰ ਹੋਟਲ ਵਿਚ ਠਹਿਰਾਉਣਾ ਪਵੇਗਾ। ਹੋਟਲ ਤੱਕ ਲਿਜਾਣ ਤੇ ਲਿਆਉਣ ਦਾ ਪ੍ਰਬੰਧ ਖੁਦ ਏਅਰਲਾਈਨ ਕਰੇਗੀ। ਡਿਪਾਰਟਮੈਂਟ ਆਫ ਟਰਾਂਸਪੋਰਟੇਸ਼ਨ ਦੇ ਅਧਿਕਾਰੀਆਂ ਅਨੁਸਾਰ ਉਡਾਣਾਂ ਰੱਦ ਹੋਣ ਜਾਂ ਉਨਾਂ ਵਿਚ ਦੇਰੀ ਹੋਣ ਸਬੰਧੀ ਸੰਘੀ ਕਾਨੂੰਨ ਨਹੀਂ ਹਨ ਇਸ ਲਈ ਉਹ ਯਾਤਰੀਆਂ ਦੇ ਹਿੱਤਾਂ ਦੀ ਸੁਰੱਖਿਆ ਵੱਲ ਲੋੜੀਂਦਾ ਧਿਆਨ ਦਿੰਦੇ ਹਨ। ਉਨਾਂ ਕਿਹਾ ਕਿ ਯੂ ਐਸ ਏਅਰਲਾਈਨਾਂ ਖੁਦ ਵੀ ਯਾਤਰੀਆਂ ਦੇ ਹਿੱਤਾਂ ਪ੍ਰਤੀ ਸਮਰਪਿਤ ਹਨ।

# ਅਮਰੀਕਾ ਵਿਚ ਪਹਿਲੀ ਪਤਨੀ ਤੇ ਦੂਸਰੀ ਪਤਨੀ ਦੇ ਦੋ ਬੱਚਿਆਂ ਦੀ ਹੱਤਿਆ ਦੇ ਮਾਮਲੇ ਵਿਚ ਦੋਸ਼ੀ ਨੂੰ ਮੌਤ ਦੀ ਸਜ਼ਾ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਅਮਰੀਕਾ ਦੇ ਇਡਾਹੋ ਰਾਜ ਵਿਚ ਆਪਣੀ ਪਹਿਲੀ ਪਤਨੀ ਤੇ ਦੂਸਰੀ ਪਤਨੀ ਦੇ ਦੋ ਬੱਚਿਆਂ ਦੀਆਂ ਪਹਿਲਾ ਦਰਜਾ ਹੱਤਿਆਵਾਂ ਤੇ ਸਾਜਿਸ਼ ਰਚਣ ਦੇ ਮਾਮਲੇ ਵਿਚ ਚੈਡ ਡੇਬੈਲ ਨਾਮੀ ਦੋਸ਼ੀ ਨੂੰ ਫਾਂਸੀ ਦੀ ਸਜ਼ਾ ਸੁਣਾਏ ਜਾਣ ਦੀ ਖਬਰ ਹੈ। ਜਿਊਰੀ ਨੇ ਚੈਡ ਡੇਬੈਲ ਨੂੰ ਘਿਣਾਉਣੇ ਅਪਰਾਧ ਲਈ ਮੌਤ ਦੀ ਸਜ਼ਾ ਦੇਣ ਦੀ ਸਿਫਾਰਿਸ਼ ਕਰਦਿਆਂ ਕਿਹਾ ਕਿ ਅਜਿਹਾ ਵਿਅਕਤੀ ਸਮਾਜ ਲਈ ਖਤਰਾ ਹੈ। ਇਸ ਸਿਫਾਰਿਸ਼ ਨੂੰ ਮੰਨਦਿਆਂ ਜੱਜ ਸਟੀਵਨ ਬੋਇਸੀ ਨੇ ਚੈਡ ਡੇਬੈਲ ਦੀ ਮੌਤ ਦੀ ਸਜ਼ਾ ਉਪਰ ਮੋਹਰ ਲਾ ਦਿੱਤੀ। ਡੇਬੈਲ ਨੂੰ 2 ਦਿਨ ਪਹਿਲਾਂ ਪਹਿਲੀ ਪਤਨੀ ਟੈਮੀ ਡੇਬੈਲ ਤੇ ਉਸ ਦੀ ਦੂਸਰੀ ਪਤਨੀ ਦੇ ਦੋ ਬੱਚਿਆਂ 16 ਸਾਲਾ ਟਾਇਲੀ ਰੀਆਨ ਤੇ 7 ਸਾਲਾ ਜੋਸ਼ੁਆ ਜੇ ਜੇ ਵਾਲੋਅ ਦੀਆਂ ਹੱਤਿਆਵਾਂ ਦੇ ਮਾਮਲੇ ਵਿਚ ਦੋਸ਼ੀ ਕਰਾਰ ਦਿੱਤਾ ਗਿਆ ਸੀ। ਇਸ ਤੋਂ ਪਹਿਲਾਂ ਮੁੱਦਈ ਪੱਖ ਦੇ ਵਕੀਲਾਂ ਨੇ ਦਾਅਵਾ ਕੀਤਾ ਸੀ ਕਿ ਇਹ ਹੱਤਿਆਵਾਂ ਸੱਤਾ, ਸੈਕਸ , ਪੈਸੇ ਤੇ ਵਿਨਾਸ਼ਕਾਰੀ ਧਾਰਮਿੱਕ ਵਿਸ਼ਵਾਸ਼ ਦਾ ਸਿੱਟਾ ਹੈ। ਟਾਇਲੀ ਤੇ ਜੇ ਜੇ ਦੀ ਹੱਤਿਆ ਸਤੰਬਰ 2019 ਵਿਚ ਹੋਈ ਸੀ ਜਦ ਕਿ ਟੈਮੀ ਡੇਬੈਲ 19 ਅਕਤੂਬਰ 2019 ਨੂੰ ਆਪਣੇ ਘਰ ਵਿਚ ਮ੍ਰਿਤਕ ਹਾਲਤ ਵਿਚ ਮਿਲੀ ਸੀ। ਇਸ ਤੋਂ ਕੁਝ ਹਫਤੇ ਪਹਿਲਾਂ ਹੀ ਚੈਡ ਡੇਬੈਲ ਤੇ ਲੌਰੀ ਵਾਲੋਅ ਡੇਬੈਲ ਨੇ ਵਿਆਹ ਕਰਵਾਇਆ ਸੀ। ਅਦਾਲਤ ਵਿਚ ਫੈਸਲਾ ਪੜ੍ਹਿਆ ਗਿਆ ਜਿਸ ਵਿਚ ਜੱਜ ਨੇ ਕਿਹਾ ਕਿ ਮੌਜੂਦਾ ਕਾਨੂੰਨ ਤਹਿਤ ਇਸ ਮਾਮਲੇ ਵਿਚ ਮੌਤ ਦੀ ਸਜ਼ਾ ਉਚਿੱਤ ਹੈ। ਜੱਜ ਨੇ ਬੀਮਾ ਫਰਾਡ ਦੇ ਵੱਖਰੇ ਦੋਸ਼ਾਂ ਤਹਿਤ ਚੈਡ ਨੂੰ 15 ਸਾਲਾ ਜੇਲ ਦੀ ਵੱਖਰੀ ਸਜ਼ਾ ਸੁਣਾਈ ਹੈ। ਸਜ਼ਾ ਸੁਣਾਉਣ ਸਮੇ ਦੋਸ਼ੀ ਨੇ ਕੋਈ ਪ੍ਰਤੀਕ੍ਰਿਆ ਪ੍ਰਗਟ ਨਹੀਂ ਕੀਤੀ ਤੇ ਉਹ ਚੇਹਰੇ 'ਤੇ ਕੋਈ ਪ੍ਰਭਾਵ ਲਿਆ ਬਿਨਾਂ ਖੜਾ ਰਿਹਾ। ਇਸ ਤੋਂ ਪਹਿਲਾਂ ਸਜ਼ਾ ਬਾਰੇ ਸ਼ੁਰੂ ਹੋਈ ਸੁਣਵਾਈ ਦੌਰਾਨ ਵਕੀਲ ਰਾਬ ਵੁੱਡ ਨੇ ਕਿਹਾ ਕਿ ਇਸ ਮਾਮਲੇ ਵਿਚ ਖਤਰਨਾਕ ਤੱਥਾਂ ਨੂੰ ਧਿਆਨ ਵਿਚ ਰਖਿਆ ਜਾਵੇ ਜੋ ਤੱਥ ਚੈਡ ਡੇਬੈਲ ਨੂੰ ਮੌਤ ਦੀ ਸਜ਼ਾ ਦੇ ਯੋਗ ਬਣਾਉਂਦੇ ਹਨ। ਡੇਬੈਲ ਦੀ ਦੂਸਰੀ ਪਤਨੀ ਲੌਰੀ ਵਾਲੋਅ ਡੇਬੈਲ ਨੂੰ ਵੀ ਤਕਰੀਬਨ ਇਕ ਸਾਲ ਪਹਿਲਾਂ ਆਪਣੇ ਬੱਚਿਆਂ ਦੀਆਂ ਹੱਤਿਆਵਾਂ ਦੇ ਦੋਸ਼ਾਂ ਤਹਿਤ ਬਿਨਾਂ ਪੈਰੋਲ ਦੀ ਸੰਭਾਵਨਾ ਦੇ ਉਮਰ ਕੈਦ ਦੀ ਸਜ਼ਾ ਸੁਣਾਈ ਜਾ ਚੁੱਕੀ ਹੈ। ਉਸ ਨੂੰ ਟੈਮੀ ਡੇਬੈਲ ਦੀ ਹੱਤਿਆ ਦੀ ਸਾਜਸ਼ ਰਚਣ ਦੇ ਦੋਸ਼ਾਂ ਤਹਿਤ ਵੀ ਦੋਸ਼ੀ ਕਰਾਰ ਦਿੱਤਾ ਗਿਆ ਸੀ। ਲੌਰੀ ਵਾਲੋਅ ਡੇਬੈਲ ਨੇ ਆਪਣੀ ਸਜ਼ਾ ਵਿਰੁੱਧ ਸਟੇਟ ਸੁਪਰੀਮ ਕੋਰਟ ਵਿਚ ਅਪੀਲ ਕੀਤੀ ਹੈ ਜਿਸ ਵਿਚ ਉਸ ਦੇ ਵਕੀਲਾਂ ਨੇ ਡੇਬੈਲ ਦੀ ਮਾਨਸਿਕ ਹਾਲਾਤ ਦਾ ਮੁੱਦਾ ਉਠਾਇਆ ਹੈ।



# ਦੱਖਣੀ ਐਰੀਜ਼ੋਨਾ ਵਿਚ ਹੋਈ ਗੋਲੀਬਾਰੀ ਵਿਚ ਇਕ ਪੁਲਿਸ ਅਫਸਰ ਸਮੇਤ 2 ਮੌਤਾਂ ਤੇ 5 ਹੋਰ ਜ਼ਖਮੀ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਅਮਰੀਕਾ ਦੇ ਦੱਖਣੀ ਐਰੀਜ਼ੋਨਾ ਵਿਚ ਹੋਈ ਗੋਲੀਬਾਰੀ ਵਿਚ ਇਕ ਪੁਲਿਸ ਅਫਸਰ ਸਮੇਤ ਦੋ ਵਿਅਕਤੀਆਂ ਦੇ ਮਾਰੇ ਜਾਣ ਦੀ ਖਬਰ ਹੈ ਜਦ ਕਿ ਇਸ ਘਟਨਾ ਵਿਚ ਇਕ ਪੁਲਿਸ ਅਫਸਰ ਸਮੇਤ 5 ਹੋਰ ਲੋਕ ਜ਼ਖਮੀ ਹੋਏ ਹਨ। ਗਿਲਾ ਰਿਵਰ ਪੁਲਿਸ ਵਿਭਾਗ ਅਨੁਸਾਰ ਗੋਲੀਬਾਰੀ ਦੀ ਘਟਨਾ ਸਥਾਨਕ ਸਮੇ ਅਨੁਸਾਰ ਤੜਕਸਾਰ 2 ਵਜੇ ਉਸ ਵੇਲੇ ਹੋਈ ਜਦੋਂ ਇਕ ਘਰ ਵਿਚ ਗੜਬੜ ਹੋਣ ਦੀ ਸੂਚਨਾ ਮਿਲਣ 'ਤੇ ਪੁਲਿਸ ਅਫਸਰ ਮੌਕੇ 'ਤੇ ਪੁੱਜੇ। ਮ੍ਰਿਤਕ ਅਫਸਰ ਦੀ ਪਛਾਣ ਜੋਸ਼ੁਆ ਬਰੀਸ ਵਜੋਂ ਹੋਈ ਹੈ ਜਦ ਕਿ ਦੂਸਰੇ ਮ੍ਰਿਤਕ ਦਾ ਨਾਂ ਅਜੇ ਜਨਤਿਕ ਨਹੀਂ ਕੀਤਾ ਗਿਆ। ਇਹ ਵੀ ਸੂਚਨਾ ਹੈ ਕਿ ਇਹ ਘਟਨਾ ਗਿਲਾ ਰਿਵਰ ਵਿੱਚ ਰਹਿੰਦੇ ਭਾਰਤੀ ਭਾਈਚਾਰੇ ਵਿਚ ਹੋਈ ਹੈ। ਇਸ ਸਬੰਧੀ ਹੋਰ ਵੇਰਵੇ ਨਹੀਂ ਮਿਲ ਸਕੇ।

# ਅਮਰੀਕਾ ਵਿਚ ਟੀ 20 ਵਰਲਡ ਕੱਪ ਨੂੰ ਲੈ ਕੇ ਸੁਰੱਖਿਆ ਦੇ ਕੀਤੇ ਸਖਤ ਪ੍ਰਬੰਧ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਲਾਂਗ ਆਈਲੈਂਡ, ਨਿਊਯਾਰਕ ਉਪਰ ਹੋ ਰਹੇ ਆਈ ਸੀ ਸੀ ਟੀ-20 ਵਰਲਡ ਕੱਪ ਦੌਰਾਨ ਗੜਬੜੀ ਕਰਨ ਸਬੰਧੀ ਅੱਤਵਾਦੀ ਸੰਗਠਨ ਆਈ ਐਸ ਆਈ ਐਸ-ਕੇ ਵੱਲੋਂ ਮਿਲੀਆਂ ਧਮਕੀਆਂ ਦੇ ਮੱਦੇਨਜਰ ਅਧਿਕਾਰੀਆਂ ਨੇ ਸੁਰੱਖਿਆ ਕਦਮ ਚੁੱਕੇ ਹਨ। ਨਾਸਾਊ ਕਾਊਂਟੀ ਦੇ ਪੁਲਿਸ ਕਮਿਸ਼ਨਰ ਪੈਟਰਿਕ ਜੇ ਰਾਈਡਰ ਨੇ ਕਿਹਾ ਹੈ ਕਿ ਇਸ ਸਾਲ ਅਪ੍ਰੈਲ ਵਿਚ ਆਈ ਐਸ ਆਈ ਐਸ-ਕੇ ਨੇ ਗੜਬੜ ਕਰਨ ਦੀ ਧਮਕੀ ਦਿੱਤੀ ਸੀ। ਇਸ ਤੋਂ ਬਾਅਦ ਖਾਸ ਕਰਕੇ 9 ਜੂਨ ਨੂੰ ਭਾਰਤ ਤੇ ਪਾਕਿਸਤਾਨ ਵਿਚਾਲੇ ਹੋ ਰਹੇ ਮੈਚ ਦੌਰਾਨ ਗੜਬੜ ਕਰਨ ਦੀਆਂ ਧਮਕੀਆਂ ਮਿਲੀਆਂ ਹਨ। ਉਨਾਂ ਕਿਹਾ ਕਿ ਇਨਾਂ ਧਮਕੀਆਂ ਨੂੰ ਬਹੁਤ ਗੰਭੀਰਤਾ ਨਾਲ ਲਿਆ ਜਾ ਰਿਹਾ ਹੈ ਤੇ ਸੁਰੱਖਿਆ ਪ੍ਰਬੰਧਾਂ ਵਿਚ ਕੋਈ ਢਿੱਲ ਨਹੀਂ ਦਿੱਤੀ ਜਾਵੇਗੀ। ਉਨਾਂ ਕਿਹਾ ਕਿ ਨਾਸਾਊ ਕਾਊਂਟੀ ਸਭ ਤੋਂ ਵਧ ਸੁਰੱਖਿਅਤ ਜਗਾ ਹੋਵੇਗੀ।

# ਅਮਰੀਕਾ ਵਿਚ ਫੌਜ ਦਾ ਜਹਾਜ਼ ਤਬਾਹ, ਪਾਇਲਟ ਨੇ ਛਾਲ ਮਾਰ ਕੇ ਬਚਾਈ ਜਾਨ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਅਮਰੀਕਾ ਦੇ ਨਿਊ ਮੈਕਸੀਕੋ ਰਾਜ ਵਿਚ ਐਲਬੂਕੁਏਰਕੂ ਸ਼ਹਿਰ ਵਿਚ ਸਥਿੱਤ ਮੁੱਖ ਹਵਾਈ ਅੱਡੇ ਤੇ ਯੂ ਐਸ ਏਅਰ ਫੋਰਸ ਦੇ ਅੱਡੇ ਨੇੜੇ ਅਮਰੀਕੀ ਫੌਜ ਦਾ ਇਕ ਜਹਾਜ਼ ਤਬਾਹ ਹੋ ਜਾਣ ਦੀ ਖਬਰ ਹੈ। ਜਹਾਜ਼ ਹਾਦਸਾਗ੍ਰਸਤ ਹੋਣ ਤੋਂ ਪਹਿਲਾਂ ਪਾਇਲਟ ਨੇ ਛਾਲ ਮਾਰ ਦਿੱਤੀ ਤੇ ਉਸ ਨੂੰ ਗੰਭੀਰ ਹਾਲਤ ਵਿਚ ਹਸਪਤਾਲ ਲਿਜਾਇਆ ਗਿਆ ਹੈ। ਇਹ ਜਾਣਕਾਰੀ ਨਿਊ ਮੈਕ-ਸੀਕੋ ਅਧਿਕਾਰੀਆਂ ਨੇ ਦਿੱਤੀ ਹੈ। ਜਹਾਜ਼ ਇਥੋਂ ਨੇੜੇ ਕਿਰਟਲੈਂਡ ਏਅਰ ਫੋਰਸ ਬੇਸ ਨੇੜੇ ਹਾਦਸਾ ਗ੍ਰਸਤ ਹੋ ਕੇ ਜਮੀਨ ਉਪਰ ਆ ਡਿੱਗਾ ਤੇ ਉਸ ਨੂੰ ਅੱਗ ਲੱਗ ਗਈ। ਬਰਨਾਲੀਲੋ ਕਾਊਂਟੀ ਅੱਗ ਬੁਝਾਊ ਵਿਭਾਗ ਦੇ ਬੁਲਾਰੇ ਵਿਲੀਅਮ ਹੈਰਿਸ ਨੇ ਕਿਹਾ ਹੈ ਕਿ ਪਾਇਲਟ ਨੂੰ ਸੁਰਤ ਸੀ ਤੇ ਉਹ ਸਾਹ ਲੈ ਰਿਹਾ ਸੀ। ਜਹਾਜ਼ ਵਿਚ ਇਕ-ਲਾ ਪਾਇਲਟ ਹੀ ਸੀ। ਅਧਿਕਾਰੀਆਂ ਨੇ ਇਸ ਤੋਂ ਵਧ ਹੋਰ ਕੋਈ ਜਾਣਕਾਰੀ ਨਹੀਂ ਦਿੱਤੀ ਤੇ ਇਹ ਵੀ ਨਹੀਂ ਦਸਿਆ ਕਿ ਜਹਾਜ਼ ਕਿਹੜਾ ਸੀ। ਨਾ ਹੀ ਪਾਇਲਟ ਦਾ ਨਾਂ ਦੱਸਿਆ ਹੈ। ਐਲਬੂਕੁਏਰਕੂ ਅੱਗ ਬੁਝਾਊ ਵਿਭਾਗ ਦੇ ਲੈਫਟੀਨੈਂਟ ਜੈਸਨ ਫੀਰਜਰ ਅਨੁਸਾਰ ਇਰਟਲੈਂਡ ਏਅਰ ਫੋਰਸ ਬੇਸ ਤੇ ਫੈਡਰਲ ਐਵੀਏਸ਼ਨ ਐਡਮਨਿਸਟ੍ਰੇਸ਼ਨ ਹਾਦਸੇ ਦੀ ਜਾਂਚ ਕਰਨਗੇ।



# ਅਮਰੀਕਾ ਵਿਚ ਨੈਚੂਰਲ ਗੈਸ ਧਮਾਕੇ ਵਿਚ ਬਹੁ ਮੰਜਿਲਾ ਇਮਾਰਤ ਦੀ ਪਹਿਲੀ ਮੰਜਿਲ ਤਬਾਹ, 7 ਜ਼ਖਮੀ 1 ਵਿਅਕਤੀ ਲਾਪਤਾ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਅਮਰੀਕਾ ਦੇ ਓਹੀਓ ਰਾਜ ਵਿਚ ਡਾਊਨਟਾਊਨ ਯੰਗਸਟੋਨ ਵਿਚ ਇਕ ਇਮਾਰਤ ਵਿਚ ਜਬਰਦਸਤ ਧਮਾਕਾ ਹੋਣ ਦੀ ਖਬਰ ਹੈ। ਇਹ ਧਮਾਕਾ ਨੈਚੂਰਲ ਗੈਸ ਧਮਾਕਾ ਸੀ ਜਿਸ ਵਿਚ 7 ਵਿਅਕਤੀ ਜ਼ਖਮੀ ਹੋ ਗਏ ਤੇ ਇਕ ਵਿਅਕਤੀ ਲਾਪਤਾ ਦੱਸਿਆ ਜਾ ਰਿਹਾ ਹੈ। ਜ਼ਖਮੀਆਂ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ।

ਧਮਾਕੇ ਕਾਰਨ 13 ਮੰਜਿਲਾ ਇਮਾਰਤ ਦੀ ਪਹਿਲੀ ਮੰਜਿਲ ਪੂਰੀ ਤਰਾਂ ਤਬਾਹ ਹੋ ਗਈ ਜਿਥੇ ਚੇਜ ਬੈਂਕ ਦਾ ਵੀ ਦਫਤਰ ਸੀ। ਇਸ ਇਮਾਰਤ ਵਿਚ ਰਿਹਾਇਸ਼ੀ ਅਪਾਰਟਮੈਂਟਸ ਵੀ ਹਨ। ਯੰਗਸਟੋਨ ਅੱਗ ਬੁਝਾਊ ਵਿਭਾਗ ਦੇ ਮੁੱਖੀ ਬੈਰੀ ਫਿਨਲੇ ਨੇ ਕਿਹਾ ਹੈ ਕਿ ਸਮੁੱਚੀ ਇਮਾਰਤ ਤੇ ਨਾਲ ਲੱਗਦੀਆਂ ਇਮਾਰਤਾਂ ਨੂੰ ਖਾਲੀ ਕਰਨ ਦੇ ਆਦੇਸ਼ ਜਾਰੀ ਕਰ ਦਿੱਤੇ ਗਏ ਹਨ।

# ਕਿੰਗਜ ਕਲੱਬ ਸੈਕਰਾਮੈਂਟੋ ਵੱਲੋਂ ਕਰਵਾਏ ਗਏ ਕਬੱਡੀ ਕੱਪ ਵਿੱਚ ਨਿਊਯਾਰਕ ਮੈਟਰੋ ਨੂੰ ਹਰਾ ਕੇ ਬੇਅ ਬੇਰੀਆ ਸਪੋਰਟਸ ਕਲੱਬ ਜੇਤੂ ਰਿਹਾ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਸੈਕਰਾਮੈਂਟੋ ਦੇ ਕਿੰਗਜ ਸਪੋਰਟਸ ਕਲੱਬ ਵੱਲੋਂ ਐਤਕਾਂ ਨੌਵਾਂ ਕਬੱਡੀ ਕੱਪ ਦਸ਼ਮੇਸ਼ ਦਰਬਾਰ ਗੁਰਦੁਆਰਾ ਸਾਹਿਬ ਦੀਆਂ ਗਰਾਉਂਡਾਂ ਵਿੱਚ ਕਰਵਾਇਆ ਗਿਆ ਜਿਸ ਵਿੱਚ ਲੋਕਾਂ ਦੇ ਭਾਰੀ ਇਕੱਠ ਨੇ ਸ਼ਮੂਲੀਅਤ ਕੀਤੀ ਤੇ ਕਬੱਡੀ ਦੇ ਨਾਮਵਰ ਖਿਡਾਰੀ ਵੀ ਇਸ ਕਬੱਡੀ ਕੱਪ ਦੇ ਵਿੱਚ ਸ਼ਾਮਿਲ ਹੋਏ। ਇਸ ਕਬੱਡੀ ਟੂਰਨਾਮੈਂਟ ਦੇ ਵਿੱਚ ਜਿੱਥੇ ਵੱਖ ਵੱਖ ਕਬੱਡੀ ਖਿਡਾਰੀਆਂ ਨੂੰ ਤੇ ਸ਼ਖਸ਼ੀਅਤਾਂ ਨੂੰ ਗੋਲਡ ਮੈਡਲਾਂ ਨਾਲ ਸਨਮਾਨਿਤ ਵੀ ਕੀਤਾ ਗਿਆ ਤੇ ਨਾਲ ਨਾਲ ਸਪੋਂਸਰਾਂ ਵੱਲੋਂ ਵੱਡੇ ਇਨਾਮਾਂ ਨਾਲ ਜੇਤੂ ਟੀਮਾਂ ਨੂੰ ਇਨਾਮ ਦਿੱਤੇ ਗਏ। ਇਸ ਟੂਰਨਾਮੈਂਟ ਵਿੱਚ ਨਿਊਯਾਰਕ ਮੈਟਰੋ ਨੂੰ ਹਰਾ ਕੇ ਬੇ ਏਰੀਆ ਸਪੋਰਟਸ ਕਲੱਬ ਜੇਤੂ ਰਿਹਾ ਜੇਤੂ ਟੀਮ ਨੂੰ ਵੱਡੀ ਟਰੋਫੀ ਤੇ ਵੱਡੇ ਨਗਦ ਇਨਾਮ ਦੇ ਨਾਲ ਸਨਮਾਨਿਆ ਗਿਆ, ਇਹ ਨਗਦ ਇਨਾਮ ਚੜਦਾ ਪੰਜਾਬ ਕਲੱਬ ਰੋਜਵਿਲ ਵੱਲੋਂ ਦਿੱਤਾ ਗਿਆ। ਦੂਸਰਾ ਇਨਾਮ ਸੋਢੀ ਛੋਕਰ ਤੇ ਬ੍ਰਦਰਜ, ਬਲਵਿੰਦਰ ਸਿੱਧੂ ਰਿਵਰਸਾਈਡ ਵੱਲੋਂ ਦਿੱਤਾ ਗਿਆ, ਇਸੇ ਤਰ੍ਹਾਂ ਤੀਸਰਾ ਇਨਾਮ ਜਸਪ੍ਰੀਤ ਅਟਾਰਨੀ ਐਟ ਲਾ ਵੱਲੋਂ ਦਿੱਤਾ ਗਿਆ। ਇਸ ਮੌਕੇ ਵੱਖ ਵੱਖ ਉੱਚ ਕੋਟੀ ਦੇ ਖਿਡਾਰੀਆਂ ਸਪੋਂਸਰਾਂ ਤੇ ਪ੍ਰਬੰਧਕਾਂ ਨੂੰ ਗੋਲਡ ਮੈਡਲਾਂ ਨਾਲ ਸਨਮਾਨਿਤ ਵੀ ਕੀਤਾ ਗਿਆ, ਇਹ ਸਨਮਾਨ ਲੈਣ ਵਾਲਿਆਂ ਵਿੱਚ ਗੁਰਮੁਖ ਸਿੰਘ ਸੰਧੂ, ਕਿੰਦੂ ਰਮੀਦੀ, ਤੀਰਥ ਗਾਖਲ, ਜਸਵਿੰਦਰ ਬੋਪਾਰਾਏ, ਅਮਰਜੀਤ ਬਾਸੀ, ਪਰਮਜੀਤ ਖਹਿਰਾ, ਜੱਸੀ ਸ਼ੇਰਗਿੱਲ ਅਤੇ ਗੁਰਜੋਤ ਤੇ ਮੈਣੀ ਨੂੰ ਗੋਲਡ ਮੈਡਲਾਂ ਨਾਲ ਸਨਮਾਨ ਕੀਤਾ ਗਿਆ। ਇਸੇ ਤਰ੍ਹਾਂ ਕਬੱਡੀ ਅੰਡਰ 25 ਵਿੱਚ ਮੈਟਰੋ ਪੰਜਾਬ ਨਿਊਯਾਰਕ ਨੇ ਦਸ਼ਮੇਸ਼ ਸਪੋਰਟਸ ਕਲੱਬ ਸੈਕਰਾਮੈਂਟੋ ਨੂੰ ਹਰਾ ਕੇ ਪਹਿਲਾਂ ਨਾਮ ਜਿੱਤਿਆ ਤੇ ਦਸ਼ਮੇਸ਼ ਸਪੋਰਟਸ ਕਲੱਬ ਸੈਕਰਾਮੈਂਟੋ ਨੂੰ ਦੂਜੇ ਤੇ ਸਬਰ ਕਰਨਾ ਪਿਆ। ਇਸ ਪਹਿਲੇ ਨੰਬਰ ਤੇ ਆਉਣ ਵਾਲੀ ਟੀਮ ਨੂੰ ਰਾਜ ਧਾਮੀ ਨੇ ਪਹਿਲਾਂ ਇਨਾਮ ਦਿੱਤਾ ਦੂਜੇ ਨੰਬਰ ਤੇ ਰਹਿਣ ਵਾਲੀ ਟੀਮ ਨੂੰ ਰਾਜਾ ਸ਼ਾਹ, ਸੁਖਵੀਰ ਖੱਖ, ਸੁਖਦੇਵ ਹੁੰਦਲ, ਨੋਨੀ ਸ਼ਾਹ ਸੁਖਬੀਰ ਖੱਖ ਤੇ ਸੁਖਵਿੰਦਰ ਸਿੰਘ ਨੇ ਇਨਾਮ ਦਿੱਤਾ ਇਸ ਕਬੱਡੀ ਟੂਰਨਾਮੈਂਟ ਵਿੱਚ ਸੁਲਤਾਨ ਸਮਸ਼ਪੁਰ ਨੂੰ ਬੈਸਟ ਰੇਡਰ ਤੇ ਪਾਲਾ ਜਲਾਲਪੁਰ ਤੇ ਸੱਤੂ ਖਡੂਰ ਸਾਹਿਬ ਨੂੰ ਬੈਸਟ ਜਾਫੀ ਨਾਲ ਨਿਵਾਜਿਆ ਗਿਆ। ਇਸ ਮੌਕੇ ਬੀਬੀਆਂ ਦੇ ਬੈਠਣ ਦਾ ਵੱਖਰਾ ਪ੍ਰਬੰਧ ਕੀਤਾ ਗਿਆ ਸੀ ਤੇ ਪ੍ਰਬੰਧਕਾਂ ਵੱਲੋਂ ਸਕਿਉਰਟੀ ਦੇ ਪੂਰੇ ਪ੍ਰਬੰਧ ਕੀਤੇ ਗਏ ਹੋਏ ਸਨ ਤੇ ਲੋਕਾਂ ਨੂੰ ਸਿਕਿਉਰਟੀ ਚੈਕ ਕਰਕੇ ਖੇਡ ਮੈਦਾਨ ਵਿੱਚ ਜਾਣ ਦਿੱਤਾ ਗਿਆ। ਇਸ ਮੌਕੇ ਨੌਜਵਾਨ ਬੁਲਾਰੇ ਪਿਰਤਾ ਚੀਮਾ ਨੇ ਖੇਡ ਦੇ ਮੈਦਾਨ ਵਿੱਚੋਂ ਤੇ ਬੀਬੀ ਆਸ਼ਾ ਸ਼ਰਮਾ ਨੇ ਸਟੇਜ ਤੋਂ ਕਮੈਂਟਰੀ ਕੀਤੀ। ਇਸ ਕਬੱਡੀ ਕੱਪ ਨੂੰ ਦੇਖਣ ਲਈ ਕਈ ਖਾਸ ਵਿਅਕਤੀਆਂ ਨੇ ਵੀ ਸ਼ਮੂਲੀਅਤ ਕੀਤੀ।





# ਪੰਜਾਬ ਦੇ ਉਹ 5 ਆਗੂ ਜੋ ਜੇਲ੍ਹ ਵਿੱਚੋਂ ਚੋਣ ਲੜੇ ਤੇ ਜਿੱਤੇ



ਵਾਰਿਸ ਪੰਜਾਬ ਦੇ ਜਥੇਬੰਦੀ' ਦੇ ਮੁਖੀ ਅਤੇ ਖਾਲਿਸਤਾਨ ਹਮਾਇਤੀ ਅਮ੍ਰਿਤਪਾਲ ਸਿੰਘ ਪੰਜਾਬ ਦੀ ਖਡੂਰ ਸਾਹਿਬ ਸੀਟ ਤੋਂ ਲੋਕ ਸਭਾ ਚੋਣਾਂ ਲਈ ਅਜ਼ਾਦ ਉਮੀਦਵਾਰ ਵਜੋਂ ਚੋਣ ਜਿੱਤ ਗਏ ਹਨ।

ਅਮ੍ਰਿਤਪਾਲ ਨੈਸ਼ਨਲ ਸਕਿਊਰਿਟੀ ਐਕਟ (ਐੱਨਐੱਸਏ) ਤਹਿਤ ਆਪਣੇ 9 ਹੋਰ ਸਾਥੀਆਂ ਨਾਲ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿਚ ਬੰਦ ਹਨ। ਇਕੱਲੇ ਅਮ੍ਰਿਤਪਾਲ ਹੀ ਨਹੀਂ ਖਾਲਿਸਤਾਨ ਸਮਰਥਕ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵਲੋਂ ਦੋ ਵਾਰ ਚੋਣ ਲੜ ਕੇ ਹਾਰੇ ਅਤੇ ਇਸ ਵਾਰ ਅਜ਼ਾਦ ਉਮੀਦਵਾਰ ਬਣੇ ਸਰਬਜੀਤ ਸਿੰਘ ਖਾਲਸਾ ਨੂੰ ਵੀ ਫਰੀਦਕੋਟ ਤੋਂ ਜਿੱਤ ਹਾਸਲ ਹੋਈ ਹੈ। ਭਾਵੇਂ ਕਿ ਗਰਮਸੁਰ ਸਿਆਸਤ ਲਈ ਜਾਣੇ ਜਾਂਦੇ ਮਾਨ ਦਲ ਦੇ ਮੁਖੀ ਸਿਰਮਰਨਜੀਤ ਸਿੰਘ ਮਾਨ ਇਸ ਵਾਰ ਆਪ ਚੋਣ ਹਾਰ ਗਏ ਹਨ। ਪਰ ਸਰਬਜੀਤ ਸਿੰਘ ਖਾਲਸਾ



ਦੀ ਜਿੱਤ ਨੂੰ ਅਮ੍ਰਿਤਪਾਲ ਦੀ ਚੋਣ ਮੁਹਿੰਮ ਨਾਲ ਪੈਦਾ ਹੋਏ ਹਾਲਾਤ ਦੀ ਉਪਜ ਮੰਨਿਆ ਜਾ ਰਿਹਾ ਹੈ। ਸਰਬਜੀਤ ਸਿੰਘ ਖਾਲਸਾ, ਭਾਰਤ ਦੀ ਮਰਹੂਮ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਵਿੱਚ ਦੋਸ਼ੀ ਬੇਅੰਤ ਸਿੰਘ ਦੇ ਪੁੱਤਰ ਹਨ। ਉਨ੍ਹਾਂ ਦੀ ਮਾਤਾ ਬਿਮਲ ਕੌਰ ਖਾਲਸਾ ਵੀ ਰੋਪੜ ਤੋਂ ਸੰਸਦ ਮੈਂਬਰ ਰਹਿ ਚੁੱਕੇ ਹਨ।

ਅਮ੍ਰਿਤਪਾਲ ਸਿੰਘ ਨੇ ਜਦੋਂ ਚੋਣ ਲੜਨ ਦਾ ਐਲਾਨ ਕੀਤਾ ਸੀ, ਤਾਂ ਇਸ ਨਾਲ ਦੋ ਤਰ੍ਹਾਂ ਦੀ ਚਰਚਾ ਛਿੜ ਸੀ, ਪਹਿਲੀ ਇਹ ਕਿ ਕੀ ਕੋਈ ਜੇਲ੍ਹ ਵਿੱਚੋਂ ਚੋਣ ਲੜ ਸਕਦਾ ਹੈ, ਦੂਜਾ ਇਸ ਤੋਂ ਪਹਿਲਾਂ ਕੌਣ-ਕੌਣ ਜੇਲ੍ਹ ਵਿੱਚੋਂ ਚੋਣ ਲੜਿਆ ਹੈ। ਇਸ ਰਿਪੋਰਟ ਵਿੱਚ ਅਸੀਂ ਇਨ੍ਹਾਂ ਦੋਵੇਂ ਸਵਾਲਾਂ ਦੇ ਜਵਾਬ ਤਲਾਸ਼ਣ ਦੀ ਕੋਸ਼ਿਸ਼ ਕੀਤੀ ਸੀ। ਇਹ ਰਿਪੋਰਟ ਅਸੀਂ 27 ਅਪ੍ਰੈਲ 2024 ਨੂੰ ਉਦੋਂ ਛਾਪੀ ਸੀ, ਜਦੋਂ ਅਮ੍ਰਿਤਪਾਲ ਸਿੰਘ ਨੇ ਜੇਲ੍ਹ ਵਿੱਚੋਂ ਚੋਣ ਲੜਨ ਦਾ ਐਲਾਨ ਕੀਤਾ ਸੀ। ਅਮ੍ਰਿਤਪਾਲ ਦੀ ਜਿੱਤ ਮੌਕੇ ਇਸੇ ਰਿਪੋਰਟ ਨੂੰ ਪਾਠਕਾਂ ਦੀ ਰੁਚੀ ਲ਼ਈ ਮੁੜ ਛਾਪ ਰਹੇ ਹਾਂ।

### ਕੀ ਜੇਲ੍ਹ ਵਿੱਚੋਂ ਚੋਣ ਲੜੀ ਜਾ ਸਕਦੀ ਹੈ

ਐਡਵੋਕੇਟ ਰੰਜੇ ਸੈਣੀ ਨੇ ਬੀਬੀਸੀ ਪੰਜਾਬੀ ਨਾਲ ਗੱਲ ਕਰਦਿਆਂ ਦੱਸਿਆ ਕਿ ਰੀਪਰਜ਼ੈਂਟੇਸ਼ਨ ਆਫ ਦਿ ਪੀਪਲ ਐਕਟ-1951 ਦਾ ਸੈਕਸ਼ਨ 8 ਅਦਾਲਤ ਤੋਂ ਸਜ਼ਾ ਯਾਫ਼ਤਾ ਲੋਕ ਨੁਮਾਇੰਦਿਆਂ, ਜਿਵੇਂ ਵਿਧਾਇਕਾਂ ਤੇ ਸੰਸਦ ਮੈਂਬਰਾਂ ਦੀ ਡਿਸਕੁਆਲੀਫੇਕਸ਼ ਦੇ ਨਿਯਮ ਤੈਅ ਕਰਦਾ ਹੈ। ਉਹ ਦੱਸਦੇ ਹਨ ਕਿ ਇਸ ਇੱਕ ਤੱਥ ਤੋਂ ਸਪੱਸ਼ਟ ਹੈ ਕਿ ਕੋਈ ਵੀ ਵਿਅਕਤੀ ਜਦੋਂ ਤੱਕ ਅਦਾਲਤ ਵੱਲੋਂ ਮੁਲਜ਼ਮ ਨਹੀਂ ਠਹਿਰਾਇਆ ਜਾਂਦਾ, ਉਹ ਕੋਈ ਵੀ ਚੋਣ ਲੜਨ ਦੇ ਯੋਗ ਹੁੰਦਾ ਹੈ।

ਸੈਕਸ਼ਨ 8 ਵਿੱਚ ਲਿਖਿਆ ਗਿਆ ਹੈ, "ਕੋਈ ਵੀ ਅਰਰਾਧ ਲਈ ਦੋਸ਼ੀ ਠਹਿਰਾਇਆ ਗਿਆ ਵਿਅਕਤੀ ਅਤੇ ਉੱਪ ਧਾਰਾ (1) ਜਾਂ ਉੱਪ ਧਾਰਾ (2) ਵਿੱਚ ਦਰਸਾਏ ਗਏ ਕਿਸੇ ਵੀ ਅਪਰਾਧ ਤੋਂ ਇ਼ਲਾਵਾ ਘੱਟੋ ਘੱਟ 2 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਹੋਵੇ ਤਾਂ ਉਹ ਵਿਅਕਤੀ ਸਜ਼ਾ ਸੁਣਾਏ ਜਾਣ ਦੇ ਦਿਨ ਤੋਂ ਹੀ ਅਯੋਗ ਹੋ ਜਾਂਦਾ ਹੈ। ਸਜ਼ਾ ਪੂਰੀ ਹੋਣ ਤੋਂ 6 ਸਾਲ ਬਾਅਦ ਤੱਕ ਵੀ ਉਹ ਚੋਣ ਲੜਨ ਦੇ ਯੋਗ ਨਹੀਂ ਹੁੰਦਾ।"

ਰੰਜੇ ਸੈਣੀ ਮੁਤਾਬਕ, "ਮੌਜੂਦਾ ਕਾਨੂੰਨ ਦੇ ਅਨੁਸਾਰ, ਜੇਕਰ ਕਿਸੇ ਵਿਅਕਤੀ ਨੂੰ ਦੋਸ਼ੀ ਠਹਿਰਾਇਆ ਜਾਂਦਾ ਹੈ ਅਤੇ ਉਸ ਨੂੰ ਘੱਟੋ-ਘੱਟ 2 ਸਾਲ ਦੀ ਕੈਦ ਦੀ ਸਜ਼ਾ ਦਿੱਤੀ ਜਾਂਦੀ ਹੈ, ਤਾਂ ਸਜ਼ਾ ਸੁਣਾਏ ਜਾਣ ਦੀ ਤਰੀਕ ਤੋਂ ਲੈ ਕੇ ਰਿਹਾਈ ਦੀ ਤਰੀਕ ਤੋਂ ਛੇ ਸਾਲਾਂ ਤੱਕ ਚੋਣ ਲੜਨ ਲਈ ਆਪਣੇ ਆਪ ਹੀ ਅਯੋਗ ਹੋ ਜਾਂਦਾ ਹੈ।" ਹੁਣ ਪੰਜਾਬ ਦੀ ਜੇਲ੍ਹ ਵਿੱਚੋਂ ਚੋਣ ਲੜ ਚੁੱਕੇ ਪੰਜ ਆਗੂਆਂ ਦੀ ਗੱਲ ਕਰਦੇ ਹਾਂ।

### ਸਿਮਰਨਜੀਤ ਸਿੰਘ ਮਾਨ

ਸਿਮਰਨਜੀਤ ਸਿੰਘ ਮਾਨ ਪੰਜਾਬ ਦੇ ਸੰਗਰੂਰ ਹਲਕੇ ਤੋਂ ਮੌਜੂਦਾ ਲੋਕ ਸਭਾ ਮੈਂਬਰ ਹਨ। ਭਾਰਤੀ ਸੰਸਦ ਵਿੱਚ ਉਹ ਵਾਹਦ ਇੱਕੋ-ਇੱਕ ਅਜਿਹੇ ਮੈਂਬਰ ਹਨ, ਜੋ ਭਾਰਤ ਤੋਂ ਅਲੱਗ ਖੁਦਮੁਖਤਿਆਰ ਮੁਲਕ "ਖਾਲਿਸਤਾਨ" ਦੀ ਮੰਗ ਨੂੰ ਚੋਣ ਮੁੱਦਾ ਬਣਾ ਕੇ ਚੋਣ ਲੜਦੇ ਹਨ। ਇਸ ਵੇਲੇ ਉਹ ਤੀਜੀ ਵਾਰ ਸੰਸਦ ਮੈਂਬਰ ਹਨ। 2022 ਦੀ ਸੰਗਰੂਰ ਜ਼ਿਮਨੀ ਚੋਣ ਦੌਰਾਨ ਉਨ੍ਹਾਂ ਫ਼ਰਵਰੀ 2022 ਵਿਧਾਨ ਸਭਾ ਚੋਣਾਂ ਦੌਰਾਨ 117 ਵਿੱਚੋਂ 92 ਸੀਟਾਂ ਜਿੱਤਣ ਵਾਲੀ ਆਮ ਆਦਮੀ ਪਾਰਟੀ ਦੇ ਉਮੀਦਵਾਰ ਨੂੰ ਹਰਾਇਆ ਸੀ।

ਸਿਮਰਨਜੀਤ ਸਿੰਘ ਮਾਨ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਹਨ ਅਤੇ ਉਹ ਆਪਣੀ ਪਾਰਟੀ ਵੱਲੋਂ ਹੀ ਇੱਕ ਵਾਰ ਫੇਰ ਚੋਣ ਮੈਦਾਨ ਵਿੱਚ ਹਨ। ਸਿਮਰਨਜੀਤ ਸਿੰਘ ਮਾਨ ਸਾਬਕਾ ਆਈਪੀਐੱਸ ਅਧਿਕਾਰੀ ਹਨ। 1984 ਵਿੱਚ ਜਦੋਂ ਤਤਕਾਲੀ ਇੰਦਰਾ ਗਾਂਧੀ ਸਰਕਾਰ ਨੇ ਸਿੱਖਾਂ ਦੇ ਮੁਕੱਦਸ ਸਮਝੇ ਜਾਂਦੇ ਅਸਥਾਨ ਅਕਾਲ ਤਖ਼ਤ ਉੱਤੇ ਫੌਜੀ ਕਾਰਵਾਈ ਕੀਤੀ ਤਾਂ ਰੋਸ ਵਜੋਂ ਮਾਨ ਨੇ ਨੌਕਰੀ ਤੋਂ ਅਸਤੀਫ਼ਾ ਦੇ ਦਿੱਤਾ। ਉਹ ਉਸ ਵੇਲੇ ਫਰੀਦਕੋਟ ਦੇ ਐੱਸਐੱਸਪੀ ਹੁੰਦੇ ਸਨ। ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਉਹ 1984 ਤੋਂ 1989 ਤੱਕ ਜੇਲ੍ਹ ਵਿਚ ਰਹੇ। ਸਿਮਰਨਜੀਤ ਸਿੰਘ ਮਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਨ। 1989 ਦੀਆਂ ਆਮ ਚੋਣਾਂ ਦੌਰਾਨ ਸਿਮਰਨਜੀਤ ਸਿੰਘ ਮਾਨ ਨੇ ਜੇਲ੍ਹ ਵਿੱਚੋਂ ਤਰਨਤਾਰਨ ਹ਼ਲਕੇ ਤੋਂ ਚੋਣ ਲੜੀ ਅਤੇ ਸਾਢੇ 4 ਲੱਖ ਤੋਂ ਵੋਟਾਂ ਦੇ ਫਰਕ ਨਾਲ ਜਿੱਤੇ। 1989 ਵਿੱਚ ਸਿਮਰਨਜੀਤ ਸਿੰਘ ਮਾਨ ਦੀ ਪਾਰਟੀ ਨੇ ਲੁਧਿਆਣਾ, ਰੋਪੜ, ਫਰੀਦਕੋਟ, ਫ਼ਿਰੋਜ਼ਪੁਰ, ਤਰਨਤਾਰਨ, ਸੰਗਰੂਰ ਤੇ ਬਠਿੰਡਾ ਸਣੇ 7 ਸੀਟਾਂ ਉੱਤੇ ਕਬਜ਼ਾ ਕੀਤਾ ਸੀ। ਸਿਮਰਨਜੀਤ ਸਿੰਘ ਮਾਨ 1989 ਵਿੱਚ ਤਰਨਤਾਰਨ ਅਤੇ 1999 ਦੀਆਂ ਲੋਕ ਸਭਾ ਚੋਣਾਂ ਦੌਰਾਨ ਸੰਗਰੂਰ ਤੋਂ ਚੋਣ ਜਿੱਤੇ ਸਨ। ਇਸ ਤੋਂ ਬਾਅਦ ਮਾਨ ਨੇ ਲੰਬਾ ਸਮਾਂ ਸਿਆਸੀ ਸੋਕਾ ਦੇਖਿਆ ਅਤੇ 2022 ਵਿੱਚ ਮੁੜ ਲੋਕ ਸਭਾ ਵਿੱਚ ਪਹੁੰਚ ਗਏ।

### ਅਤਿੰਦਰਪਾਲ ਸਿੰਘ

1989 ਦੀਆਂ ਚੋਣਾਂ ਦੌਰਾਨ ਇਕੱਲੇ ਸਿਮਰਨਜੀਤ ਸਿੰਘ ਮਾਨ ਹੀ ਜੇਲ੍ਹ ਵਿੱਚੋਂ ਚੋਣ ਨਹੀਂ ਜਿੱਤੇ ਸਗੋਂ ਉਨ੍ਹਾਂ ਦੀ ਪਾਰਟੀ ਦੇ ਇੱਕ ਹੋਰ ਉਮੀਦਵਾਰ ਅਤਿੰਦਰਪਾਲ ਸਿੰਘ ਵੀ ਜੇਲ੍ਹ ਵਿੱਚ ਹੋਣ ਦੇ ਬਾਵਜੂਦ ਚੋਣ ਜਿੱਤ ਗਏ ਸਨ। ਉਨ੍ਹਾਂ ਪਟਿਆ਼ਲਾ ਲੋਕ ਸਭਾ ਹਲਕੇ ਤੋਂ ਚੋਣ ਜਿੱਤੀ ਸੀ। ਅਤਿੰਦਰਪਾਲ ਸਿੰਘ 1989 ਤੋਂ 1991 ਤੱਕ ਲੋਕ ਸਭਾ ਦੇ ਮੈਂਬਰ ਰਹੇ ਸਨ। ਪਰ ਉਸ ਤੋਂ ਬਾਅਦ ਉਨ੍ਹਾਂ ਆਪਣਾ ਅਕਾਲੀ ਦਲ ਬਣਾ ਲਿਆ। ਇਸ ਅਕਾਲੀ ਦਲ ਦਾ ਨਾਂ ਸ਼੍ਰੋਮਣੀ ਅਕਾਲੀ ਦਲ ਖਾਲਿਸਤਾਨੀ ਸੀ। ਟਾਇਮਜ਼ ਆਫ਼ ਇੰਡੀਆ ਵਿੱਚ ਪ੍ਰਕਾਸ਼ਿਤ ਇੱਕ ਰਿਪੋਰਟ ਮੁਤਾਬਕ 27 ਫਰਵਰੀ 2011 ਨੂੰ ਉਨ੍ਹਾਂ ਖਿਲਾਫ਼ ਦੇਸ਼ਧ੍ਰੋਹ ਅਤੇ



ਸਰਕਾਰ ਖਿਲਾਫ਼ ਜੰਗ ਛੇੜਨ ਦਾ ਕੇਸ ਦਰਜ ਕਰਕੇ ਗ੍ਰਿਫ਼ਤਾਰ ਕੀਤਾ ਗਿਆ ਸੀ।ਦਰਅਸਲ ਅਤਿੰਦਰਪਾਲ ਸਿੰਘ ਅਤੇ ਉਨ੍ਹਾਂ ਦੇ ਕੁਝ ਹੋਰ ਸਾਥੀਆਂ ਦੀ ਫੋਟੋ ਵਾਲੇ ਬੈਨਰ ਜਲੰਧਰ ਸ਼ਹਿਰ ਵਿੱਚ ਲਗਾਏ ਗਏ ਸਨ, ਜਿਨ੍ਹਾਂ ਉੱਤੇ ਲਿਖਿਆ ਗਿਆ ਸੀ, "ਤੁਸੀਂ ਮੈਨੂੰ ਵੋਟ ਦਿਓ ਮੈਂ ਤੁਹਾਨੂੰ ਖਾਲਿਸਤਾਨ ਦੇਵਾਂਗਾ।" ਭਾਵੇਂ ਕਿ ਬਾਅਦ ਵਿੱਚ ਉਹ ਇਸ ਕੇਸ ਵਿੱਚੋਂ ਬਰੀ ਹੋ ਗਏ, ਪਰ ਉਨ੍ਹਾਂ ਸਰਗਰਮ ਚੋਣ ਸਿਆਸਤ ਤੋਂ ਕਿਨਾਰਾ ਕਰ ਲਿਆ, ਇਸ ਵੇਲੇ ਉਹ ਸਿੱਖ ਕਾਰਕੁਨ ਦੇ ਤੌਰ ਉੱਤੇ ਪੰਥਕ ਮੁੱਦਿਆਂ ਉੱਤੇ ਵਲੌਗਰ ਵਜੋਂ ਵੀ ਸਰਗਰਮ ਹਨ।

### ਕਾਮਰੇਡ ਵਧਾਵਾ ਰਾਮ

ਕਾਮਰੇਡ ਵਧਾਵਾ ਰਾਮ ਭਾਰਤ ਦੇ ਆਜ਼ਾਦੀ ਸੰਗਰਾਮੀਏ ਅਤੇ ਮੁਜਾਰਾ ਲਹਿਰ ਦੇ ਸਿਰਕੱਢ ਆਗੂ ਸਨ। ਉਹ ਲਹਿੰਦੇ ਪੰਜਾਬ ਦੇ ਇ਼ਲਾਕੇ ਵਿੱਚ ਬਾਬਾ ਜਵਾਲਾ ਸਿੰਘ ਦੀ ਅਗਵਾਈ ਵਿੱਚ ਲੜੇ ਗਏ ਕਿਸਾਨ ਸੰਘਰਸ਼ਾਂ ਨਾਲ ਜਨਤਕ ਘੋਲਾਂ ਵਿੱਚ ਕੁੱਦੇ ਸਨ। ਉਨ੍ਹਾਂ ਪਟਵਾਰੀ ਦੀ ਨੌਕਰੀ ਛੱਡ ਕੇ ਜਨਤਕ ਸੰਘਰਸ਼ ਦਾ ਰਾਹ ਫੜ੍ਹਿਆ ਸੀ। ਸੁਖਇੰਦਰ ਧਾਲੀਵਾਲ ਖੱਬੇਪੱਖੀ ਕਾਰਕੁਨ ਹਨ ਅਤੇ ਉਨ੍ਹਾਂ ਕਈ ਜਨਤਕ ਜਥੇਬੰਦੀਆਂ ਵਿੱਚ ਕੰਮ ਕੀਤਾ ਹੈ। ਉਹ ਵਧਾਵਾ ਰਾਮ ਨਾਲ ਵੀ ਕੰਮ ਕਰਦੇ ਰਹੇ ਹਨ। ਧਾਲੀਵਾਲ ਦੱਸਦੇ ਹਨ, "ਵਧਾਵਾ ਰਾਮ 1939 ਤੋਂ ਲੈ ਕੇ 1947 ਤੱਕ ਭਾਰਤੀ ਆਜ਼ਾਦੀ ਦੀ ਲੜਾਈ ਦੌਰਾਨ ਕਈ ਵਾਰ ਜੇਲ੍ਹ ਗਏ ਅਤੇ ਉਨ੍ਹਾਂ ਦੇ ਸਿਰ ਉੱਤੇ ਇੱਕ ਲੱਖ ਰੁਪਏ ਦਾ ਇਨਾਮ ਵੀ ਰੱਖਿਆ ਗਿਆ ਸੀ।"

ਧਾਲੀਵਾਲ ਮੁਤਾਬਕ ਆਜ਼ਾਦੀ ਤੋਂ ਬਾਅਦ ਵਧਾਵਾ ਰਾਮ ਮੁਜਾਰਾ ਲਹਿਰ ਵਿੱਚ ਸ਼ਾਮਲ ਹੋਏ ਅਤੇ 22 ਅਗਸਤ 1948 ਨੂੰ ਮੁੜ ਗ੍ਰਿਫਤਾਰ ਕਰ ਲ਼ਏ ਗਏ, ਪਰ ਉਹ ਜੇਲ੍ਹ ਵਿੱਚੋਂ ਫਰਾਰ ਹੋ ਗਏ। ਪਰ ਇੱਕ ਮਹੀਨੇ ਬਾਅਦ ਹੀ 20 ਅਪ੍ਰੈਲ 1948 ਨੂੰ ਦੁਬਾਰਾ ਫੜ੍ਹੇ ਗਏ। ਧਾਲੀਵਾਲ ਅੱਗੇ ਦੱਸਦੇ ਹਨ ਕਿ ਜਿਸ ਵੇ਼ਲੇ 1952 ਦੀਆਂ ਆਮ ਚੋਣਾਂ ਹੋਈਆਂ ਉਹ ਉਦੋਂ



ਜੇਲ੍ਹ ਵਿੱਚ ਸਨ ਅਤੇ ਉਨ੍ਹਾਂ ਨੇ ਜੇਲ੍ਹ ਵਿੱਚੋਂ ਹੀ ਫਾਜ਼ਿਲਕਾ ਹਲਕੇ ਤੋਂ ਇਹ ਚੋਣ ਲੜੀ ਅਤੇ ਜਿੱਤੀ। ਉਨ੍ਹ ਇਹ ਚੋਣ ਖੱਬੇਪੱਖੀ ਵਿਚਾਰਾਂ ਵਾਲੀ ਲਾਲ ਪਾਰਟੀ ਦੀ ਤਰਫੋਂ ਜਿੱਤੀ ਸੀ। ਉਨ੍ਹਾਂ ਨੇ ਬਾਰਤੀ ਆਜ਼ਾਦੀ ਦੀ ਲੜਾਈ ਦੇ ਪੰਜਾਬ ਤੋਂ ਵੱਡੇ ਆਗੂ ਸੈਫੂਦੀਨ ਕਿਚਲੂ, ਤੇਜਾ ਸਿੰਘ ਸੁਤੰਤਰ, ਡਾ. ਸੱਤਿਆਪਾਲ ਅਤੇ ਬਾਬਾ ਜਵਾਲਾ ਸਿੰਘ ਆਦਿ ਨਾਲ ਸੰਘਰਸ਼ ਲੜ੍ਹੇ। ਉਹ ਇਕੱਲੇ ਜੇਲ੍ਹ ਵਿੱਚੋਂ ਹੀ ਨਹੀਂ ਜਿੱਤੇ ਸਗੋਂ ਉਸ ਤੋਂ ਬਾਅਦ ਵੀ ਬਿਨਾਂ ਕੋਈ ਪੈਸਾ ਖਰਚੇ ਚੋਣ ਲੜਦੇ ਰਹੇ ਅਤੇ ਜਿੱਤਦੇ ਰਹੇ।

ਸੁਖਇੰਦਰ ਧਾਲੀਵਾਲ ਦਾਅਵਾ ਕਰਦੇ ਹਨ ਕਿ ਵਧਾਵਾ ਰਾਮ ਲੋਕਾਂ ਵਲੋਂ ਚੋਣ ਲਈ ਇਕੱਠੇ ਕੀਤੇ ਪੈਸਿਆਂ ਨਾਲ ਹੀ ਚੋਣ ਲੜਦੇ ਸਨ, ਉਹ ਆਪਣੇ ਪ੍ਰਚਾਰ ਲਈ ਪੈਸੇ ਨਹੀਂ ਖਰਚਦੇ ਸਨ। ਆਪਣੀ ਜ਼ਿੰਦਗੀ ਦੇ ਆਖ਼ਰੀ ਦੌਰ ਵਿੱਚ ਕਾਮਰੇਡ ਵਧਾਵਾ ਰਾਮ ਯੂ-ਸੀਪੀਆਈ ਵਿੱਚ ਸ਼ਾਮਲ ਹੋ ਗਏ ਸਨ। ਧਾਲੀਵਾਲ ਮੁਤਾਬਕ ਉਹ ਆਪਣੀ ਪਾਰਟੀ ਕਾਨਫਰੰਸ ਲਈ ਤਮਿਲਨਾਡੂ ਗਏ ਹੋਏ ਸਨ, ਵਧਾਵਾ ਰਾਮ ਪ੍ਰਧਾਨਗੀ ਮੰਡਲ ਵਿੱਚ ਵੀ ਬੈਠੇ ਸਨ, ਪਰ ਸ਼ਾਮ ਨੂੰ 29 ਮਈ 1989 ਵਾਲੇ ਦਿਨ ਉਨ੍ਹਾਂ ਨੂੰ ਦਿਲ ਦਾ ਦੌਰਾ ਪੈ ਗਿਆ ਅਤੇ ਉਨ੍ਹਾਂ ਦੀ ਮੌਤ ਹੋ ਗਈ ਸੀ।

### ਕਾਮਰੇਡ ਜਗੀਰ ਸਿੰਘ ਜੋਗਾ

ਸੀਨੀਅਰ ਪੱਤਰਕਾਰ ਬਲਜੀਤ ਬੱਲੀ ਬਠਿੰਡਾ-ਮਾਨਸਾ ਵਿੱਚ ਖੁਦ ਪੱਤਰਕਾਰੀ ਕਰਦੇ ਰਹੇ ਹਨ ਅਤੇ ਉਹ ਪਿਛਲੇ ਕਈ ਦਹਾਕਿਆਂ ਤੋਂ ਪੰਜਾਬ ਦੇ ਸਿਆਸੀ ਤੇ ਸਮਾਜਿਕ ਮੁੱਦਿਆਂ ਨੂੰ ਕਵਰ ਕਰਦੇ ਰਹੇ ਹਨ। ਬੱਲੀ ਦੱਸਦੇ ਹਨ ਕਿ ਕਾਮਰੇਡ ਜਗੀਰ ਸਿੰਘ ਜੋਗਾ ਮੁਜਾਰਾ ਲਹਿਰ ਦੇ ਮੋਢੀ ਆਗੂਆਂ ਵਿੱਚੋਂ ਸਨ। ਮੁਜਾਰਾ ਲਹਿਰ ਭਾਰਤ ਦੀ ਆਜ਼ਾਦੀ ਤੋਂ ਤੁਰੰਤ ਬਾਅਦ 1948 ਤੋਂ 1952 ਵਿਚਾਕਰ ਪੈਪਸੂ ਸਟੇਟ ਵਿੱਚ ਜਗਰੀਦਾਰੀ ਸਿਸਟਮ ਖਿਲਾਫ਼ ਬੇਜ਼ਮੀਨਾਂ ਕਿਸਾਨਾਂ ਵਲੋਂ ਲੜਿਆ ਗਿਆ ਸੰਘਰਸ਼ ਸੀ। ਇਹ ਸੰਘਰਸ਼ ਕਾਮਰੇਡ ਤੇਜਾ ਸਿੰਘ ਸੁੰਤਤਰ ਦੀ ਖੱਬੇਪੱਖੀ ਵਿਚਾਰਾਂ ਵਾਲਾ ਲਾਲ ਪਾਰਟੀ ਦੀ ਅਗਵਾਈ ਵਿੱਚ ਲੜਿਆ ਗਿਆ ਸੀ। ਬੱਲੀ ਮੁਤਾਬਕ ਉਹ ਇੱਕ ਬਹੁਤ ਹੀ ਸਧਾਰਨ ਅਤੇ ਸਾਦਾ ਜੀਵਨ ਜੀਉਣ ਵਾਲੇ ਆਗੂ ਸਨ ਅਤੇ ਪੂਰੀ ਜ਼ਿੰਦਗੀ ਖੱਬੇਪੱਖੀ ਵਿਚਾਰਾਂ ਉੱਤੇ ਪਹਿਰਾ ਦਿੰਦੇ ਰਹੇ। ਸੁਖਇੰਦਰ ਧਾਲੀਵਾਲ ਦੱਸਦੇ ਹਨ ਕਿ ਜਗੀਰ ਸਿੰਘ ਜੋਗਾ ਪ੍ਰਜਾ ਮੰਡਲ ਦੇ ਖਜਾਨਚੀ ਹੁੰਦੇ ਸਨ। ਬਾਅਦ ਵਿੱਚ ਜਦੋਂ ਉਹ ਸੀਪੀਆਈ ਵਿੱਚ ਸ਼ਾਮਲ ਹੋਏ ਤਾਂ ਪੈਸਾ-ਪੈਸਾ ਪ੍ਰਜਾ ਮੰਡਲ ਦੇ ਆਗੂਆਂ ਨੂੰ ਸੌਂਪ ਕੇ ਗਏ। ਜਗੀਰ ਸਿੰਘ ਜੋਗਾ ਨੂੰ 1948 ਵਿੱਚ ਗ੍ਰਿਫ਼ਤਾਰ ਕਰ ਲਿਆ ਗਿਆ ਸੀ ਪਰ ਉਹ ਸਾਥੀਆਂ ਸਣੇ ਜੇਲ੍ਹ ਵਿੱਚੋਂ ਸੁਰੰਗ ਪੁੱਟ ਕੇ ਫਰਾਰ ਹੋ ਗਏ। ਪਰ ਛੇਤੀ ਹੀ ਉਨ੍ਹਾਂ ਨੂੰ ਮੁੜ ਗ੍ਰਿਫ਼ਤਾਰ ਕਰ ਲਿਆ ਗਿਆ। ਇਸ ਦੇ ਦੌਰਾਨ 1954 ਦੀਆਂ ਆਮ ਚੋਣਾਂ ਦਾ ਐਲਾਨ ਹੋ ਗਿਆ। ਲਾਲ ਪਾਰਟੀ ਨੇ ਜਗੀਰ ਸਿੰਘ ਜੋਗਾ ਨੂੰ ਜੇਲ੍ਹ ਵਿੱਚੋਂ ਹੀ ਮਾਨਸਾ ਵਿਧਾਨ ਸਭਾ ਹਲਕੇ ਤੋਂ ਉਮੀਦਵਾਰ ਬਣਾ ਦਿੱਤਾ। ਉਹ ਆਪਣੇ ਹਲਕੇ ਵਿੱਚ ਪ੍ਰਚਾਰ ਲਈ ਇੱਕ ਵਾਰ ਵੀ ਨਹੀਂ ਗਏ, ਪਰ ਲੋਕਾਂ ਨੇ ਉਨ੍ਹਾਂ ਨੂੰ ਭਾਰੀ ਬਹੁਮਤ ਨਾਲ ਜਿਤਾ ਦਿੱਤਾ। ਜਗੀਰ ਸਿੰਘ ਜੋਗਾ ਵਿਧਾਇਕ ਬਣ ਕੇ ਜੇਲ੍ਹ ਵਿੱਚੋਂ ਬਾਹਰ ਆ ਗਏ ਅਤੇ ਉਹ ਇਸ ਪਿੱਛੋਂ 1962, 1967 ਅਤੇ 1972 ਦੀਆਂ ਚੋਣਾਂ ਦੌਰਾਨ ਲਗਾਤਾਰ ਤਿੰਨ ਵਾਰ ਵਿਧਾਇਕ ਜਿੱਤਦੇ ਰਹੇ।

### ਧਰਮ ਸਿੰਘ ਫੱਕਰ

ਬਲਜੀਤ ਬੱਲੀ ਦੱਸਦੇ ਹਨ ਕਿ ਧਰਮ ਸਿੰਘ ਫੱਕਰ ਦਾ ਪਿਛੋਕੜ ਮਾਨਸਾ ਦੇ ਦਲੇਲਵਾਲਾ ਨਾਲ ਸੀ, ਉਨ੍ਹਾਂ ਦੇ ਪਰਿਵਾਰ ਵਿੱਚ ਅੱਤ ਦੀ ਗਰੀਬੀ ਸੀ, ਇਸੇ ਲਈ ਕਰੀਬ 13-14 ਸਾਲ ਉਮਰ ਵਿੱਚ ਉਹ ਰੋਜ਼ੀ-ਰੋਟੀ ਲਈ ਆਪਣੇ ਮਾਮਾ ਕੋ਼ਲ ਇਰਾਕ ਚਲੇ ਗਏ। ਪਰ ਜਦੋਂ 1919 ਵਿੱਚ ਜਲ੍ਹਿਆਂਵਾਲੇ ਬਾਗ ਦਾ ਸਾਕਾ ਹੋਇਆ ਤਾਂ ਉਹ ਸਭ ਕੁਝ ਛੱਡ ਛੁਡਾ ਕੇ ਵਾਪਸ ਪੰਜਾਬ ਆ ਗਏ, ਇੱਥੇ ਉਨ੍ਹਾਂ ਗੁਰਦੁਆਰਾ ਸੁਧਾਰ ਲਹਿਰ ਦੀਆਂ ਸਰਗਰਮੀਆਂ ਵਿੱਚ ਹਿੱਸਾ ਲੈਣਾ ਸ਼ੁਰੂ ਕੀਤਾ ਅਤੇ ਨਾਲ ਹੀ ਅਕਾਲੀ ਦਲ ਤੇ ਫੇਰ ਪਰਜਾ ਮੰਡਲ ਲਹਿਰ ਵਿੱਚ ਕੁੱਦ ਪਏ। ਧਰਮ ਸਿੰਘ ਹੋਰਾਂ ਨੇ ਪੰਜਾਬ ਕਿਸਾਨ ਸਭਾ ਦੇ ਸੰਘਰਸ਼ਾਂ ਵਿੱਚ ਵੀ ਦ੍ਰਿੜ੍ਹਤਾ ਨਾਲ ਹਿੱਸਾ ਲਿਆ। ਉਹ ਕਈ ਵਾਰ ਜੇਲ੍ਹ ਗਏ। 1954 ਦੀਆਂ ਚੋਣਾਂ ਦੌਰਾਨ ਉਹ ਜੇਲ੍ਹ ਵਿੱਚ ਸਨ ਪਰ ਸੀਪੀਆਈ ਨੇ ਕਾਮਰੇਡ ਧਰਮ ਸਿੰਘ ਫੱਕਰ ਨੂੰ ਬੁਢਲਾਡਾ ਹਲਕੇ ਤੋਂ ਚੋਣ ਮੈਦਾਨ ਵਿੱਚ ਉਤਾਰਿਆਂ ਅਤੇ ਉਹ ਚੋਣ ਜਿੱਤ ਕੇ ਵਿਧਾਇਕ ਬਣੇ। 25 ਨਵੰਬਰ 1973 ਨੂੰ ਉਨ੍ਹਾਂ ਦੀ ਦਿ਼ਲ ਦਾ ਦੌਰਾ ਪੈਣ ਨਾਲ ਮੌਤ ਹੋ ਗਈ।

ਬਲਜੀਤ ਬੱਲੀ ਕਹਿੰਦੇ ਹਨ, ਜੇਕਰ ਤੁਸੀਂ ਪੰਜਾਬ ਦੇ ਇਨ੍ਹਾਂ ਪੰਜਾਂ ਆਗੂਆਂ ਬਾਰੇ ਦੇਖੋ ਤਾਂ ਇਹ ਸਾਰੇ ਹੀ ਲਹਿਰਾਂ ਵਿੱਚੋਂ ਦੇ ਆਗੂ ਸਨ। ਭਾਵੇਂ ਕਿ ਇਨ੍ਹਾਂ ਦੀਆਂ ਵਿਚਾਰਧਾਰਾਵਾਂ, ਸਿਧਾਂਤ ਅਤੇ ਸਮੇਂ ਵੱਖੋ-ਵੱਖਰੇ ਸਨ। ਬੱਲੀ ਕਹਿੰਦੇ ਹਨ, "ਜਗੀਰ ਸਿੰਘ ਜੋਗਾ, ਵਧਾਵਾ ਰਾਮ ਅਤੇ ਧਰਮ ਸਿੰਘ ਫੱਕਰ ਦਾ ਕਾਰਜਕਾਲ ਕਰੀਬ-ਕਰੀਬ ਇੱਕੋ ਹੀ ਸੀ, ਉਹ ਤਿੰਨੇ



ਖੱਬੇਪੱਖੀ ਵਿਚਾਰਾਂ ਦੇ ਧਾਰਨੀ ਸਨ, ਦੇਸ ਦੀ ਆਜ਼ਾਦੀ , ਪੰਜਾਬ ਦੀਆਂ ਲਹਿਰਾਂ ਖਾਸਕਰ ਕਿਸਾਨੀ ਸੰਘਰਸ਼ ਦੇ ਵੱਡੇ ਨਾਂ ਸਨ। ਉਹ ਲੋਕਾਂ ਦੇ ਦਿਲਾਂ ਉੱਤੇ ਰਾਜ ਕਰਨ ਵਾਲੇ ਆਗੂ ਸਨ। ਇਸ ਲਈ ਅਜਿਹੇ ਆਗੂਆਂ ਨੂੰ ਕੋਈ ਫ਼ਰਕ ਨਹੀਂ ਪੈਂਦਾ ਕਿ ਉਹ ਜੇਲ੍ਹ ਵਿੱਚ ਹਨ ਜਾਂ ਜੇਲ੍ਹ ਤੋਂ ਬਾਹਰ।" ਬੱਲੀ ਕਹਿੰਦੇ ਹਨ ਕਿ ਸਿਮਰਨਜੀਤ ਸਿੰਘ ਮਾਨ ਅਤੇ ਅਤਿੰਦਰਪਾਲ ਸਿੰਘ ਵੀ ਖਾਲਿਸਤਾਨ ਲਹਿਰ ਨਾਲ ਜੁੜੇ ਹੋਏ ਆਗੂ ਸਨ। ਉਦੋਂ 1984 ਦੇ ਆਪਰੇਸ਼ਨ ਬਲੂ ਸਟਾਰ ਅਤੇ ਸਿੱਖ ਵਿਰੋਧੀ ਕਤਲੇਆਮ ਕਾਰਨ ਪੰਜਾਬ ਦਾ ਮਾਹੌਲ ਸਰਕਾਰ ਵਿਰੋਧੀ ਸੀ। "ਮਾਨ ਤੇ ਅਤਿੰਦਰਪਾਲ ਦੋਵੇਂ ਸਟੇਟ ਵਿਰੋਧ ਦੇ ਚਿੰਨ੍ਹ ਵੀ ਸਨ ਅਤੇ ਪੀੜ੍ਹਤ ਵੀ, ਲੋਕ ਰੋਹ ਵਿੱਚ ਸਨ ਅਤੇ ਬਦਲ ਦੀ ਤਲਾਸ਼ ਵਿੱਚ ਵੀ, ਇਸੇ ਲਈ ਉਹ ਜੇਲ੍ਹ ਵਿੱਚੋਂ ਹੀ ਜਿੱਤ ਗਏ।"

ਇਨ੍ਹਾਂ ਪੰਜਾਂ ਆਗੂਆਂ ਦੀਆਂ ਪਾਰਟੀਆਂ ਅਤੇ ਵਿਚਾਰਧਾਰਾਂ ਦੇ ਹੁਣ ਪੰਜਾਬ ਦੀ ਸਿਆਸੀ ਫਿਜਾ ਵਿੱਚੋਂ ਕਿਨਾਰੇ ਉੱਤੇ ਚਲੇ ਜਾਣ ਦੇ ਕਾਰਨ ਦੱਸਦਿਆਂ ਬੱਲੀ ਕਹਿੰਦੇ ਹਨ ਕਿ ਨਾ ਕਾਮਰੇਡਾਂ ਨੇ ਆਪਣੇ ਆਪ ਨੂੰ ਸਮੇਂ ਮੁਤਾਬਕ ਬਦਲਿਆਂ ਨਾ, ਖਾਲਿਸਤਾਨੀਆਂ ਨੇ, ਇਹੀ ਕਾਰਨ ਹੈ ਕਿ ਇਹ ਪੰਜਾਬ ਦੀ ਚੋਣ ਸਿਆਸਤ ਵਿੱਚ ਹੁਣ ਹੋਂਦ ਦੀ ਲੜਾਈ ਲੜ ਰਹੇ ਹਨ।

ਭਾਵੇਂ ਕਿ ਕਈ ਸੂਬਿਆਂ ਵਿੱਚ ਬਾਹੂਬਲੀ ਜੇਲ੍ਹ ਵਿੱਚੋਂ ਚੋਣ ਲੜਦੇ ਅਤੇ ਜਿੱਤਦੇ ਰਹੇ ਹਨ, ਪਰ ਇੱਥੇ ਕੁਝ ਮਿਸਾਲਾਂ ਦੇ ਰਹੇ ਹਨ, ਜੋ ਨਿਰੋਲ ਸਿਆਸੀ ਆਗੂ ਹੋ ਕੇ ਜੇਲ੍ਹ ਵਿੱਚੋਂ ਚੋਣਾਂ ਲੜੇ।

ਸਮਾਜਵਾਦੀ ਆਗੂ ਜੌਰਜ ਫਰਨਾਜੇਡ 1977 ਵਿੱਚ ਬਿਹਾਰ ਦੀ ਮੁੱਜਫਰਨਗਰ ਸੀਟ ਤੋਂ 3 ਲੱਖ ਵੋਟਾਂ ਦੇ ਫਰਕ ਨਾਲ ਲੋਕ ਸਭਾ ਚੋਣ ਜਿੱਤੇ ਸਨ।

ਸੀਏਏ ਵਿਰੋਧੀ ਕਾਰਕੁਨ ਅਖਿਲ ਗਗੋਈ ਪਹਿਲੇ ਅਸਾਮ ਤੋਂ ਆਗੂ ਹਨ, ਜੋ 2021 ਨੂੰ ਵਿਧਾਨ ਸਭਾ ਚੋਣ ਆਜ਼ਾਦ ਉਮੀਦਵਾਰ ਵਜੋਂ ਜਿੱਤੇ

ਯੂਪੀ ਤੋਂ ਸਮਾਜਵਾਦੀ ਪਾਰਟੀ ਦੇ ਆਗੂ ਆਜ਼ਮ ਖਾਨ ਅਤੇ ਨਾਹਿਦ ਹਸਨ ,ਦੋਵਾਂ ਨੇ 2022 ਦੀਆਂ ਵਿਧਾਨ ਸਭਾ ਚੋਣਾਂ ਜੇਲ੍ਹ ਵਿੱਚੋਂ ਲੜੀਆਂ ਤੇ ਜਿੱਤੀਆਂ। ਜੰਮੂ ਕਸ਼ਮੀਰ ਦੀ ਅਵਾਮੀ ਇਤਿਹਾਦ ਪਾਰਟੀ ਦੀ ਤਰਫੋਂ ਐੱਨਐੱਸਏ ਤਹਿਤ ਜੇਲ੍ਹ ਵਿੱਚ ਬੰਦ ਅਬਦੁਲ ਰਾਸ਼ਿਦ, ਬਾਰਾਮੁੱਲਾ ਲੋਕ ਸਭਾ ਸੀਟ ਤੋਂ ਉਮੀਦਵਾਰ ਹੋ ਸਕਦੇ ਹਨ। *(ਧੰਨਵਾਦ ਸਹਿਤ)*

# ਪਹਿਲਾਂ ਵਰਗਾ ਸਿਆਸੀ ਕਰਿਸ਼ਮਾ ਨਹੀਂ ਦਿਖਾ ਸਕੇ ਨਰਿੰਦਰ ਮੋਦੀ ਦੇ ਚੋਣ ਮੁੱਦੇ

19ਵੀਂ ਸਦੀ ਵਿੱਚ, ਬ੍ਰਿਟਿਸ਼ ਪ੍ਰਧਾਨ ਮੰਤਰੀ ਬੈਂਜਾਮਿਨ ਡਿਸਰਾਏਲੀ ਨੇ ਕਿਹਾ, "ਕੋਈ ਵੀ ਸਰਕਾਰ ਮਜ਼ਬੂਤ ਵਿਰੋਧੀ ਧਿਰ ਤੋਂ ਬਿਨਾਂ ਲੰਬੇ ਸਮੇਂ ਤੱਕ ਸੁਰੱਖਿਅਤ ਨਹੀਂ ਰਹਿ ਸਕਦੀ।" ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਅਤੇ ਕਾਂਗਰਸ ਪਾਰਟੀ ਦੇ ਆਗੂ ਜਵਾਹਰ ਲਾਲ ਨਹਿਰੂ ਨੇ 52 ਸਾਲ ਪਹਿਲਾਂ ਭਾਵ 1962 ਵਿੱਚ ਲਗਾਤਾਰ ਤਿੰਨ ਆਮ ਚੋਣਾਂ ਜਿੱਤਣ ਦਾ ਰਿਕਾਰਡ ਬਣਾਇਆ ਸੀ। 2024 ਦੀਆਂ ਆਮ ਚੋਣਾਂ ਦੇ ਨਤੀਜੇ ਦਿਖਾ ਰਹੇ ਹਨ ਕਿ ਨਰਿੰਦਰ ਮੋਦੀ ਤੀਜੀ ਵਾਰ ਪ੍ਰਧਾਨ ਮੰਤਰੀ ਤਾਂ ਬਣ ਸਕਦੇ ਹਨ ਪਰ ਪਿਛਲੀਆਂ ਦੋ ਚੋਣਾਂ ਵਾਂਗ ਇਸ ਵਾਰ ਵੀ ਉਹ ਆਪਣੇ ਦਮ 'ਤੇ ਬਹੁਮਤ ਦੇ ਅੰਕੜੇ ਨੂੰ ਹੱਥ ਨਹੀਂ ਲਾ ਸਕੇ ਹਨ। ਐਨਡੀਏ ਗਠਜੋੜ ਦਾ ਇਨ੍ਹਾਂ ਚੋਣਾਂ ਵਿੱਚ 400 ਤੋਂ ਵੱਧ ਸੀਟਾਂ ਹਾਸਲ ਕਰਨ ਦਾ ਦਾਅਵਾ ਫੇਲ੍ਹ ਸਾਬਤ ਹੋਇਆ।

ਐਗਜ਼ਿਟ ਪੋਲ ਦੀਆਂ ਜ਼ਿਆਦਾਤਰ ਪੇਸ਼ੀਨਗੋਈਆਂ ਗਲਤ ਸਾਬਤ ਹੋਈਆਂ ਕਿਉਂਕਿ ਨਾ ਤਾਂ ਭਾਜਪਾ ਅਤੇ ਨਾ ਹੀ ਐਨਡੀਏ ਗਠਜੋੜ ਉਮੀਦਾਂ ਮੁਤਾਬਕ ਸੀਟਾਂ ਜਿੱਤ ਸਕੇ। ਇਨ੍ਹਾਂ ਆਮ ਚੋਣਾਂ ਵਿੱਚ ਵਿਰੋਧੀ ਧਿਰ ਕਾਂਗਰਸ ਦੇ ਨਾਲ-ਨਾਲ ਕਈ ਹੋਰ ਸਿਆਸੀ ਪਾਰਟੀਆਂ ਨੇ 'ਇੰਡੀਆ ਬਲਾਕ' ਬਣਾ ਕੇ ਸੱਤਾਧਾਰੀ ਭਾਜਪਾ ਨੂੰ ਚੁਣੌਤੀ ਦਿੱਤੀ ਅਤੇ ਐਗਜ਼ਿਟ ਪੋਲ ਦੇ ਅੰਕੜਿਆਂ ਨਾਲੋਂ ਬਹੁਤ ਵਧੀਆ ਨਤੀਜੇ ਹਾਸਲ ਕੀਤੇ।

ਵਿਸ਼ਲੇਸ਼ਕਾਂ ਅਨੁਸਾਰ, "ਆਖਰਕਾਰ ਪ੍ਰਧਾਨ ਮੰਤਰੀ ਖੁਦ ਹੀ ਮੁਕਾਬਲੇ ਦਾ ਕੇਂਦਰ ਬਿੰਦੂ ਬਣੇ।" ਯਾਨੀ ਚੋਣਾਂ ਦਾ ਵੱਡਾ ਮੁੱਦਾ 'ਮੋਦੀ ਨੂੰ ਵੋਟ ਜਾਂ ਮੋਦੀ ਵਿਰੁੱਧ ਵੋਟ' ਹੀ ਬਣ ਗਿਆ ਸੀ ਅਤੇ ਨਤੀਜੇ ਇਹ ਸੰਕੇਤ ਦੇ ਰਹੇ ਹਨ ਕਿ 'ਮੋਦੀ ਨੂੰ ਵੋਟ ਕਰੋ' ਦਾ ਨਾਅਰਾ ਓਨਾ ਕੰਮ ਨਹੀਂ ਕਰ ਸਕਿਆ, ਜਿੰਨਾ ਭਾਜਪਾ ਨੂੰ ਉਮੀਦ ਸੀ। ਇੱਕ ਨਜ਼ਰ ਉਨ੍ਹਾਂ ਮੁੱਖ ਮੁੱਦਿਆਂ ਉੱਤੇ ਜਿਸ ਕਾਰਨ ਗਠਜੋੜ ਬਹੁਮਤ ਦਾ ਅੰਕੜਾ ਪਾਰ ਕਰਨ ਵਿੱਚ ਕਾਮਯਾਬ ਰਿਹਾ, ਪਰ ਭਾਜਪਾ ਆਪਣੇ ਦਮ ਉੱਤੇ ਬਹੁਮਤ ਤੋਂ ਘੱਟ ਗਈ।

### ਮੋਦੀ ਦੀ ਗਾਰੰਟੀ

ਆਮ ਚੋਣਾਂ ਦੇ ਇਤਿਹਾਸ ਵਿੱਚ ਇਹ ਪਹਿਲੀ ਵਾਰ ਹੈ ਕਿ ਦੇਸ ਦੀ ਸਭ ਤੋਂ ਵੱਡੀ ਸੱਤਾਧਾਰੀ ਸਿਆਸੀ ਪਾਰਟੀ ਨੇ ਆਪਣੇ ਪ੍ਰਧਾਨ ਮੰਤਰੀ ਦੇ ਨਾਂ ਉੱਤੇ ਆਪਣਾ ਚੋਣ ਮੈਨੀਫੈਸਟੋ ਜਾਰੀ ਕੀਤਾ ਹੈ। 14 ਅਪਰੈਲ ਨੂੰ ਰਿਲੀਜ਼ ਹੋਏ 'ਸੰਕਲਪ ਪੱਤਰ' ਵਿੱਚ ਹਰ ਵਾਅਦੇ 'ਤੇ 'ਮੋਦੀ ਦੀ ਗਾਰੰਟੀ' ਦੀ ਮੋਹਰ ਲੱਗੀ ਹੋਈ ਸੀ ਅਤੇ ਇਹ ਸਪਸ਼ਟ ਸੀ ਕਿ ਪਾਰਟੀ ਆਪਣੇ ਸਭ ਤੋਂ ਵੱਡੇ ਆਗੂ ਨੂੰ 'ਚੋਣ ਚਿਹਰਾ' ਬਣਾ ਕੇ ਪੇਸ਼ ਕਰ ਰਹੀ ਹੈ। ਯਾਨੀ 2013 ਵਿੱਚ ਜਦੋਂ ਤੋਂ ਮੋਦੀ ਪਾਰਟੀ ਦੇ ਪ੍ਰਧਾਨ ਮੰਤਰੀ ਅਹੁਦੇ ਦੇ ਉਮੀਦਵਾਰ ਬਣੇ ਹਨ, ਉਦੋਂ ਤੋਂ ਹੁਣ ਤੱਕ ਕੁਝ ਨਹੀਂ ਬਦਲਿਆ ਸੀ। ਇਸ ਸਮੇਂ ਦੌਰਾਨ, ਪਾਰਟੀ ਨਾ ਸਿਰਫ ਕੇਂਦਰ ਦੀ ਸੱਤਾਂ ਵਿੱਚ ਰਹੀ, ਸਗੋਂ ਭਾਜਪਾ ਨੇ ਹੋਰ ਸੂਬਿਆਂ ਉੱਤੇ ਵੀ ਆਪਣੀ ਪਕੜ ਮਜ਼ਬੂਤ ਕੀਤੀ। ਲੇਕਿਨ 'ਮੋਦੀ ਦੀ ਗਾਰੰਟੀ' ਦਾ ਇਸ ਚੋਣ ਵਿੱਚ ਲੋੜੀਂਦਾ ਅਸਰ ਨਹੀਂ ਹੋਇਆ। ਸੀਨੀਅਰ ਪੱਤਰਕਾਰ ਅਤੇ ਹਿੰਦੁਸਤਾਨ ਟਾਈਮਜ਼ ਅਖਬਾਰ ਦੇ ਸਾਬਕਾ ਸੰਪਾਦਕੀ ਨਿਰਦੇਸ਼ਕ ਵੀਰ ਸਾਂਘਵੀ ਦਾ ਮੰਨਣਾ ਹੈ, "ਭਾਜਪਾ ਦੀ ਰਣਨੀਤੀ ਸ਼ੁਰੂ ਤੋਂ ਅੰਤ ਤੱਕ ਆਪਣੇ ਪ੍ਰਧਾਨ ਮੰਤਰੀ ਉੱਤੇ ਪੂਰੀ ਤਰ੍ਹਾਂ ਸੱਟਾ ਲਾਉਣ ਦੀ ਸੀ। ਇਸ ਵਿੱਚ ਕੋਈ ਸ਼ੱਕ ਨਹੀਂ ਸੀ ਕਿ ਮੋਦੀ ਇਸ ਵੇਲੇ ਭਾਰਤ ਦੇ ਸਭ ਤੋਂ ਪੰਸਦੀਦਾ ਨੇਤਾ ਹਨ ਅਤੇ ਭਾਜਪਾ ਨੇ ਇਸ ਨੂੰ ਆਪਣਾ ਤੁਰਪ ਦਾ ਪੱਤਾ ਬਣਾ ਲਿਆ ਸੀ। ਇਸ ਪਾਰਟੀ ਦਾ ਇਤਿਹਾਸ ਦੱਸਦਾ ਹੈ ਕਿ ਕਿਸੇ ਵੀ ਚੋਣ ਵਿੱਚ, ਸਿਰਫ ਇੱਕ ਵਿਅਕਤੀ ਦੇ ਆਲੇ ਦੁਆਲੇ ਇੰਨੀ ਵਿਆਪਕ ਕੈਂਪੇਨਿੰਗ ਨਹੀਂ ਹੋਈ ਸੀ ਜਿੰਨੀ 2024 ਵਿੱਚ ਹੋਈ। ਅਸਲ ਵਿੱਚ, ਨਰਿੰਦਰ ਮੋਦੀ ਦਾ ਪ੍ਰੋਜੈਕਸ਼ਨ 1971 ਦੀ ਇੰਦਰਾ ਗਾਂਧੀ ਦੀ ਕੈਂਪੇਨ ਨਾਲੋਂ ਵੱਡਾ ਸੀ।

ਦਰਅਸਲ, ਭਾਜਪਾ ਦਾ ਮੁਲਾਂਕਣ ਕੁਝ ਨਤੀਜਿਆਂ 'ਤੇ ਆਧਾਰਿਤ ਸੀ। 2014 ਦੀਆਂ ਆਮ ਚੋਣਾਂ ਤੋਂ ਪਹਿਲਾਂ ਭਾਜਪਾ ਅਤੇ ਇਸ ਦੀਆਂ ਗੱਠਜੋੜ ਸਰਕਾਰਾਂ ਦੀ ਗਿਣਤੀ ਸੱਤ ਸੀ, ਜਦੋਂ ਕਿ 2024 ਦੀਆਂ ਚੋਣਾਂ ਤੋਂ ਠੀਕ ਪਹਿਲਾਂ ਦੇਸ਼ ਦੇ 16 ਸੂਬਿਆਂ ਵਿੱਚ ਭਾਜਪਾ ਦੀ ਆਪਣੀ ਸਰਕਾਰ ਸੀ ਅਤੇ ਚਾਰ ਰਾਜਾਂ ਵਿੱਚ ਗੱਠਜੋੜ ਸਰਕਾਰਾਂ ਸਨ, ਯਾਨੀ ਕੁੱਲ 20 ਸਰਕਾਰਾਂ। ਜ਼ਾਹਿਰ ਹੈ ਕਿ ਪਾਰਟੀ ਨੂੰ ਸੱਤਾ ਵਿਚ ਰੱਖਣ ਵਿੱਚ ਮੋਦੀ ਫੈਕਟਰ ਨੇ ਵੱਡੀ ਭੂਮਿਕਾ ਨਿਭਾਈ।

ਲੇਕਿਨ ਤਾਜ਼ਾ ਨਤੀਜੇ ਇਹ ਵੀ ਇਸ਼ਾਰਾ ਕਰ ਰਹੇ ਹਨ ਕਿ ਹਰ ਕਿਸੇ ਨੂੰ 'ਮੋਦੀ ਦੀ ਗਾਰੰਟੀ' 'ਤੇ ਪੂਰਾ ਭਰੋਸਾ ਨਹੀਂ ਸੀ, ਨਹੀਂ ਤਾਂ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਭਾਜਪਾ, ਜਿਸ ਨੇ 2014 ਦੀਆਂ ਚੋਣਾਂ ਵਿੱਚ 282 ਅਤੇ 2019 ਦੀਆਂ ਲੋਕ ਸਭਾ ਚੋਣਾਂ ਵਿੱਚ 303 ਸੀਟਾਂ ਜਿੱਤੀਆਂ ਸਨ, ਸਾਲ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਵਿੱਚ ਬਹੁਮਤ ਤੋਂ ਪਹਿਲਾਂ ਹੀ ਰੁਕ ਗਈ।

ਟੈਲੀਗ੍ਰਾਫ ਅਤੇ ਹਿੰਦੁਸਤਾਨ ਟਾਈਮਜ਼ ਅਖਬਾਰਾਂ ਦੇ ਸੰਪਾਦਕ ਰਹਿ ਚੁੱਕੇ ਸੀਨੀਅਰ ਪੱਤਰਕਾਰ ਭਾਰਤ ਭੂਸ਼ਣ ਮੁਤਾਬਕ, ਪ੍ਰਧਾਨ ਮੰਤਰੀ ਦੇ ਚੋਣ ਭਾਸ਼ਣਾਂ ਵਿੱਚ ਕਾਂਗਰਸ ਦੇ ਮੈਨੀਫੈਸਟੋ ਨੂੰ ਨਿਸ਼ਾਨਾ ਬਣਾਉਣਾ ਉਮੀਦ ਮੁਤਾਬਕ ਸਫ਼ਲ ਨਹੀਂ ਰਿਹਾ। ਰਾਮ ਮੰਦਰ ਵਰਗੇ ਮੁੱਦੇ ਵੋਟਰਾਂ ਦੇ ਚੇਤਿਆਂ ਵਿੱਚ ਉਨਾਂ ਨਹੀਂ ਰਹੇ, ਜਿੰਨਾ ਸੋਚਿਆ ਗਿਆ ਸੀ। ਹੁਣ ਤਾਂ ਸਹਿਯੋਗੀਆਂ ਉੱਤੇ ਹੀ ਨਿਰਭਰਤਾ ਰਹੇਗੀ।"



### ਭਲਾਈ ਸਕੀਮਾਂ ਦੀ ਸਿਆਸਤ

ਭਾਰਤੀ ਜਨਤਾ ਪਾਰਟੀ ਨੇ 'ਮੋਦੀ ਦੀ ਗਾਰੰਟੀ' ਦੇ ਆਪਣੇ ਚੋਣ ਮਨੋਰਥ ਪੱਤਰ ਵਿੱਚ ਜਿਨ੍ਹਾਂ ਚਾਰ ਵਰਗਾਂ 'ਤੇ ਧਿਆਨ ਕੇਂਦਰਿਤ ਕੀਤਾ ਸੀ, ਉਹ ਸਨ ਗਰੀਬ, ਨੌਜਵਾਨ, ਕਿਸਾਨ ਅਤੇ ਔਰਤਾਂ, ਪੀਐਮ ਮੋਦੀ ਨੇ ਕਿਹਾ ਸੀ ਕਿ ਭਾਰਤ ਵਿੱਚ ਇਹ ਚਾਰ ਜਾਤਾਂ ਹਨ। ਭਾਜਪਾ ਨੇ 'ਫ੍ਰੀਬੀ ਸਿਆਸਤ' ਯਾਨੀ ਮੁਫਤ ਵਸਤੂਆਂ ਅਤੇ ਸੇਵਾਵਾਂ ਨਾਲ ਸਬੰਧਤ ਯੋਜਨਾਵਾਂ 'ਤੇ ਪੂਰਾ ਧਿਆਨ ਦਿੱਤਾ। ਪ੍ਰਧਾਨ ਮੰਤਰੀ ਗਰੀਬ ਕਲਿਆਣ ਅੰਨ ਯੋਜਨਾ' ਦੇ ਤਹਿਤ ਅਗਲੇ ਪੰਜ ਸਾਲਾਂ ਲਈ 80 ਕਰੋੜ ਭਾਰਤੀਆਂ ਨੂੰ ਮੁਫਤ ਰਾਸ਼ਨ ਮੁਹੱਈਆ ਕਰਵਾਉਣ ਦਾ ਵਾਅਦਾ ਹੋਵੇ, 'ਆਯੂਸ਼ਮਾਨ ਭਾਰਤ' ਜਾਂ ਪ੍ਰਧਾਨ ਮੰਤਰੀ ਆਵਾਸ ਯੋਜਨਾ' ਵਰਗੀਆਂ ਯੋਜਨਾਵਾਂ ਰਾਹੀਂ ਮੁਫਤ ਇਲਾਜ ਦੀਆਂ ਸਹੂਲਤਾਂ ਅਤੇ ਐਲਪੀਜੀ ਦੇਣ ਵਾਲੀ 'ਪੀਐਮ ਉਜਵਲਾ ਯੋਜਨਾ', ਸਾਰੀਆਂ ਸਕੀਮਾਂ ਦਾ ਉਦੇਸ਼ ਸਰਕਾਰ ਦੀ ਲੋਕਪ੍ਰਿਅਤਾ ਨੂੰ ਕਾਇਮ ਰੱਖਣਾ ਸੀ।

ਮੋਦੀ ਸਰਕਾਰ ਨੇ ਪਿਛਲੇ 10 ਸਾਲਾਂ 'ਚ 22 ਕਰੋੜ ਪਰਿਵਾਰਾਂ ਨੂੰ ਅਜਿਹੀਆਂ ਕਈ ਯੋਜਨਾਵਾਂ ਦੇ ਘੇਰੇ ਵਿੱਚ ਲਿਆਉਣ ਦਾ ਦਾਅਵਾ ਕੀਤਾ ਸੀ, ਜਿਸ ਕਾਰਨ ਇਸ ਨੂੰ ਕਈ ਚੋਣ ਜਿੱਤਾਂ ਵੀ ਮਿਲੀਆਂ। 30 ਮਈ ਨੂੰ ਆਪਣੇ ਚੋਣ ਪ੍ਰਚਾਰ ਦੇ ਆਖ਼ਰੀ ਦਿਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਹੁਸ਼ਿਆਰਪੁਰ ਵਿੱਚ ਕਿਹਾ ਸੀ, ਅਸੀਂ ਗਰੀਬਾਂ ਨੂੰ ਭੋਜਨ ਅਤੇ ਡਾਕਟਰੀ ਸਹੂਲਤਾਂ ਦਿੱਤੀਆਂ ਹਨ, ਲੋਕਾਂ ਕੋਲ ਹੁਣ ਰਾਸ਼ਨ ਕਾਰਡ ਅਤੇ ਆਯੂਸ਼ਮਾਨ ਕਾਰਡ ਹਨ।

ਇਸ ਚੋਣ ਤੋਂ ਪਹਿਲਾਂ ਉੱਤਰ ਪ੍ਰਦੇਸ਼ ਦੇ ਲੰਬੇ ਦੌਰੇ ਤੋਂ ਬਾਅਦ ਬ੍ਰਾਊਨ ਯੂਨੀਵਰਸਿਟੀ ਦੇ ਰਾਜਨੀਤੀ ਸ਼ਾਸਤਰ ਦੇ ਪ੍ਰੋਫੈਸਰ ਆਸ਼ੂਤੋਸ਼ ਵਰਸ਼ਨੇ ਨੇ ਕਿਹਾ ਸੀ,"ਬੁੰਦੇਲਖੰਡ ਅਤੇ ਅਵਧ ਵਿੱਚ ਕਈ ਲੋਕ ਕਹਿ ਰਹੇ ਸਨ ਕਿ ਬਿਜਲੀ ਹੈ, ਪਾਣੀ ਹੈ ਪਰ ਰੁਜ਼ਗਾਰ ਨਹੀਂ ਹੈ। 'ਭਲਾਈ' ਸਕੀਮਾਂ ਚੰਗੀਆਂ ਤਾਂ ਹੁੰਦੀਆਂ ਹਨ। ਲੇਕਿਨ ਉਹ ਭਵਿੱਖ ਦੀ ਗਾਰੰਟੀ ਨਹੀਂ ਦਿੰਦੀਆਂ ਜੋ ਸਿਰਫ ਰੁਜ਼ਗਾਰ ਦੇ ਸਕਦਾ ਹੈ। ਦੂਜੇ ਪਾਸੇ ਵਿਰੋਧੀ ਧਿਰ ਕਾਂਗਰਸ ਪਾਰਟੀ ਨੇ ਇਸ ਦੇ ਉਲਟ ਰਾਹੁਲ ਗਾਂਧੀ ਦੀ 'ਇਨਸਾਫ਼ ਦੀ ਗਰੰਟੀ' ਉੱਤੇ ਜ਼ੋਰ ਦਿੱਤਾ ਅਤੇ ਇਸ ਦਾ ਕਾਰਨ ਕਰਨਾਟਕ, ਹਿਮਾਚਲ ਪ੍ਰਦੇਸ਼ ਅਤੇ ਤੇਲੰਗਾਨਾ ਵਿਧਾਨ ਸਭਾ ਚੋਣਾਂ ਵਿੱਚ ਉਨ੍ਹਾਂ ਦੀਆਂ ਕਲਿਆਣਕਾਰੀ ਯੋਜਨਾਵਾਂ ਸਫਲ ਸਾਬਤ ਹੋਣਾ।

4 ਜੂਨ ਦੇ ਨਤੀਜੇ ਦੱਸਦੇ ਹਨ ਕਿ ਕਈ ਸੂਬਿਆਂ ਵਿੱਚ ਵਿਰੋਧੀ ਧਿਰ 'ਇੰਡੀਆ ਬਲਾਕ' ਨੂੰ ਵਧਦੀ ਮਹਿੰਗਾਈ ਅਤੇ ਬੇਰੁਜ਼ਗਾਰੀ ਉੱਤੇ ਹਮਲਾ ਕਰਨ ਦੇ ਪੈਂਤੜੇ ਦਾ ਫਾਇਦਾ ਹੋਇਆ ਹੈ, ਜਿਸ ਦਾ ਅਸਰ ਭਾਜਪਾ ਦੇ ਘਟੇ ਅੰਕੜਿਆਂ ਤੋਂ ਸਪੱਸ਼ਟ ਹੈ।

### ਭਾਰਤ ਅਤੇ ਮੋਦੀ ਦਾ 'ਵਿਸ਼ਵਗੁਰੂ' ਦਾ ਅਕਸ

ਵਿਦੇਸ਼ ਨੀਤੀ 'ਤੇ ਭਾਰਤ ਦੀਆਂ ਸਾਰੀਆਂ ਸਿਆਸੀ ਪਾਰਟੀਆਂ 'ਰਣਨੀਤਕ ਖੁਦਮੁਖਤਿਆਰੀ' ਕਾਇਮ ਰੱਖਣ 'ਤੇ ਜ਼ੋਰ ਦਿੰਦੀਆਂ ਹਨ, ਪਰ ਭਾਰਤੀ ਜਨਤਾ ਪਾਰਟੀ ਨੇ ਹਮਲਾਵਰ ਵਿਦੇਸ਼ ਨੀਤੀ ਅਪਣਾਈ ਹੋਈ ਹੈ, ਜਿਸ ਤਹਿਤ 'ਨਵੇਂ ਭਾਰਤ ਦੇ ਦੁਸ਼ਮਣਾਂ ਨੂੰ ਘਰ ਵਿੱਚ ਘੁਸ ਕੇ ਮਾਰਨਾ' ਤੱਕ ਦੀ ਗੱਲ ਵੀ ਕਹੀ ਗਈ ਹੈ। ਭਾਜਪਾ ਦੇ ਚੋਣ ਪ੍ਰਚਾਰ ਵਿਚ 'ਵਿਸ਼ਵ ਮੰਚ 'ਤੇ ਭਾਰਤ ਦੇ ਵਧਦੇ ਰਸੂਖ' ਨੂੰ ਅਹਿਮੀਅਤ ਦਿੱਤੀ ਗਈ। ਸਾਊਥ ਏਸ਼ੀਅਨ ਯੂਨੀਵਰਸਿਟੀ ਵਿੱਚ ਕੌਮਾਂਤਰੀ ਸੰਬੰਧਾਂ ਦੀ ਸਹਾਇਕ ਪ੍ਰੋਫੈਸਰ ਸ਼ਵੇਤਾ ਸਿੰਘ ਨੂੰ ਲਗਦਾ ਹੈ, "ਭਾਜਪਾ ਨੇ ਜੀ-20 ਦੀ ਪ੍ਰਧਾਨਗੀ, ਅਮਰੀਕਾ ਨਾਲ ਰਣਨੀਤਕ ਸਬੰਧਾਂ ਅਤੇ ਮੋਦੀ ਸਰਕਾਰ ਦੇ ਰੂਸ ਨਾਲ ਆਪਣੇ ਹਿੱਤਾਂ ਦੀ ਪੂਰਤੀ ਦੇ ਇਰਾਦੇ ਨਾਲ ਚੋਣਾਂ ਵਿੱਚ ਪ੍ਰਵੇਸ਼ ਕੀਤਾ ਸੀ।

ਪੁਲਵਾਮਾ ਵਰਗੇ ਕੌਮੀ ਸੁਰੱਖਿਆ ਦੇ ਮੁੱਦੇ ਜਾਂ ਧਾਰਾ 370 ਨੂੰ ਹਟਾਉਣ ਦੇ ਫੈਸਲੇ 'ਤੇ ਅਦਾਲਤ ਦੀ ਮਨਜ਼ੂਰੀ ਵਰਗੇ ਮੁੱਦਿਆਂ ਨੂੰ ਵੀ ਵੋਟਰਾਂ ਤੱਕ ਪਹੁੰਚਾਇਆ ਗਿਆ ਪਰ ਇਸ ਦਾ ਅਸਰ ਨਤੀਜਿਆਂ ਵਿੱਚ ਨਜ਼ਰ ਨਹੀਂ ਦਿਸਦਾ ਪਰ ਪਾਕਿਸਤਾਨ ਖਿਲਾਫ ਸਖਤ ਰਵੱਈਆ ਹਮੇਸ਼ਾ ਹੀ ਪ੍ਰਭਾਵਸ਼ਾਲੀ ਸਾਬਤ ਹੋਇਆ ਸੀ ਪਰ ਇਸ ਵਾਰ ਵੋਟਰਾਂ ਵਿੱਚ ਇਸ ਦੀ ਚਰਚਾ ਘੱਟ ਹੀ ਨਜ਼ਰ ਆਈ।" ਇੱਕ ਵੱਕਾਰੀ ਬ੍ਰਿਟਿਸ਼ ਥਿੰਕ ਟੈਂਕ, ਚੈਟਮ ਹਾਊਸ ਦੇ ਸੀਨੀਅਰ ਫੈਲੋ, ਚੈਤਿਗ ਬਾਜਪਾਈ ਨੇ ਇਨ੍ਹਾਂ ਆਮ ਚੋਣਾਂ ਦੇ ਨਤੀਜਿਆਂ ਬਾਰੇ ਲਿਖਿਆ, "ਹਿੰਦੂ ਰਾਸ਼ਟਰਵਾਦੀ ਏਜੰਡੇ ਨੂੰ ਅੱਗੇ ਵਧਾਉਣ ਦੇ ਬਾਵਜੂਦ, ਪੱਛਮੀ ਦੇਸ ਅਮਰੀਕਾ-ਚੀਨ ਨਾਲ ਮੁਕਾਬਲੇ ਬਾਜ਼ੀ ਅਤੇ ਆਪਸੀ ਵਪਾਰ ਦੇ ਮੱਦੇ ਨਜ਼ਰ ਪੱਛਮੀ ਦੇਸ ਭਾਰਤ ਨਾਲ ਸਬੰਧ ਕਾਇਮ ਰੱਖਣਗੇ, ਪਰ ਹੁਣ ਭਾਰਤ ਨੂੰ ਧਿਆਨ ਦੇਣਾ ਹੋਵੇਗਾ ਕਿ ਉਹ ਘਰੇਲੂ ਰਾਜਨੀਤੀ ਵਿੱਚ ਕਿੰਨਾ ਕੰਮ ਕਰ ਰਿਹਾ ਹੈ। ਰਿਹਾ ਸਵਾਲ ਇਸ ਸਰਕਾਰ ਦੀ 'ਦੁਸ਼ਮਣਾਂ ਨੂੰ ਉਨ੍ਹਾਂ ਦੇ ਘਰਾਂ 'ਚ ਵੜ ਕੇ ਮਾਰਨ' ਦੀ ਨੀਤੀ ਦਾ ਤਾਂ ਵਿਸ਼ਲੇਸ਼ਕਾਂ ਦਾ ਵਿਚਾਰ ਹੈ ਕਿ ਇਹ ਦੱਖਣੀ ਏਸ਼ੀਆ ਜਾਂ ਇੱਥੋਂ ਤੱਕ ਕਿ ਚੀਨ ਵਿਰੁੱਧ 'ਬਿਆਨਬਾਜ਼ੀ' ਕਰਨ ਲਈ ਕੰਮ ਆ ਸਕਦੀ ਸਕਦੀ ਹੈ, ਪਰ ਵਿਸ਼ਵ ਪੱਧਰ 'ਤੇ ਇਸ ਨੂੰ ਸ਼ੱਕ ਦੀ ਨਜ਼ਰ ਨਾਲ ਦੇਖਿਆ ਜਾਂਦਾ ਹੈ।

ਮਾਈਕਲ ਕੁਗਲਮੈਨ ਫਾਰੇਨ ਪਾਲਿਸੀ ਜਰਨਲ ਵਿੱਚ ਲਿਖਦੇ ਹਨ, "ਕੈਨੇਡਾ ਇੱਕ ਅਜਿਹਾ ਦੇਸ ਹੈ ਜਿਸਦਾ ਵਿਸ਼ਵਵਿਆਪੀ ਅਕਸ ਬਿਲਕੁਲ ਵੀ ਹਮਲਾਵਰ ਨਹੀਂ ਹੈ। ਕੈਨੇਡਾ ਨੇ ਆਪਣੇ ਨਾਗਰਿਕਾਂ ਦੀ ਹੱਤਿਆ ਦੀ ਕੋਸ਼ਿਸ਼ ਕਰਨ ਵਰਗੇ ਇਲਜ਼ਾਮ ਭਾਰਤ ਉੱਤੇ ਲਾਏ, ਜਿਨ੍ਹਾਂ ਦਾ ਭਾਰਤ ਨੇ ਖੰਡਨ ਕੀਤਾ ਹੈ। ਅਜਿਹੇ ਇਲਜ਼ਾਮ ਇੱਕ ਖਾਸ ਕਿਸਮ ਦਾ ਸੁਨੇਹਾ ਦਿੰਦੇ ਹਨ।" ਹਾਲਾਂਕਿ ਚੋਣਾਂ ਦੌਰਾਨ ਦੱਖਣੀ ਏਸ਼ੀਆ ਵਿੱਚ ਭਾਰਤੀ ਵਿਦੇਸ਼ ਨੀਤੀ ਉੱਤੇ ਕਾਫੀ ਬਹਿਸ ਹੋਈ। ਸਰਕਾਰ ਉੱਤੇ ਪਖੰਡ ਦਾ ਇਲਜ਼ਾਮ ਲਾਉਂਦੇ ਹੋਏ ਵਿਰੋਧੀ ਧਿਰ ਨੇ ਇਹ ਵੀ ਦੁਹਰਾਇਆ ਕਿ ਸਰਕਾਰ ਨੇ 2019 ਦੀਆਂ ਚੋਣਾਂ ਵਿੱਚ ਸਾਰੀਆਂ ਸਰਹੱਦਾਂ ਉੱਤੇ ਸਮਾਰਟ- ਫੈਨਸਿੰਗ ਲਾਉਣ ਦਾ ਵਾਅਦਾ ਕੀਤਾ ਸੀ, ਜੋ ਅਜੇ ਤੱਕ ਅਧੂਰਾ ਹੈ। ਅਮਰੀਕਾ ਦੀ ਹਾਰਵਰਡ ਯੂਨੀਵਰਸਿਟੀ ਦੇ ਵਿਜ਼ਿਟਿੰਗ ਫੈਲੋ ਪ੍ਰੋਫ਼ੈਸਰ ਐਮਕੇਸ਼ਾ ਦੇ ਅਨੁਸਾਰ, "ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਕਿਸੇ ਵੀ ਦੇਸ ਦੇ ਸਿਆਸੀ ਬਦਲਾਅ ਵਿੱਚ ਸਥਾਨਕ ਤੋਂ ਇਲਾਵਾ ਗਲੋਬਲ ਕਾਰਕ ਵੀ ਵੱਡੀ ਭੂਮਿਕਾ ਨਿਭਾਉਂਦੇ ਹਨ। ਜੇਕਰ ਭੂ-ਰਾਜਨੀਤਿਕ ਪੱਧਰ 'ਤੇ ਥੋੜ੍ਹੀ ਜਿਹੀ ਵੀ ਅਨਿਸ਼ਚਿੱਤਤਾ ਅਤੇ ਸ਼ੱਕ ਹੁੰਦਾ ਹੈ ਤਾਂ ਜਮਹੂਰੀ ਦੇਸਾਂ ਵਿੱਚ ਵੀ, ਇਸਦਾ ਖੁਝ ਨਾ ਕੁਝ ਪ੍ਰਭਾਵ ਦਿਖ ਹੀ ਜਾਂਦਾ ਹੈ।

### ਧਰਮ ਦੇ ਆਧਾਰ 'ਤੇ ਧਰੁਵੀਕਰਨ ਦੀ 'ਰਾਜਨੀਤੀ'

2024 ਦੀਆਂ ਆਮ ਚੋਣਾਂ ਦੇ ਪਹਿਲੇ ਪੜਾਅ ਅਤੇ 2019 ਦੇ ਪਹਿਲੇ ਪੜਾਅ ਵਿੱਚ ਇੱਕ ਵੱਡਾ ਅੰਤਰ ਸੀ - ਉਹ ਹੈ ਵੋਟਿੰਗ ਫੀਸਦ ਵਿੱਚ ਗਿਰਾਵਟ। ਪ੍ਰਧਾਨ ਮੰਤਰੀ ਮੋਦੀ ਨੇ ਰਾਜਸਥਾਨ ਦੇ ਬਾਂਸਵਾੜਾ ਵਿੱਚ ਇੱਕ ਭਾਸ਼ਣ ਵਿੱਚ ਕਿਹਾ, "ਜੇਕਰ ਕਾਂਗਰਸ ਸੱਤਾ ਵਿੱਚ ਆਉਂਦੀ ਹੈ, ਤਾਂ ਇਹ ਲੋਕਾਂ ਦੀ ਦੌਲਤ ਉਨ੍ਹਾਂ ਲੋਕਾਂ ਵਿੱਚ ਵੰਡੇਗੀ ਜਿਨ੍ਹਾਂ ਦੇ ਵੱਧ ਬੱਚੇ ਹਨ।"

ਇਸ ਬਿਆਨ ਨੂੰ 'ਧਰੁਵੀਕਰਨ ਦੀ ਕੋਸ਼ਿਸ਼' ਅਤੇ 'ਘੱਟ ਗਿਣਤੀਆਂ 'ਤੇ ਤਨਜ਼' ਕਰਾਰ ਦਿੰਦਿਆਂ ਕਾਂਗਰਸ ਅਤੇ ਵਿਰੋਧੀ ਪਾਰਟੀਆਂ ਨੇ ਇਸ ਬਾਰੇ ਚੋਣ ਕਮਿਸ਼ਨ ਕੋਲ ਸ਼ਿਕਾਇਤ ਕੀਤੀ ਸੀ। ਕੁਝ ਵਿਸ਼ਲੇਸ਼ਕਾਂ ਨੇ ਪ੍ਰਧਾਨ ਮੰਤਰੀ ਦੇ ਇਸ ਬਿਆਨ 'ਤੇ ਹੈਰਾਨੀ ਪ੍ਰਗਟ ਕੀਤੀ, ਇਸ ਨੂੰ "ਆਪਣੇ ਵੋਟਰਾਂ ਨੂੰ ਇਕਜੁੱਟ ਕਰਨ ਦੀ ਕੋਸ਼ਿਸ਼" ਨਾਲ ਜੋੜਿਆ। ਸੀਨੀਅਰ ਪੱਤਰਕਾਰ ਵੀਰ ਸਾਂਘਵੀ ਦੇ ਅਨੁਸਾਰ, "ਸ਼ਾਇਦ ਪਹਿਲੀ ਵਾਰ ਪ੍ਰਧਾਨ ਮੰਤਰੀ ਨੇ ਕਿਸੇ ਚੋਣ ਮੁਹਿੰਮ ਵਿੱਚ ਹਿੰਦੂ-ਮੁਸਲਿਮ ਸਿਆਸਤ ਦਾ ਪੱਤਾ ਇੰਨਾ ਖੁੱਲ੍ਹ ਕੇ ਖੇਡਿਆ ਸੀ ਕਿਉਂਕਿ ਆਮ ਤੌਰ 'ਤੇ ਉਹ ਪਿਛਲੀਆਂ ਚੋਣਾਂ ਵਿੱਚ ਅਜਿਹੇ ਸਿੱਧੇ ਬਿਆਨਾਂ ਤੋਂ ਬਚਦੇ ਰਹੇ ਸਨ।" ਚੋਣਾਂ ਤੋਂ ਠੀਕ ਪਹਿਲਾਂ, ਕੇਂਦਰੀ ਗ੍ਰਹਿ ਮੰਤਰਾਲੇ ਨੇ ਵੀ ਅਚਾਨਕ ਵਿਵਾਦਤ ਨਾਗਰਿਕਤਾ (ਸੋਧ) ਨਿਯਮਾਂ ਦਾ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਜਦੋਂ ਕਿ ਨਾਗਰਿਕਤਾ (ਸੋਧ) ਐਕਟ, 2019 ਦੀ ਸੰਵਿਧਾਨਕਤਾ ਨੂੰ ਚੁਣੌਤੀ ਦੇਣ ਵਾਲੀਆਂ ਸਾਰੀਆਂ ਪਟੀਸ਼ਨਾਂ ਅਦਾਲਤਾਂ ਵਿੱਚ ਵਿਚਾਰ ਅਧੀਨ ਹਨ। ਸ਼ਾਇਦ ਵੋਟਰਾਂ ਨੇ ਇਸ ਚਾਲ ਨੂੰ 'ਧਰੁਵੀਕਰਨ ਦੀ ਸਿਆਸਤ' ਨਾਲ ਜੋੜ ਦਿੱਤਾ ਹੈ।

ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਵਿੱਚ ਕੌਮਾਂਤਰੀ ਸਬੰਧਾਂ ਅਤੇ ਸਿਆਸਤ ਦੇ ਸਾਬਕਾ ਪ੍ਰੋਫੈਸਰ ਪੁਸ਼ਪੇਸ਼ ਪੰਤ ਮਹਿਸੂਸ ਕਰਦੇ ਹਨ, "ਇਸ ਸਮੇਂ ਭਾਰਤ ਵਿੱਚ ਧਰੁਵੀਕਰਨ ਦੀ ਸਿਆਸਤ ਆਪਣੇ ਸਿਖਰ 'ਤੇ ਹੈ।"

ਉਨ੍ਹਾਂ ਅਨੁਸਾਰ, "ਇੱਕ ਮਹੀਨੇ ਤੋਂ ਵੱਧ ਸਮੇਂ ਤੱਕ ਚੱਲੀ ਇਸ ਲੰਬੀ ਚੋਣ ਵਿੱਚ, ਸਭ ਨੇ ਦੇਖਿਆ ਕਿ ਕਿਵੇਂ ਮੰਦਰਾਂ, ਮਸਜਿਦਾਂ ਆਦਿ ਵਰਗੇ ਮੁੱਦਿਆਂ ਉੱਤੇ ਇੱਕ-ਇੱਕ ਕਰਕੇ ਕੁਝ ਭਾਈਚਾਰਿਆਂ ਨੂੰ ਨਿਸ਼ਾਨਾ ਬਣਾਇਆ ਗਿਆ। ਇਹ ਸਭ ਕੁਝ ਜਨੂੰਨ ਤੋਂ ਨਹੀਂ, ਸਗੋਂ ਸੋਚੀ-ਸਮਝੀ ਰਣਨੀਤੀ ਦੇ ਤਹਿਤ ਹੁੰਦਾ ਹੈ।"

ਅਖੀਰ ਵਿੱਚ ਉਸ ਮੁੱਦੇ ਦੀ ਗੱਲ ਕਰੀਏ ਜੋ ਭਾਜਪਾ ਦੇ 'ਸੰਕਲਪ ਪੱਤਰ' ਤੋਂ ਲੈ ਕੇ ਹੁਣ ਤੱਕ ਹਰ ਚੋਣ ਪ੍ਰਚਾਰਕ ਦੇ ਭਾਸ਼ਣ ਦਾ ਹਿੱਸਾ ਰਿਹਾ ਹੈ। ਇਸ ਸਾਲ ਜਨਵਰੀ ਮਹੀਨੇ ਵਿੱਚ ਪ੍ਰਧਾਨ ਮੰਤਰੀ ਦੀ ਅਗਵਾਈ ਵਿੱਚ ਅਯੁੱਧਿਆ ਵਿੱਚ ਰਾਮ ਮੰਦਰ ਦਾ ਪਵਿੱਤਰ ਸੰਸਕਾਰ ਹੋਇਆ।

ਅਯੁੱਧਿਆ ਵਿੱਚ ਭਾਜਪਾ ਵੱਲੋਂ 10,000 ਕਰੋੜ ਰੁਪਏ ਦੀ ਲਾਗਤ ਨਾਲ ਸ਼ਹਿਰ ਨੂੰ ਨਵਾਂ ਰੂਪ ਦੇਣ ਅਤੇ ਇਸ ਨੂੰ 'ਗਲੋਬਲ ਸਿਟੀ' ਬਣਾਉਣ ਦੇ ਦਾਅਵੇ ਨੂੰ ਉਸ ਇਲਾਕੇ ਦੇ ਵੋਟਰਾਂ ਨੇ ਪ੍ਰਵਾਨ ਨਹੀਂ ਕੀਤਾ।

ਖ਼ਬਰ ਲਿਖੇ ਜਾਣ ਸਮੇਂ ਅਯੁੱਧਿਆ ਡਿਵੀਜ਼ਨ (ਫੈਜ਼ਾਬਾਦ, ਬਾਰਾਬੰਕੀ, ਅਮੇਠੀ, ਅੰਬੇਡਕਰ ਨਗਰ ਅਤੇ ਸੁਲਤਾਨਪੁਰ) ਦੀਆਂ ਸਾਰੀਆਂ ਪੰਜ ਸੀਟਾਂ 'ਤੇ ਭਾਜਪਾ ਹਾਰ ਵੱਲ ਵਧ ਰਹੀ ਹੈ। ਅਯੁੱਧਿਆ ਵਿੱਚ ਟਾਈਮਜ਼ ਆਫ ਇੰਡੀਆ ਦੇ ਸੀਨੀਅਰ ਪੱਤਰਕਾਰ ਅਰਸ਼ਦ ਅਫਜ਼ਲ ਖਾਨ ਮੁਤਾਬਕ, "ਭਾਜਪਾ ਨੇ ਰਾਮ ਮੰਦਰ ਦੇ ਉਦਘਾਟਨ ਨੂੰ ਲੈ ਕੇ ਦੌੜ ਸ਼ੁਰੂ ਕਰ ਦਿੱਤੀ ਸੀ ਅਤੇ ਉਸ ਸਮੇਂ ਅਜਿਹਾ ਲੱਗ ਰਿਹਾ ਸੀ ਕਿ ਵਿਰੋਧੀ ਧਿਰ ਬਹੁਤ ਪਿੱਛੇ ਰਹਿ ਗਈ ਹੈ, ਪਰ ਲੋਕਾਂ ਦੀ ਨਬਜ਼ ਵੱਖਰੀ ਸੀ। ਫੈਜ਼ਾਬਾਦ (ਅਯੁੱਧਿਆ ਵਿੱਚ ਉਸਦੀ ਹਾਰ), ਅੰਬੇਡਕਰ ਨਗਰ, ਸੁਲਤਾਨਪੁਰ, ਅਮੇਠੀ ਅਤੇ ਬਾਰਾਬੰਕੀ ਇਹ ਦਰਸਾਉਂਦੇ ਹਨ।"

# ਗੁਰਦੁਆਰਾ ਸ਼੍ਰੀ ਗੁਰੂ ਨਾਨਕ ਦਰਬਾਰ ਰਸਅਲਖੇਮਾ ਯੂ.ਏ.ਈ ਵਿਖੇ ਸ਼ੇਖ ਹੋਏ ਨਤਮਸਤਕ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)**- ਯੂ ਏ ਈ ਦੀ ਸੱਤਵੀਂ ਸਟੇਟ ਰਸਅਲਖੇਮਾ ਵਿਖੇ ਗੁਰਦੁਆਰਾ ਸ਼੍ਰੀ ਗੁਰੂ ਨਾਨਕ ਦਰਬਾਰ ਰਸਅਲਖੇਮਾ ਦੀ ਨਵੀਂ ਬਣੀ ਇਮਾਰਤ ਦੇ ਦਰਸ਼ਨ ਲਈ ਸ਼ੇਖ ਰਾਸ਼ਿਦ ਬਿਨ ਅਬਦੁੱਲਾ ਬਿਨ ਈਸਾ ਅਲ ਮੁੱਲਾ, ਸ਼ੇਖ ਡਾ: ਬੂ - ਅਬਦੁੱਲਾ ਚੇਅਰਮੈਨ ਅਬਦੁੱਲਾ ਗਰੁੱਪ, ਸ਼ੇਖ ਹੈਜ਼ਫਾਹ ਇਬਰਾਹੀਮ, ਸ਼ੇਖ ਅਲੀ ਅਲ ਮਜ਼ਿਮ, ਸ਼ੇਖ ਆਯਾ ਅਬਦੂਲ ਘਨੀ ਆਦਿ ਨੇ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਤਲਵਿੰਦਰ ਸਿੰਘ ਦੁਬਈ ਦੇ ਸੱਦੇ ਨੂੰ ਕਬੂਲਦਿਆਂ ਗੁਰਦੁਆਰਾ ਸਾਹਿਬ ਦੀ ਨਵੀਂ ਬਣੀ ਇਮਾਰਤ ਦੇ



ਦਰਸ਼ਨ ਕੀਤੇ। ਇਸ ਮੌਕੇ ਸਮੂਹ ਸੰਗਤਾਂ ਵਲੋਂ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਗਈ। ਇਸ ਮੌਕੇ ਗੁਰਦਆਰਾ ਪ੍ਰਬੰਧਕ ਕਮੇਟੀ ਦੀ ਤਰਫੋਂ ਆਏ ਹੋਏ ਸ਼ੇਖਾਂ ਦਾ ਵਿਸ਼ੇਸ਼ ਤੌਰ ਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨ ਕੀਤਾ ਗਿਆ। ਇਸ ਮੌਕੇ ਉਨ੍ਹਾਂ ਕਿਹਾ ਕਿ ਸਾਡੇ ਮੁਲਕ ਵਿਚ ਰਹਿ ਕੇ ਪੰਜਾਬੀ ਕਾਫੀ ਮਿਹਨਤ ਕਰ ਰਹੇ ਹਨ। ਇਸ ਮੌਕੇ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਤਲਵਿੰਦਰ ਸਿੰਘ ਦੁਬਈ, ਬਲਵਿੰਦਰ ਸਿੰਘ, ਸੁਖਰਾਜ ਸਿੰਘ ਸਾਬੀ, ਦਲਜੀਤ ਸਿੰਘ, ਮਨਜਿੰਦਰ ਸਿੰਘ, ਜਸਵੀਰ ਸਿੰਘ, ਬਲਬੀਰ ਸਿੰਘ, ਭਾਈ ਸੁਮੀਤ ਸਿੰਘ, ਮਨਜਿੰਦਰ ਸਿੰਘ, ਜਤਿੰਦਰ ਸਿੰਘ, ਬਲਜੀਤ ਸਿੰਘ ਆਦਿ ਵੀ ਹਾਜਰ ਸਨ।



ਚੰਦਰ ਸ਼ੇਖਰ ਆਜ਼ਾਦ ਨੇ ਉਤਰ ਪ੍ਰਦੇਸ਼ ਵਿਚ ਆਜ਼ਾਦ ਉਮੀਦਵਾਰ ਵਜੋਂ ਲੋਕ ਸਭਾ ਦੀ ਚੋਣ ਜਿੱਤ ਕੇ ਇਤਿਹਾਸ ਸਿਰਜਿਆ। ਉਹ ਦਲਿਤ ਸਮਾਜ ਦੇ ਸਿਰਕੱਢ ਆਗੂ ਵਜੋਂ ਜਾਣੇ ਜਾਂਦੇ ਹਨ।

# ਕਾਂਗਰਸ ਪਾਰਟੀ ਦੇ ਉਮੀਦਵਾਰ ਸੁਖਜਿੰਦਰ ਸਿੰਘ ਰੰਧਾਵਾ 82861 ਵੋਟਾਂ ਦੀ ਲੀਡ ਨਾਲ ਲੋਕ ਸਭਾ ਹਲਕਾ ਗੁਰਦਾਸਪੁਰ ਤੋਂ ਜੇਤੂ

## 281182 ਵੋਟਾਂ ਲੈ ਕੇ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਦਿਨੇਸ਼ ਸਿੰਘ ਬੱਬੂ ਦੂਜੇ ਸਥਾਨ 'ਤੇ ਰਹੇ, ਆਮ ਆਦਮੀ ਪਾਰਟੀ ਦੇ ਉਮੀਦਵਾਰ ਅਮਨ ਸ਼ੇਰ ਸਿੰਘ ਸ਼ੈਰੀ ਕਲਸੀ ਨੇ 277252 ਵੋਟਾਂ ਨਾਲ ਤੀਜਾ ਸਥਾਨ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਡਾ. ਦਲਜੀਤ ਸਿੰਘ ਚੀਮਾ ਨੇ 85500 ਵੋਟਾਂ ਨਾਲ ਚੌਥਾ ਸਥਾਨ ਹਾਸਲ ਕੀਤਾ

**ਪਠਾਨਕੋਟ, (ਰਾਜਿੰਦਰ ਸਿੰਘ ਰਾਜਨ)** ਲੋਕ ਸਭਾ ਹਲਕਾ 01-ਗੁਰਦਾਸਪੁਰ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਸ। ਸੁਖਜਿੰਦਰ ਸਿੰਘ ਰੰਧਾਵਾ 82861 ਵੋਟਾਂ ਨਾਲ ਜੇਤੂ ਰਹੇ ਹਨ। ਉਨ੍ਹਾਂ ਨੂੰ ਕੁੱਲ 364043 ਵੋਟਾਂ ਪਈਆਂ ਹਨ। ਲੋਕ ਸਭਾ ਹਲਕਾ 01-ਗੁਰਦਾਸਪੁਰ ਦਾ ਚੋਣ ਨਤੀਜਾ ਐਲਾਨਦਿਆਂ ਰਿਟਰਨਿੰਗ ਅਫ਼ਸਰ ਸ੍ਰੀ ਵਿਸ਼ੇਸ਼ ਸਾਰੰਗਲ ਨੇ ਦੱਸਿਆ ਕਿ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਉਮੀਦਵਾਰ ਸ। ਸੁਖਜਿੰਦਰ ਸਿੰਘ ਰੰਧਾਵਾ ਨੇ 82861 ਵੋਟਾਂ ਦੀ ਲੀਡ ਨਾਲ ਚੋਣ ਜਿੱਤੀ ਹੈ। ਉਨ੍ਹਾਂ ਦੱਸਿਆ ਕਿ ਸੁਖਜਿੰਦਰ ਸਿੰਘ ਰੰਧਾਵਾ ਨੂੰ ਕੁੱਲ 364043 ਵੋਟਾਂ ਪਈਆਂ ਹਨ। ਉਨ੍ਹਾਂ ਦੱਸਿਆ ਕਿ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਸ੍ਰੀ ਦਿਨੇਸ਼ ਬੱਬੂ 281182 ਵੋਟਾਂ ਲੈ ਕੇ ਦੂਸਰੇ ਸਥਾਨ 'ਤੇ ਰਹੇ ਹਨ ਜਦਕਿ ਆਮ ਆਦਮੀ ਪਾਰਟੀ ਦੇ ਉਮੀਦਵਾਰ ਸ੍ਰੀ ਅਮਨ ਸ਼ੇਰ ਸਿੰਘ ਸ਼ੈਰੀ ਕਲਸੀ ਨੇ 277252 ਵੋਟਾਂ ਨਾਲ ਤੀਜਾ ਸਥਾਨ ਹਾਸਲ ਕੀਤਾ ਹੈ। ਰਿਟਰਨਿੰਗ ਅਫ਼ਸਰ ਸ੍ਰੀ ਵਿਸ਼ੇਸ਼ ਸਾਰੰਗਲ ਨੇ ਅੱਗੇ ਦੱਸਿਆ ਕਿ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਡਾ। ਦਲਜੀਤ ਸਿੰਘ ਚੀਮਾ ਨੇ 85500 ਵੋਟਾਂ ਹਾਸਲ ਕੀਤੀਆਂ ਹਨ। ਇਸ ਤੋਂ ਇਲਾਵਾ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) (ਸਿਮਰਨਜੀਤ ਸਿੰਘ ਮਾਨ) ਦੇ ਉਮੀਦਵਾਰ ਸ੍ਰੀ ਗੁਰਿੰਦਰ ਸਿੰਘ ਬਾਜਵਾ ਨੇ 25765 ਵੋਟਾਂ, ਅਜ਼ਾਦ ਉਮੀਦਵਾਰ ਸ੍ਰੀ ਸੰਤ ਸੇਵਕ ਨੇ 5952 ਵੋਟਾਂ, ਬਹੁਜਨ ਸਮਾਜ ਪਾਰਟੀ ਦੇ ਉਮੀਦਵਾਰ ਸ੍ਰੀ ਰਾਜ ਕੁਮਾਰ ਨੇ 4930 ਵੋਟਾਂ, ਅਜ਼ਾਦ ਉਮੀਦਵਾਰ ਸ੍ਰੀਮਤੀ ਸੰਤੋਸ਼ ਕੌਰ ਨੇ 4738 ਵੋਟਾਂ, ਅਜ਼ਾਦ ਉਮੀਦਵਾਰ ਸ੍ਰੀ ਸੈਮੂਅਲ ਸੋਨੀ ਨੇ 4440 ਵੋਟਾਂ, ਅਜ਼ਾਦ ਉਮੀਦਵਾਰ ਸੁਰਜੀਤ ਸਿੰਘ ਨੇ 3373 ਵੋਟਾਂ, ਅਜ਼ਾਦ ਉਮੀਦਵਾਰ ਸ੍ਰੀ ਸੰਜੀਵ ਸਿੰਘ ਨੇ 2178 ਵੋਟਾਂ, ਅਜ਼ਾਦ ਉਮੀਦਵਾਰ ਸ੍ਰੀ ਸੁਰਿੰਦਰ ਸਿੰਘ ਨੇ 1782 ਵੋਟਾਂ, ਅਜ਼ਾਦ ਉਮੀਦਵਾਰ ਗੁਰਪ੍ਰੀਤ ਕੌਰ ਬਾਜਵਾ ਨੇ 1709 ਵੋਟਾਂ, ਅਜ਼ਾਦ ਉਮੀਦਵਾਰ ਸ੍ਰੀ ਸੰਜੀਵ ਮਨਹਾਸ ਨੇ 1635 ਵੋਟਾਂ, ਅਜ਼ਾਦ ਉਮੀਦਵਾਰ ਸ੍ਰੀ ਰੌਬੀ ਮਸੀਹ ਨੇ 1511 ਵੋਟਾਂ, ਮੇਘ ਦੇਸਮ ਪਾਰਟੀ ਉਮੀਦਵਾਰ ਸ੍ਰੀ ਸੰਤੋਸ਼ ਕੁਮਾਰੀ ਨੇ 1194 ਵੋਟਾਂ, ਭਾਰਤੀਯ ਜਵਾਨ ਕਿਸਾਨ ਪਾਰਟੀ ਦੇ ਉਮੀਦਵਾਰ ਸ੍ਰੀ ਰਮੇਸ਼ ਕੁਮਾਰ ਟੋਲਾ ਨੇ 1098 ਵੋਟਾਂ, ਅਜ਼ਾਦ ਉਮੀਦਵਾਰ ਸ੍ਰੀ ਅਮਿਤ ਅਗਰਵਾਲ ਨੇ 924 ਵੋਟਾਂ, ਅਜ਼ਾਦ ਉਮੀਦਵਾਰ ਸ੍ਰੀ ਤਰਸੇਮ ਮਸੀਹ ਸਹੋਤਾ ਨੇ 885 ਵੋਟਾਂ, ਅਜ਼ਾਦ ਉਮੀਦਵਾਰ ਸ੍ਰੀ ਤਿਲਕ ਰਾਜ ਨੇ 805 ਵੋਟਾਂ, ਜਨ ਸੇਵਾ ਡਰਾਈਵਰ ਪਾਰਟੀ ਦੇ ਉਮੀਦਵਾਰ ਸ੍ਰੀ ਰਣਜੋਧ ਸਿੰਘ ਨੇ 789 ਵੋਟਾਂ, ਅਜ਼ਾਦ ਉਮੀਦਵਾਰ ਸ੍ਰੀ ਆਈ।ਐਸ। ਗੁਲਾਟੀ ਨੇ 699 ਵੋਟਾਂ, ਨੈਸ਼ਨਲ ਰਿਪਬਲਿਕ ਪਾਰਟੀ ਆਫ਼ ਇੰਡੀਆ ਦੇ ਉਮੀਦਵਾਰ ਸ੍ਰੀ ਰਮੇਸ਼ ਲਾਲ ਨੇ 657 ਵੋਟਾਂ, ਅਜ਼ਾਦ ਉਮੀਦਵਾਰ ਸ੍ਰੀ ਜਗਦੀਸ਼ ਮਸੀਹ ਨੇ 546 ਵੋਟਾਂ, ਭਾਰਤੀਯ ਰਾਸ਼ਟਰੀਯ ਦਲ ਦੇ ਉਮੀਦਵਾਰ ਸ੍ਰੀ ਜਤਿੰਦਰ ਕੁਮਾਰ ਸ਼ਰਮਾ ਨੇ 461 ਵੋਟਾਂ, ਨੈਸ਼ਨਲਿਸਟ ਜਸਟਿਸ ਪਾਰਟੀ ਦੇ ਉਮੀਦਵਾਰ ਸ੍ਰੀ ਦਰਬਾਰਾ ਸਿੰਘ ਨੇ 424 ਵੋਟਾਂ ਹਾਸਲ ਕੀਤੀਆਂ।



# ਪਾਰਟੀ ਲਈ ਸਿਰਧੜ ਦੀ ਬਾਜੀ ਲਗਾਉਣ ਵਾਲੇ ਵਰਕਰਾਂ ਤੇ ਮਾਣ ਹੈ ਸਾਨੂੰ - ਡਾਕਟਰ ਨਛੱਤਰ ਪਾਲ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)-** "ਨਤੀਜੇ ਚਾਹੇ ਜੋ ਮਰਜ਼ੀ ਹੋਣ, ਪਰ ਮੈਨੂੰ ਮਾਣ ਹੈ ਕਿ ਬਹੁਜਨ ਸਮਾਜ ਪਾਰਟੀ ਦੇ ਯੋਧਿਆਂ ਵਰਕਰਾਂ ਤੇ ਜਿਨ੍ਹਾਂ ਆਪਣੇ ਗੁਰੂਆਂ-ਰਹਿਬਰਾਂ ਦੀ ਵਿਚਾਰਧਾਰਾ ਫੈਲਾਉਣ ਵਿੱਚ ਕੋਈ ਕਸਰ ਨਹੀਂ ਛੱਡੀ। ਬਹੁਜਨ ਸਮਾਜ ਪਾਰਟੀ ਦੇ ਉਮੀਦਵਾਰਾਂ ਦਾ ਜਦੋਂ ਤੁਸੀਂ ਪ੍ਰਚਾਰ ਦਾ ਤਰੀਕਾ ਵੇਖੋਗੇ ਤਾਂ ਹਰ ਮੀਟਿੰਗ ਹਰ ਰੈਲੀ ਵਿੱਚ ਤੁਹਾਨੂੰ ਗੁਰੂ ਰਵਿਦਾਸ ਜੀ ਦੇ ਬੇਗਮਪੁਰਾ, ਸਤਿਗੁਰੂ ਕਬੀਰ ਸਾਹਿਬ, ਬਾਬਾ ਸਾਹਿਬ ਅੰਬੇਡਕਰ ਜੀ, ਦਸਮੇਸ਼ ਪਿਤਾ, ਸਾਹਿਬ ਕਾਂਸ਼ੀ ਰਾਮ ਜੀ ਤੇ ਹੋਰ ਬਹੁਤ ਸਾਰੇ ਮਹਾਪੁਰਸ਼ਾਂ ਦੀ ਵਿਚਾਰਧਾਰਾ ਦੇ ਦਰਸ਼ਨ ਹੋਣਗੇ। ਸੂਬਾ ਪ੍ਰਧਾਨ ਸਰਦਾਰ ਜਸਵੀਰ, ਐਡਵੋਕੇਟ ਬਲਵਿੰਦਰ ਕੁਮਾਰ, ਵਿਧਾਇਕ ਡਾਕਟਰ ਨਛੱਤਰ ਪਾਲ, ਮਾਲਵੇ ਦੇ ਬੱਬਰ ਸ਼ੇਰ ਸਰਦਾਰ ਕੁਲਦੀਪ ਸਿੰਘ ਸਰਦੂਲਗੜ੍ਹ ਤੇ ਕੌਮੀ ਸੰਤ ਕ੍ਰਿਸ਼ਨ ਨਾਥ ਜੀ ਚਹੇੜੂ ਵਾਲਿਆਂ ਨੇ ਇਹਨਾਂ ਚੋਣਾਂ ਵਿੱਚ ਮਹਾਂਪੁਰਖਾਂ ਦੀ ਵਿਚਾਰਧਾਰਾ ਦਾ ਖੂਬ ਪ੍ਰਚਾਰ ਤੇ ਪ੍ਰਸਾਰ ਕੀਤਾ। ਜਿਹੜੇ ਲੋਕ ਇਸ ਵਿਚਾਰਧਾਰਾ ਨੂੰ ਸਮਝ ਗਏ, ਜਿਨ੍ਹਾਂ ਦੀ ਅਣਖ ਜਾਗ ਗਈ, ਉਹਨਾਂ ਮੈਦਾਨ-ਏ-ਜੰਗ ਵਿੱਚ ਬਸਪਾ ਦੇ ਉਮੀਦਵਾਰਾਂ ਦਾ ਡਟ ਕੇ ਸਾਥ ਦਿੱਤਾ। ਜੋ ਨਹੀਂ ਸਮਝ ਸਕੇ ਉਹ ਦੂਜਿਆਂ ਦੇ ਪਿੱਛੇ ਲੱਗ ਕੇ ਬੇਗਮਪੁਰਾ ਵਸਾਉਣ ਦੇ ਸੁਪਨੇ ਨੂੰ ਚਕਨਾਚੂਰ ਕਰ ਗਏ। ਫਿਰ ਵੀ ਜਿਨ੍ਹਾਂ ਸੂਰਮਿਆਂ ਨੇ ਬੇਗਮਪੁਰਾ ਵਸਾਉਣ ਲਈ ਬਾਬਾ ਸਾਹਿਬ ਤੇ ਸਾਹਿਬ ਕਾਂਸ਼ੀ ਰਾਮ ਜੀ ਦੇ ਹਾਥੀ ਦੀ ਸਵਾਰੀ ਕੀਤੀ, ਉਹਨਾਂ ਅਣਖੀ ਯੋਧਿਆਂ ਨੂੰ ਦਿਲ ਦੀਆਂ ਗਹਿਰਾਈਆਂ ਤੋਂ ਸਲਾਮ ਹੈ। ਬੇਗਮਪੁਰਾ ਵਸਾਉਣ ਦੀ ਜੰਗ ਜਾਰੀ ਰਹੇਗੀ ਤੇ ਇੱਕ ਨਾ ਇੱਕ ਗੁਰੂਆਂ-ਰਹਿਬਰਾਂ ਦਾ ਇਹ ਸੁਪਨਾ ਜਰੂਰ ਪੂਰਾ ਹੋਵੇਗਾ"।

# ਲੋਕ ਸਭਾ ਹਲਕਾ ਸੰਗਰੂਰ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਗੁਰਮੀਤ ਸਿੰਘ ਮੀਤ ਹੇਅਰ ਜੇਤੂ

**ਬਰੜਵਾਲ (ਧੂਰੀ) ਸੰਗਰੂਰ (ਦਲਜੀਤ ਕੌਰ)** ਲੋਕ ਸਭਾ ਹਲਕਾ 12-ਸੰਗਰੂਰ ਦੀਆਂ ਲੋਕ ਸਭਾ ਚੋਣਾਂ ਦੇ ਨਤੀਜੇ ਦਾ ਐਲਾਨ ਕਰ ਦਿੱਤਾ ਗਿਆ ਹੈ। ਚੋਣ ਨਤੀਜਿਆਂ ਸਬੰਧੀ ਜਾਣਕਾਰੀ ਦਿੰਦਿਆਂ ਰਿਟਰਨਿੰਗ ਅਫ਼ਸਰ ਸੰਗਰੂਰ ਜਤਿੰਦਰ ਜੋਰਵਾਲ ਨੇ ਦੱਸਿਆ ਕਿ ਇਨ੍ਹਾਂ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਗੁਰਮੀਤ ਸਿੰਘ ਮੀਤ ਹੇਅਰ 3 ਲੱਖ 64 ਹਜ਼ਾਰ 85 ਵੋਟਾਂ ਹਾਸਲ ਕਰਕੇ ਜੇਤੂ ਰਹੇ।



ਉਨ੍ਹਾਂ ਦੱਸਿਆ ਕਿ ਲੋਕ ਸਭਾ ਹਲਕਾ ਸੰਗਰੂਰ ਵਿੱਚ ਪੈਂਦੇ 9 ਵਿਧਾਨ ਸਭਾ ਹਲਕਿਆਂ ਵਿੱਚੋਂ ਜ਼ਿਲ੍ਹਾ ਸੰਗਰੂਰ ਵਿਖੇ ਪੈਂਦੇ 5 ਵਿਧਾਨ ਸਭਾ ਹਲਕਿਆਂ ਤੇ ਮਲੇਰਕੋਟਲਾ ਹਲਕੇ ਦੀਆਂ ਵੋਟਾਂ ਦੀ ਗਿਣਤੀ ਦੇਸ਼ ਭਗਤ ਕਾਲਜ ਬਰੜਵਾਲ ਵਿਖੇ ਅਤੇ 3 ਹਲਕਿਆਂ ਦੀ ਗਿਣਤੀ ਐਸ.ਡੀ. ਕਾਲਜ ਬਰਨਾਲਾ ਵਿਖੇ ਸਖ਼ਤ ਸੁਰੱਖਿਆ ਪ੍ਰਬੰਧਾਂ ਹੇਠ ਨੇਪਰੇ ਚੜ੍ਹਾਈ ਗਈ। ਰਿਟਰਨਿੰਗ ਅਫ਼ਸਰ ਜਤਿੰਦਰ ਜੋਰਵਾਲ ਨੇ ਦੱਸਿਆ ਕਿ ਇੰਡੀਅਨ ਨੈਸ਼ਨਲ ਕਾਂਗਰਸ ਦੇ ਉਮੀਦਵਾਰ ਸੁਖਪਾਲ ਸਿੰਘ ਖਹਿਰਾ ਨੂੰ 1 ਲੱਖ 91 ਹਜ਼ਾਰ 525 ਵੋਟਾਂ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਉਮੀਦਵਾਰ ਸਿਮਰਨਜੀਤ ਸਿੰਘ ਮਾਨ ਨੂੰ 1 ਲੱਖ 87 ਹਜ਼ਾਰ 246 ਵੋਟਾਂ, ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਅਰਵਿੰਦ ਖੰਨਾ ਨੂੰ 1 ਲੱਖ 28 ਹਜ਼ਾਰ 253 ਵੋਟਾਂ, ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਇਕਬਾਲ ਸਿੰਘ ਝੂੰਦਾਂ ਨੂੰ 62 ਹਜ਼ਾਰ 488 ਵੋਟਾਂ, ਬਹੁਜਨ ਸਮਾਜ ਪਾਰਟੀ ਦੇ ਉਮੀਦਵਾਰ ਮੱਖਣ ਸਿੰਘ ਨੂੰ 37 ਹਜ਼ਾਰ 731 ਵੋਟਾਂ, ਅਪਨੀ ਏਕਤਾ ਪਾਰਟੀ ਦੇ ਉਮੀਦਵਾਰ ਪਰਦੀਪ ਕੁਮਾਰ ਨੂੰ 5139 ਵੋਟਾਂ, ਆਜ਼ਾਦ ਸਮਾਜ ਪਾਰਟੀ (ਕਾਂਸ਼ੀ ਰਾਮ) ਦੇ ਉ-ਮੀਦਵਾਰ ਹਰਭਜਨ ਸਿੰਘ ਨੂੰ 3431 ਵੋਟਾਂ, ਆਜ਼ਾਦ ਉਮੀਦਵਾਰ ਸੁਖਵਿੰਦਰ ਸਿੰਘ ਨੂੰ 3225 ਵੋਟਾਂ, ਆਜ਼ਾਦ ਉਮੀਦਵਾਰ ਬਲਵਿੰਦਰ ਸਿੰਘ ਸੇਖੋਂ ਨੂੰ 2572 ਵੋਟਾਂ, ਆਜ਼ਾਦ ਉਮੀਦਵਾਰ ਬਲਵਿੰਦਰ ਸਿੰਘ ਨੂੰ 2288 ਵੋਟਾਂ, ਆਜ਼ਾਦ ਉਮੀਦਵਾਰ ਜਸਵੰਤ ਸਿੰਘ ਨੂੰ 2224 ਵੋਟਾਂ, ਆਜ਼ਾਦ ਉਮੀਦਵਾਰ ਪੱਪੂ ਕੁਮਾਰ ਨੂੰ 1827 ਵੋਟਾਂ, ਪੰਜਾਬ ਨੈਸ਼ਨਲ ਪਾਰਟੀ ਦੇ ਉਮੀਦਵਾਰ ਕ੍ਰਿਸ਼ਨ ਦੇਵ ਨੂੰ 1815 ਵੋਟਾਂ, ਆਜ਼ਾਦ ਉਮੀਦਵਾਰ ਅਮਨਪ੍ਰੀਤ ਸਿੰਘ ਨੂੰ 1693 ਵੋਟਾਂ, ਆਮ ਜਨਤਾ ਪਾਰਟੀ (ਇੰਡੀਆ) ਦੇ ਉਮੀਦਵਾਰ ਰੰਗੀ ਖਾਨ ਨੂੰ 1581 ਵੋਟਾਂ, ਭਾਰਤੀਯ ਜਨ ਸੰਮਾਨ ਪਾਰਟੀ ਦੇ ਉਮੀਦਵਾਰ ਜਿਲੇ ਸਿੰਘ ਨੂੰ 1548 ਵੋਟਾਂ, ਆਦਰਸ਼ ਜਨਤਾ ਪਾਰਟੀ ਦੇ ਉਮੀਦਵਾਰ ਕਮਲ ਕੁਮਾਰ ਵਰਮਾ ਨੂੰ 1376 ਵੋਟਾਂ, ਆਜ਼ਾਦ ਉਮੀਦਵਾਰ ਚੰਨਵੀਰ ਸਿੰਘ ਨੂੰ 1283 ਵੋਟਾਂ, ਨੈਸ਼ਨਲਿਸਟ ਜਸਟਿਸ ਪਾਰਟੀ ਦੇ ਉਮੀਦਵਾਰ ਜਗਤਾਰ ਸਿੰਘ ਨੂੰ 1225 ਵੋਟਾਂ, ਆਜ਼ਾਦ ਉਮੀਦਵਾਰ ਵਿਜੇ ਸਿਆਲ ਨੂੰ 1145 ਵੋਟਾਂ, ਇੰਡੀਆ ਗਰੀਨਜ਼ ਪਾਰਟੀ ਦੇ ਉਮੀਦਵਾਰ ਹਰਪ੍ਰੀਤ ਕੌਰ ਨੂੰ 1105 ਵੋਟਾਂ ਅਤੇ ਆਜ਼ਾਦ ਉਮੀਦਵਾਰ ਰਾਜਾ ਸਿੰਘ ਨੂੰ 1040 ਵੋਟਾਂ ਪਈਆਂ। ਇਸ ਤੋਂ ਇਲਾਵਾ ਨੋਟਾ (ਇਨ੍ਹਾਂ ਵਿੱਚੋਂ ਕੋਈ ਨਹੀਂ) ਨੂੰ 3820 ਵੋਟਾਂ ਮਿਲੀਆਂ।


'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com


# ਜੀ ਜੀ ਖਾਲਸਾ ਖਾਲਸਾ ਕਾਲਜ ਦੇ ਪਰਵਾਸੀ ਸਾਹਿਤ ਮੈਦਾਨ ਵਿਚ ਮੋਹਨ ਗਿੱਲ ਦੀ ਪੁਸਤਕ "ਰੂਹ ਦਾ ਸਾਲੂ" ਡਾ. ਸਿੰਘ ਤੇ ਡਾ. ਦਲਬੀਰ ਸਿੰਘ ਕਥੂਰੀਆ ਤੇ ਸਾਥੀਆਂ ਦਾ ਲੋਕ ਅਰਪਨ

**ਲੁਧਿਆਣਾ-** ਗੁਜ਼ਰਾਂਵਾਲਾ ਗੁਰੂ ਨਾਨਕ ਖਾਲਸਾ ਕਾਲਿਜ ਲੁਧਿਆਣਾ ਵਨ ਸਰੀ (ਕੈਨੇਡਾ) ਪੀਡੀ ਪੰਜਾਬੀ ਮੇਲਨ ਗਿੱਲ (ਹਾਲੋਂ ਦੀ ਚੇਤਨਾ ਪ੍ਰਕਾਸ਼ਨ ਨਵ ਪ੍ਰਕਾਸ਼ਿਤ ਪੁਸਤਕ ਗੁਰੂ ਨਾਨਕ ਦੇਵ ਯੂਨੀ। ਦੇ ਡੇਰੇ ਵੀ, ਡਾ. ਸ. ਪ. ਸਿੰਘ, ਡਾ. ਦਲਬੀਰ ਸਿੰਘ ਕਥੂਰੀਆ ਸਥਿਤੀ। ਵਿਸ਼ਵ ਪੰਜਾਬੀ ਸਭਾ, ਪ੍ਰੋ: ਗੁਰਭਜਨ ਸਿੰਘ ਦਲਿਤ, ਲੋਕ ਅਬਦਾਮੀ, ਗੁਰਨ ਕੌਮਡ ਕੋਚਰ, ਸ. ਵਿਸ਼ਵ ਪੰਜਾਬੀ ਸਭਾ ਪ੍ਰਾਂਤ ਦੇ ਪਕੜੇ ਸਰਦਾਰ ਦਲਬੀਰ ਸਿੰਘ ਕਥੂਰੀਆ ਨਾਲ ਰੂ-ਬ-ਰੂ ਮੁਕਾਬਲਾ ਮੁਕਾਬਲਾ ਕੀਤਾ ਗਿਆ। ਵਿਚਾਰ ਚਰਚਾ ਦੌਰਾਨ ਮੁਢਲੇ ਦੇ ਪਰਵਾਸੀ ਪੰਜਾਬੀ ਸਾਹਿਤ ਦੀ ਸਿਆਸਤ , ਪਰਵਾਸੀ ਪੰਜਾਬੀ ਸਾਹਿਤ ਦਰਪੇਸ਼ ਸਿਆਸੀ ਵਿਚਾਰ ਚਰਚਾ ਕੀਤੀ ਗਈ। ਪ੍ਰੋਗਰਾਮ ਦੇ ਰੂਪ ਵਿੱਚ ਡਾਕਟਰ ਪਰਧਾਨ ਸਿੰਘ ਪ੍ਰਧਾਨ ਨਾਨਕਵਾਲਾ ਐਜੂਕੇਸ਼ਨ ਸਥਾਨਕ ਸਥਾਨ ਅਤੇ ਵਾਈਵਸ ਚਾਂਸਲਰ ਗੁਰੂ ਦੇਵ ਯੂਨੀਵਰਸਿਟੀ ਨੇ ਸਰਬ ਸੁਖੀ ਰੂਪ ਤੇ ਜੀ ਆਇਆਂ ਨੂੰ ਅਤੇ ਗਦਰ ਦੇ ਆਧਾਰ ਦੇ ਸਾਹਿਤ ਤੋਂ ਆਪਣੇ ਇੱਕ ਸ਼ਬਦ ਨੂੰ ਪਰਵਾਸੀ ਪੰਜਾਬੀ ਸਾਹਿਤ ਦਾ ਵਰਣਨ ਕੀਤਾ। ਨਿੱਜੀ ਗਦਰ ਸਾਹਿਤ ਦੇ ਸਾਹਿਤ ਨਾਲ ਸ਼ੁਰੂ ਹੁੰਦਾ ਹੈ। ਉਸ ਤੋਂ ਬਹੁਤ ਸਾਰੇ ਹੋਰ ਵੀ ਨਟਟ ਗੁਜ਼ਰਾਂਵਾਲਾ ਦੇ ਪ੍ਰਕਾਸ਼ ਅਤੇ ਥਾਈਲੈਂਡ (ਸਿਆਮ) ਵਾਸੀ ਅਭੈ ਸਿੰਘ ਦੀਆਂ ਪੁਸਤਕਾਂ ਦੀਆਂ ਕਲੀਆਂ ,ਗਿਆਨੀ ਸਿੰਘ ਦੀ ਪੁਸਤਕ ਕਾਮਾਗਾਟਾ ਮਾਰੂ ਅੰਕਿਤਸ, ਪ੍ਰਫਾਸਰ ਦੀ ਪੁਸਤਕ ਹੀ ਪੁਸਤਕ ਲੂਣਾ ਹੁਣ ਉਪਲਬਧ ਨਹੀਂ। ਨੇ ਕਿਹਾ ਕਿ ਇਸ ਨੂੰ ਬਣਾਉਣ ਲਈ ਤਿਆਰ ਹੈ ਕਿ ਹਰ ਸੰਭਵ ਕੋਸ਼ਿਸ਼ ਕਰਨ ਲਈ ਤਿਆਰ ਕੀਤੇ ਗਏ ਪੁਸਤਕਾਂ ਨੂੰ



ਸਹੀ ਢੰਗ ਨਾਲ ਲਾਇਬ੍ਰੇਰੀਆਂ ਵਿੱਚ ਕੇਨਿਰੈਨ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ, ਜੋ ਕਿ ਸਾਡੇ ਸਾਹਿਤ, ਇਤਿਹਾਸ ਅਤੇ ਕੀਮਤ ਦਾ ਵਡਮੁਲਾ ਖਜ਼ਾਨਾ ਹੈ। ਡਾ। ਦਲਬੀਰ ਸਿੰਘ ਕਥੂਰੀਆ ਨੇ ਵਿਸ਼ਵ ਪੰਜਾਬੀ ਸਭਾ ਦੀਆਂ ਸਾਹਿਤਕ ਸਾਂਝਾਂ ਸਾਂਝੀਆਂ ਕੀਤੀਆਂ। ਲੋਕਾਂ ਨੇ ਸਾਡੀਆਂ ਮੀਟਿੰਗਾਂ ਨੂੰ ਹੱਲਾਸ਼ੇਰੀ ਦਿੱਤੀ ਹੈ ਕਿ ਪੰਜਾਬ ਤੋਂ ਹਰ ਜਾਣੇ, ਦਿੱਲੀ ਲੋਕ ਵੀ ਪ੍ਰਸਾਰ ਲਈ ਮੀਡੀਆ ਨੂੰ ਜਾਣਨ ਅਤੇ ਇਸ ਬਾਰੇ ਵਿਚਾਰ ਕਰਨ ਲਈ ਕਿਹਾ ਹੈ ਕਿ ਪੰਜਾਬੀ ਪ੍ਰੋਗਰਾਮ ਵੀ ਉਲੀਕੇ ਹਨ।

ਇਹ ਜਾਣਕਾਰੀ ਪ੍ਰਸਾਰਣ ਨੇ ਕਿਹਾ ਕਿ 16-17- 18 ਅਗਸਤ 2020 ਨੂੰ ਵਿਸ਼ਵ ਸਭਾ 4 ਪੰਜਾਬੀ ਕਾਨਫਰੰਸ ਕੀਤੀ ਪੰਜਾਬੀ ਵਿੱਚ ਵਿਸ਼ਵ ਭਰ ਤੋਂ ਸਾਹਿਤ ਪ੍ਰੇਮੀ- ਬਹੁਤ ਜ਼ਿਆਦਾ ਵਿਚਾਰ ਵਿਚਾਰ ਚਰਚਾ ਕਰੋ ਗੁਰਭਜਨ ਗਿੱਲ ਪ੍ਰਧਾਨ ਲੋਕ ਦਾ। ਅਕਾਦਮੀ ਲੁਧਿਆਣਾ ਨੇ ਸ਼੍ਰੀ ਗੁਰੂ ਨਾਨਕ ਜਹਾਜ਼ (ਕਾਮਾਗਾਟਾ ਮਾਰੂ), ਸ. ਗੁਰਦਿੱਤ ਸਿੰਘ ਕਾਮਾਗਾਟਾ ਮਾਰੂ ਦੀ ਜੀਵਨੀ ਸਬਾਰੇ , ਕਾਮਾਗਾਟਾਰੂ ਸ਼ਬਦ ਦੀਆਂ ਜੜਹੀਦ ਭਾਈ ਮੇਵਾਪੋਕੇ ਲੋਕੇ ਭਾਈ ਭਾਗ ਸਿੰਘ ਗਦਰ ਦੇਸ਼ ਭਗਤਾ ਲੋਕਲਾਬ ਲਾਂਬੜਾ, ਕਰਤਾਰ ਸਿੰਘ ਯਾਦਾ ਅਤੇ ਛੇ ਹੋਰ ਸਵਾਲਾਂ ਦੇ ਵਿਚਾਰ, ਭਾਈ ਸਾਹਿਬ ਭਾਈ ਰਣਧੀਰ ਸਿੰਘ ਸਮਿਆਂ ਨੂੰ ਲਾਈਸ ਵਿਵਾਦ (ਸਰੀ) ਕਦੇ ਕਦੇ ਮੋਹਨ ਜਾਣਕਾਰੀ ਗਿੱਲ ਦੀ ਨਵ ਪ੍ਰਕਾਸ਼ਿਤ ਪੁਸਤਕ ਰੂਹ ਦਾ ਸ਼ਾਲਣੂ ਵੀ ਲੋਕ ਅਰਪਣ ਕੀਤਾ ਗਿਆ। ਕਾਲਜ ਦੇ ਵਿਕਾਸ ਰਾਹੁਲ ਗਾਂਧੀ ਨੇ ਪ੍ਰਗਟ ਕੀਤੇ ਪਰਦਾਵਾਂ ਦੇ ਪ੍ਰਗਟਾਵੇ ਦਾ ਜਵਾਬ ਦੇਣ ਅਤੇ ਕਿਹਾ ਕਿ ਆਮ ਤੌਰ 'ਤੇ ਸਾਹਿਤ ਰਚਨਾ ਪੰਜਾਬੀ ਸਾਹਿਤ ਨਾਲ ਮਿਲ ਕੇ ਪਰਵਾਸੀ ਸਾਹਿਤ ਦੀ ਪ੍ਰਫੁੱਲਤਾ ਲਈ ਵਿਕਾਸਸ਼ੀਲ ਸ਼ਕਤੀਸ਼ੀਲਤਾ। ਇਹ ਗੁਜਰਾਂ ਖਾਲਸਾ ਐਜੂਕੇਸ਼ਨਲ ਦੇ ਆਪਣੇ ਆਪ ਨੂੰ ਸ. ਸ਼ਰਨ ਸਿੰਘ ਨਰੂਲਾ, ਪ੍ਰੋਫੈਸਰ ਸਿੰਘ ਛਾਬੜਾ ਜੀ ਐਨਾ ਐਟੀ ਐਟੀ ਡਾਕਟਰ ਗੁਰਚਰਨ ਕੋਂਚ, ਸ਼ਾਇਰ ਤੈਸ਼੍ਰਲੋਚਨ ਲੋਚਨ (ਦੋਵੇਂ ਮੀਤ ਪ੍ਰਧਾਨ ਅਕਾਦਮੀ) ਲਿਮੁਦਮ ਬਲਬੀਰ ਰਾਇਕੋਟੀ ਪ੍ਰਧਾਨ ਸਤਰਨ ਇਕਾਈ ਕੰਵਲਜੀਤ ਸਿੰਘ ਲਕੀ ਮੀਤ ਪ੍ਰਧਾਨ, ਪੰਜਾਬੀ ਵਿਭਾਗ ਮੁਖੀ ਸ਼ਰਨਜੀਤ ਸਿੰਘ ਲਕੀ ਮੀਤ ਪ੍ਰਧਾਨ।

# ਪੰਜਾਬ ਪੁਲਿਸ ਦੇ ਥਾਣਾ ਮੁਖੀ ਗੁਰਦੀਪ ਸਿੰਘ ਉਰਫ ਪ੍ਰਿੰਸ ਦੀ ਡਿਊਟੀ ਦੌਰਾਨ ਮੌਤ

**ਬਠਿੰਡਾ–** ਬਠਿੰਡੇ ਦੇ ਵਸਨੀਕ ਤੇ ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹੇ ਦੇ ਮਲੋਟ ਸਿਟੀ ਥਾਣੇ ਦੇ ਐਸਐਚਓ ਇੰਸਪੈਕਟਰ ਗੁਰਦੀਪ ਸਿੰਘ ਉਰਫ ਪ੍ਰਿੰਸ ਦੀ ਬ੍ਰੇਨ ਹੇਮਰੇਜ ਕਾਰਨ ਕਾਰਨ ਮੌਤ ਹੋ ਗਈ ਹੈ। ਜਾਣਕਾਰੀ ਅਨੁਸਾਰ ਗੁਰਦੀਪ ਸਿੰਘ ਨੂੰ ਡਿਊਟੀ ਦੌਰਾਨ ਦਿਲ ਦਾ ਦੌਰਾ ਪਿਆ ਤੇ ਬ੍ਰੇਨ ਹੇਮਰੇਜ ਹੋਇਆ, ਜਿਸ ਤੋਂ ਬਾਅਦ ਉਸ ਦੇ ਸਾਥੀ ਕਰਮਚਾਰੀਆਂ ਨੇ ਉਸ ਨੂੰ ਤੁਰੰਤ ਹਸਪਤਾਲ ਦਾਖਲ ਕਰਵਾਇਆ।



ਉਹ 2 ਦਿਨਾਂ ਤੋਂ ਪੀਜੀਆਈ ਵਿੱਚ ਇਲਾਜ ਅਧੀਨ ਸੀ, ਅਪ੍ਰੇਸ਼ਨ ਵੀ ਹੋ ਗਿਆ ਸੀ ਪਰ ਅੱਜ ਇਲਾਜ ਦੌਰਾਨ ਉਸ ਦੀ ਮੌਤ ਹੋ ਹੋ ਗਈ। ਮਲੋਟ ਖੇਤਰ ਦੇ ਡੀਐਸਪੀ ਪਵਨਜੀਤ ਸਿੰਘ ਨੇ ਡਿਊਟੀ ਦੌਰਾਨ ਮੌਤ ਹੋਣ ਦੀ ਪੁਸ਼ਟੀ ਕੀਤੀ ਹੈ। ਮ੍ਰਿਤਕ ਸਿਹਤ ਵਿਗਿਆਨ ਦੇ ਪੰਜਾਬੀ ਲੇਖਕ ਤੇ ਜਮਹੂਰੀ ਅਧਿਕਾਰ ਸਭਾ ਦੇ ਸੂਬਾ ਕਮੇਟੀ ਮੈਂਬਰ ਡਾ. ਅਜੀਤਪਾਲ ਸਿੰਘ ਦੇ ਰਿਸਤੇਦਾਰ ਹਨ। ਡਾ ਅਜੀਤਪਾਲ ਦੇ ਮਾਮਾ ਜੀ ਸ. ਰੱਖਾ ਸਿੰਘ ਜੋਗੀ ਨਗਰ ਬਠਿੰਡੇ ਰਹਿੰਦੇ ਹਨ। ਡਾ ਸਾਹਿਬ ਨੇ ਦੱਸਿਆ ਕਿ ਗੁਰਦੀਪ ਸਿੰਘ/ਪ੍ਰਿੰਸ ਅੰਤਰਰਾਸ਼ਟਰੀ ਪੱਧਰ ਦੇ ਬਾਕਸਿੰਗ ਖੇਤਰ ਦੇ ਖਿਡਾਰੀ ਰਹਿ ਚੁੱਕੇ ਸਨ ਅਤੇ ਅਤੀ ਸ਼ਰੀਫ ਇਮਾਨਦਾਰ ਇਨਸਾਨ ਸਨ। ਉਹਨਾਂ ਕਈ ਸਾਲ ਬਠਿੰਡੇ ਨੌਰਕੋਟਿਕ ਸੈਲ ਦੇ ਵਿੱਚ ਨੌਕਰੀ ਦੀਆਂ ਸੇਵਾਵਾਂ ਨਿਭਾਈਆਂ ਤੇ ਉਸ ਤੋਂ ਬਾਅਦ ਐਸਐਚ ਓ ਮੌੜ ਮੰਡੀ ਵੀ ਲੱਗੇ ਰਹੇ। ਉਹਨਾਂ ਦੀ ਮ੍ਰਿਤਕ ਦੇਹ ਸਿਵਿਲ ਹਸਪਤਾਲ ਵਿੱਚ ਰੱਖੀ ਗਈ ਹੈ।

ਉਹਨਾਂ ਦਾ ਅੰਤਿਮ ਸਸਕਾਰ ਉਹਨਾਂ ਦੇ ਬੇਟਿਆਂ ਦੇ ਕਨੇਡਾ ਤੋਂ ਆਉਣ ਪਿੱਛੋਂ ਮਿਤੀ 2 ਜੂਨ ਐਤਵਾਰ ਨੂੰ ਡੀਏਵੀ ਕਾਲਜ ਨੇੜੇ ਸ਼ਮਸ਼ਾਨ ਘਾਟ ਵਿੱਚ ਸਵੇਰੇ 10 ਵਜੇ ਕੀਤਾ ਜਾਵੇਗਾ। ਕਈ ਸਮਾਜਸੇਵੀ ਸੰਸਥਾਵਾਂ ਤੇ ਮੁਲਾਜਮ ਜਥੇਬੰਦੀਆਂ ਨੇ ਐਸਐਚਓ ਗੁਰਦੀਪ ਸਿੰਘ ਦੇ ਅਚਾਨਕ ਵਿਛੋੜੇ ਤੇ ਦੁੱਖ ਦਾ ਇਜ਼ਹਾਰ ਕੀਤਾ ਹੈ ਤੇ ਪ੍ਰੀਵਾਰ ਨਾਲ ਹਮਦਰਦੀ ਦਾ ਪ੍ਰਗਟਾਵਾ ਕੀਤਾ ਹੈ।

## ਕਵਿਤਾ/ ਰਹਿਮਤ ਤੇਰੀ

ਐ ਮੌਲਾ! ਕੁਲ ਦੁਨੀਆ ਤੇਰੀ,
ਭਾਣਾ ਸਿਰ ਮੱਥੇ ਤੇ ਲਾਈਏ ।

ਮਿਹਨਤ ਕਰੀਏ ਰਹਿਮਤ ਪਾਈਏ,
ਵੰਡ ਕੇ ਛਕੀਏ ਹੱਕ ਦਾ ਖਾਈਏ।

ਹਰ ਪਲ ਅਰਜ਼ ਕਰਾਂ ਮੈਂ ਸਤਿਗੁਰੂ,
ਚੱਕਰਵਿਊ ਤੋਂ ਮੁਕਤੀ ਪਾਈਏ।

ਹੁਕਮ ਤੇਰੇ ਵਿੱਚ ਰਹਿਕੇ ਦਾਤਾ,
ਜਿੰਦੇ ਜੀਅ ਹੀ ਮਰ ਮਰ ਜਾਈਏ।

ਤਨ ਤੇ ਧਨ ਸੇਵਾ ਵਿੱਚ ਰਖੀਏ,
ਮਨ ਨੂੰ ਸਿਮਰਨ ਦੇ ਵਿੱਚ ਲਾਈਏ।

"ਰਾਜਨ" ਸੁਰਤ ਸਬਦ ਨਾਲ ਜੁੜੀਏ,
ਹਰ ਪਲ ਤੇਰਾ ਨਾਮ ਧਿਆਈਏ।



**ਰਾਜਿੰਦਰ ਸਿੰਘ**
**ਰਾਜਨ ਪਠਾਨਕੋਟ**
**91-94174-27656**

## ਕਨਿਸ਼ ਹਸਪਤਾਲ ਅੱਪਰਾ ਵਿਖੇ ਮੁਫਤ ਮੈਡੀਕਲ ਚੈੱਕ-ਅੱਪ ਕੈਂਪ 8 ਜੂਨ ਨੂੰ



**ਫਿਲੌਰ (ਜੱਸੀ)–** ਸਥਾਨਕ ਅੱਪਰਾ ਤੋਂ ਨਗਰ ਮੁੱਖ ਮਾਰਗ 'ਤੇ ਸੀਕੋ ਰਿਜ਼ਾਰਟ ਦੇ ਨੇੜੇ ਸਥਿਤ ਕਨਿਸ਼ ਹਸਪਤਾਲ ਅੱਪਰਾ ਵਿਖੇ ਐਨ। ਐਚ ਐੱਸ ਹਸਪਤਾਲ ਜਲੰਧਰ ਦੇ ਸਹਿਯੋਗ ਨਾਲ ਮੁਫਤ ਮੈਡੀਕਲ ਚੈੱਕ ਅੱਪ ਕੈਂਪ ਮਿਤੀ 8 ਜੂਨ ਦਿਨ ਸ਼ਨੀਵਾਰ ਨੂੰ ਸਵੇਰੇ 10 ਵਜੇ ਤੋਂ ਲੈ ਕੇ 2 ਵਜੇ ਤੱਕ ਲਗਾਇਆ ਜਾ ਰਿਹਾ ਹੈ । ਇਸ ਸੰਬੰਧ 'ਚ ਜਾਣਕਾਰੀ ਦਿੰਦਿਆਂ ਡਾ. ਸੁਰਿੰਦਰ ਬੰਗਾ ਨੇ ਦੱਸਿਆ ਕਿ ਇਸ ਮੌਕੇ ਬਲੱਡ ਪ੍ਰੈਸ਼ਰ, ਸ਼ੂਗਰ, ਨਿਊਰੋਪੈਥੀ ਤੇ ਈ। ਸੀ। ਜੀ ਦੇ ਟੈਸਟ ਬਿਲਕੁਲ ਮੁਫਤ ਕੀਤੇ ਜਾਣਗੇ ਤੇ ਫਰੀ ਦਵਾਈਆਂ ਦਿੱਤੀਆਂ ਜਾਣਗੀਆਂ ।

*The Royal Family Invites you to Commemorate*
*the life and passing of*

**Balbir Singh Royal**
**Retd., BPEO**



FUNERAL SERVICE WILL BE HELD ON
SATURDAY, JUNE 08, 2024, 8:30AM - 12:00PM
CHAPEL OF THE CHIMES
32992 MISSION BLVD, HAYWARD, CA 94544

FOLLOWED BY SAHAJ PAATH AT
GURUDWARA SAHIB OF FREMONT
300 GURUDWARA ROAD, FREMONT, CA
AT 1:00PM

# ਬਲਾਕ ਸਪੋਰਟਸ ਅਫਸਰ ਅਰਜੁਨ ਦੇਵ ਵਰਮਾ ਨੂੰ ਦਿੱਤੀ ਨਿੱਘੀ ਵਿਦਾਇਗੀ

**ਫਿਲੌਰ (ਜੱਸੀ)–** ਵਿਧਾਨ ਸਭਾ ਹਲਕਾ ਬੰਗਾ ਦੇ ਕਸਬਾ ਮੁਕੰਦਪੁਰ ਦੇ ਬਲਾਕ ਪ੍ਰਾਈਮਰੀ ਸਿੱਖਿਆ ਦਫਤਰ ਵਿਖੇ ਬਤੌਰ ਬਲਾਕ ਸਪੋਰਟਸ ਅਫਸਰ ਦੀ ਡਿਊਟੀ ਨਿਭਾ ਰਹੇ ਅਰਜਨ ਦੇਵ ਵਰਮਾ ਬੱਲੋਵਾਲ ਨੂੰ ਜਿਲ੍ਹਾ ਸਿੱਖਿਆ ਅਫਸਰ ਮੈਡਮ ਰੁਪਿੰਦਰ ਕੌਰ ਤੇ ਜਿਲ੍ਹਾ ਸਪੋਰਟਸ ਕੋਰਾਡੀਨੇਟਰ ਮੈਡਮ ਦਵਿੰਦਰ ਕੌਰ ਕਜਲਾ, ਸਟਾਫ ਤੇ ਉੱਚ ਅਧਿਕਾਰੀਆਂ ਵੱਲੋਂ ਵਿਦਾਇਗੀ ਦਿੱਤੀ ਗਈ! ਉਨ੍ਹਾਂ ਦੀਆ ਸਮਰਪਿਤ ਖੇਡ ਸੇਵਾਵਾਂ ਲਈ ਬੀਪੀਈਓ ਬਾਲ ਕ੍ਰਿਸਨ ਤੇ ਸਮੂਹ ਸਟਾਫ ਵਲੋਂ ਭਰਪੂਰ ਸ਼ਲਾਘਾ ਕੀਤੀ ਗਈ! ਇਸ ਮੌਕੇ ਬੀਪੀਈਓ ਮੁਕੰਦਪੁਰ ਬਾਲ ਕ੍ਰਿਸ਼ਨ ਨੇ ਕਿਹਾ ਕਿ ਬਲਾਕ ਸਪੋਰਟਸ ਅਫਸਰ ਅਰਜੁਨ ਦੇਵ ਵਰਮਾ ਨੇ ਸਪੋਰਟਸ ਦੇ ਖੇਤਰ ਚ ਵਧੀਆ ਸੇਵਾਵਾਂ ਦੇ ਕੇ ਬਲਾਕ ਦੇ ਬੱਚਿਆਂ ਨੂੰ ਗੋਲਡ ਮੈਡਲ ਜਿੱਤਾਂ ਕੇ ਦਿੱਤੇ! ਦਸਣਯੋਗ ਹੈ ਕਿ ਸਮਾਜ ਸੇਵੀ ਸੰਸਥਾ ਲਾਈਨ ਕਲੱਬ ਇੰਟਰਨੈਸ਼ਨਲ ਦੇ ਮੈਂਬਰ ਵੀ ਹਨ ਅਤੇ ਸੰਸਥਾ ਵਿੱਚ ਵੱਖ ਵੱਖ ਅਹੁਦਿਆਂ ਦੇ ਸਮਾਜ ਦੀ ਸੇਵਾ ਨਿਭਾਈ ਹੈ ਇਸ ਸਮੇਂ ਜ਼ਿਲਾ 321 ਡੀ ਵਿੱਚ ਆਪ ਬਤੌਰ ਜਿਲਾ ਚੇਅਰਮੈਨ ਰੀਡਿੰਗ ਕਾਰਨਰ ਦੇ ਅਹੁਦੇ ਤੇ ਨਿਯੁਕਤ ਹਨ। ਆਪ ਜੀ ਨੂੰ ਆਪ ਦੀਆਂ ਵਿਲੱਖਣ ਸਵੇਵਾਂ ਦੇ ਬਦਲੇ ਸਮਾਜ ਦੀਆਂ ਵੱਖ ਵੱਖ ਜਥੇਬੰਦੀਆਂ ਅਤੇ ਜਿਲਾ ਟੂਰਨਾਮੈਂਟ ਕਮੇਟੀ ਅਤੇ ਇੰਟਰਨੈਸ਼ਨਲ ਸੰਸਥਾਵਾਂ ਵੱਲੋਂ ਵੱਖ ਵੱਖ ਸਮੇਂ ਤੇ ਸਨਮਾਨਿਤ ਵੀ ਕੀਤਾ ਗਿਆ! ਇਸ ਮੌਕੇ ਸਮੂਹ ਸਟਾਫ ਵਲੋਂ ਅਰਜੁਨ ਦੇਵ ਵਰਮਾ ਨੂੰ ਯਾਦਗਾਰੀ ਚਿੰਨ ਦੇ ਕੇ ਸਨਮਾਨਿਤ ਕੀਤਾ! ਇਸ ਮੌਕੇ ਬੀਪੀਈਓ ਬਾਲ ਕ੍ਰਿਸ਼ਨ, ਸੀਤਾ ਕੌਰ, ਮਨਪ੍ਰੀਤ ਕੌਰ, ਆਸ਼ਾ ਰਾਣੀ, ਕਮਲੇਸ਼ ਕੌਰ, ਕਮਲਜੀਤ ਕੌਰ, ਸੰਦੀਪ ਕੁਮਾਰ, ਰਾਜ ਕੁਮਾਰ ਕਜਲਾ, ਰਜੇਸ਼ ਕੁਮਾਰ, ਰਮਨਦੀਪ ਕੌਰ, ਮੀਨਾਕਸ਼ੀ, ਹਰਚਰਨਜੀਤ ਸਿੰਘ, ਰਜਿੰਦਰ ਕੁਮਾਰ ਕਟਾਰੀਆ, ਸੰਦੀਪ ਕੌਰ ਤੋਂ ਇਲਾਵਾ ਹੋਰ ਵੀ ਸਕੂਲ ਸਟਾਫ ਮੈਂਬਰ ਹਾਜਰ ਸਨ।



# ਸ੍ਰੀ ਗੁਰੂ ਰਵਿਦਾਸ ਫੈਡਰੇਸ਼ਨ ਪੰਜਾਬ ਵੱਲੋਂ ਡਾ. ਸੁਰਿੰਦਰ ਸਿੰਘ ਝੱਮਟ ਨੂੰ ਭਾਈ ਘਨੱਈਆ ਜੀ ਐਵਾਰਡ ਨਾਲ ਸਨਮਾਨਿਤ ਕੀਤਾ

**ਲੁਧਿਆਣਾ (ਸਤਨਾਮ ਸਿੰਘ ਸਹੂੰਗੜਾ)** ਉੱਘੇ ਸਮਾਜ ਸੇਵੀ ਅਤੇ ਡਾਕਟਰ ਸੁਰਿੰਦਰ ਸਿੰਘ ਝਮਟ ਐਮ ਡੀ ਪਥਲੌਜਿਸਟ, ਸੀਨੀਅਰ ਮੈਡੀਕਲ ਅਫਸਰ ਸੀ ਐਚ ਸੀ ਢੁਡੀਕੇ ਸਿਹਤ ਵਿਭਾਗ ਵਿੱਚ ਕੀਤੀਆਂ ਸੇਵਾਵਾਂ ਅਤੇ ਮਰੀਜਾਂ ਪ੍ਰਤੀ ਨਿਭਾਈ ਸ਼ਾਨਦਾਰ ਡਾਕਟਰੀ ਸੇਵਾ ਨੂੰ ਦੇਖਦੇ ਹੋਏ ਸ੍ਰੀ ਗੁਰੂ ਰਵਿਦਾਸ ਫੈਡਰੇਸ਼ਨ ਪੰਜਾਬ ਵੱਲੋਂ ਭਾਈ ਘਨੱਈਆ ਜੀ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਸਮਾਗਮ ਦੌਰਾਨ ਵਿਸ਼ੇਸ਼ ਤੌਰ ਤੇ ਪਹੁੰਚੇ ਸ੍ਰੀ ਗੁਰੂ ਰਵਿਦਾਸ ਫੈਡਰੇਸ਼ਨ ਦੇ ਕੋਰ ਕਮੇਟੀ ਮੈਂਬਰ ਗੁਰਚਰਨ ਸਿੰਘ ਸਾਬਕਾ ਆਈ ਟੀ ਓ ਦਲਜੀਤ ਸਿੰਘ ਥਰੀਕੇ, ਕੋਰ ਕਮੇਟੀ ਮੈਂਬਰ ਸੁਖਦੇਵ ਸਿੰਘ ਹੈਪੀ ਮੁੱਲਾਂਪੁਰ, ਕੋਰ ਕਮੇਟੀ ਮੈਂਬਰ ਹਰਦੇਵ ਸਿੰਘ ਬੋਪਾਰਾਏ ਕੌਮੀ ਪ੍ਰਧਾਨ ਡਾਕਟਰ ਭੀਮ ਰਾਓ ਅੰਬੇਡਕਰ ਇੰਟਰਨੈਸ਼ਨਲ ਸੰਗਠਨ ਨੇ ਦੱਸਿਆ ਕਿ ਡਾਕਟਰ ਸੁਰਿੰਦਰ ਸਿੰਘ ਝੱਮਟ ਲਗਭਗ ਆਪਣੀ 27 ਸਾਲ ਪੰਜ ਮਹੀਨੇ ਦੀ ਨੌਕਰੀ ਕਰਨ ਉਪਰੰਤ ਢੁੱਡੀਕੇ ਤੋਂ ਸੇਵਾ ਮੁਕਤ ਹੋਏ ਹਨ। ਡਾਕਟਰ ਸੁਰਿੰਦਰ ਸਿੰਘ ਦਾ ਜਨਮ 30 ਮਈ 1966 ਨੂੰ ਪਿੰਡ ਝੱਮਟ ਜਿਲ੍ਹਾ ਲੁਧਿਆਣਾ ਵਿਖੇ ਪਿਤਾ ਮੇਹਰ ਸਿੰਘ ਅਤੇ ਮਾਤਾ ਸੁਰਜੀਤ ਕੌਰ ਦੇ ਘਰ ਹੋਇਆ। ਡਾਕਟਰ ਸੁਰਿੰਦਰ ਸਿੰਘ ਨੇ ਆਪਣੀ ਮੁੱਢਲੀ ਵਿਦਿਆ ਆਪਣੇ ਪਿੰਡ ਝੱਮਟ ਅਤੇ ਸਰਕਾਰੀ ਹਾਈ ਸਕੂਲ ਇਆਲੀ ਕਲਾਂ ਤੋਂ ਪ੍ਰਾਪਤ ਕੀਤੀ। +2 ਮੈਡੀਕਲ ਕਾਲਜ ਲੁਧਿਆਣਾ ਤੋਂ ਪ੍ਰਾਪਤ ਕਰਨ ਉਪਰੰਤ ਆਪ ਨੇ 1988 ਦਿਆਨੰਦ ਮੈਡੀਕਲ ਕਾਲਜ ਅਤੇ ਹਸਪਤਾਲ ਵਿੱਚ ਦਾਖਲਾ ਲਿਆ। ਆਪ ਨੇ 2 ਜਨਵਰੀ 1997 ਕੋਟ ਦੂੰਨਾਂ ਪੀ ਐਚ ਸੀ ਘਨੌਲਾ ਵਿਖੇ ਬਤੌਰ ਮੈਡੀਕਲ ਅਫਸਰ ਵਜੋਂ ਜੁਆਇਨ ਕੀਤਾ। ਇਸ ਉਪਰੰਤ ਆਪ ਨੇ 6 ਮਹੀਨੇ ਬਾਅਦ ਪਿੰਡ ਕੁਤਬਾ ਮਹਿਲ ਕਲਾਂ ਵਿਖੇ ਆਪਣੀਆਂ ਸੇਵਾਵਾਂ ਪ੍ਰਦਾਨ ਕੀਤੀਆਂ। ਸਾਲ 2003 ਵਿੱਚ ਉਚੇਰੀ ਸਿੱਖਿਆ ਲਈ ਆਪ ਨੇ ਸਰਕਾਰੀ ਮੈਡੀਕਲ ਕਾਲਜ ਵਿਖੇ ਐਮ ਡੀ ਪੈਥਲੌਜੀ ਕੋਰਸ ਵਿੱਚ ਦਾਖਲਾ ਲਿਆ। ਐਮ ਡੀ ਕਰਨ ਉਪਰੰਤ ਆਪ 2006 ਵਿੱਚ ਸਿਵਲ ਹਸਪਤਾਲ ਸਮਾਣਾ ਵਿਖੇ ਬਤੌਰ ਮੈਡੀਕਲ ਅਫਸਰ ਪੈਥਲੌਜਿਸਟ ਸੇਵਾਵਾਂ ਆਰੰਭ ਕੀਤੀਆਂ। ਉਸ ਉਪਰੰਤ ਆਪ ਨੇ ਸਾਲ 2007 ਵਿੱਚ ਸਿਵਿਲ ਹਸਪਤਾਲ ਜਗਰਾਉਂ ਵਿਖੇ ਜੂਨ 2020 ਤੱਕ ਜਗਰਾਉਂ ਦੇ ਮਰੀਜ਼ਾਂ ਦੀ ਸੇਵਾ ਕੀਤੀ। ਜੁਲਾਈ 2020 ਨੂੰ ਬਤੌਰ ਡਿਪਟੀ ਮੈਡੀਕਲ ਕਮਿਸ਼ਨਰ ਸਿਵਲ ਸਰਜਨ ਦਫਤਰ ਲੁਧਿਆਣਾ ਵਿਖੇ ਜੁਆਇਨ ਕੀਤਾ। ਉਸ ਤੋਂ ਉਪਰੰਤ 2021 ਨੂੰ ਸੀ ਐਚ ਸੀ ਢੁੱਡੀਕੇ ਵਿਖੇ ਜੁਆਇਨ ਕੀਤਾ ਅਤੇ ਇਸੇ ਸੰਸਥਾ ਤੋਂ ਸੇਵਾ ਨਵਿਰਤੀ ਨੂੰ ਪ੍ਰਾਪਤ ਹੋ ਗਏ। ਸ੍ਰੀ ਗੁਰੂ ਰਵਿਦਾਸ ਫੈਡਰੇਸ਼ਨ ਦੇ ਕੋਰ ਕਮੇਟੀ ਮੈਂਬਰਾਂ ਨੇ ਦੱਸਿਆ ਆਪ ਨੇ 30 ਅਕਤੂਬਰ 1999 ਨੂੰ ਡਾਕਟਰ ਕਮਲਦੀਪ ਕੌਰ ਨਾਲ ਆਪਣੇ ਵਿਆਹੁਤਾ ਜੀਵਨ ਦੀ ਸ਼ੁਰੂਆਤ ਕੀਤੀ ਅਤੇ ਆਪ ਦੇ ਪਰਿਵਾਰ ਫੁੱਲਵਾੜੀ ਵਿੱਚ ਬੇਟੇ ਸੁਖਮਨ ਸਿੰਘ ਅਤੇ ਬੇਟੀ ਸਿਮਰਨ ਕੌਰ ਨੇ



ਜਨਮ ਲਿਆ। ਜੋ ਕਿ ਸਰਕਾਰੀ ਮੈਡੀਕਲ ਕਾਲਜ ਪਟਿਆਲਾ ਵਿਖੇ ਐਮ ਬੀ ਬੀ ਐਸ ਦੇ ਆਖਰੀ ਵਰ੍ਹੇ ਦੀ ਪੜ੍ਹਾਈ ਕਰ ਰਹੇ ਹਨ। ਜਿਕਰਯੋਗ ਹੈ ਕਿ ਆਪ ਦੇ ਪਰਿਵਾਰ ਵਿੱਚ 15 ਮੈਡੀਕਲ ਅਫਸਰ ਵੱਖ-ਵੱਖ ਖੇਤਰਾਂ ਵਿੱਚ ਸੇਵਾਵਾਂ ਨਿਭਾ ਰਹੇ ਹਨ। ਜੋ ਕਿ ਕਿਸੇ ਮਿਸਾਲ ਤੋਂ ਘੱਟ ਨਹੀਂ ਹਨ। ਆਪ ਵੱਲੋਂ ਸਿਹਤ ਵਿਭਾਗ ਵਿੱਚ ਕੀਤੀਆਂ ਸੇਵਾਵਾਂ ਅਤੇ ਮਰੀਜਾਂ ਪ੍ਰਤੀ ਨਿਭਾਈ ਸ਼ਾਨਦਾਰ ਡਾਕਟਰੀ ਸੇਵਾ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ। ਸਮਾਗਮ ਦੌਰਾਨ ਸਾਬਕਾ ਮੰਤਰੀ ਮਲਕੀਤ ਸਿੰਘ ਦਾਖਾ, ਬਾਪੂ ਕੇਹਰ ਸਿੰਘ ਝੱਮਟ, ਸੁਖਵਿੰਦਰ ਸਿੰਘ ਬਸੈਮੀ, ਸੁਖਪਾਲ ਸਿੰਘ ਝੱਮਟ, ਦਵਿੰਦਰ ਸਿੰਘ ਦਾਖਾ, ਰੇਸ਼ਮ ਸਿੰਘ ਬੈਂਕ ਮੈਨੇਜਰ, ਐਨ ਆਰ ਆਈ ਮਨਜੀਤ ਸਿੰਘ ਝੱਮਟ, ਰਵੀ ਇਆਲੀ, ਠੇਕੇਦਾਰ ਹਰਦੇਵ ਸਿੰਘ ਝੱਮਟ, ਬਲਜਿੰਦਰ ਸਿੰਘ ਟੈਕਨੀਸ਼ਨ, ਅਵਤਾਰ ਸਿੰਘ ਰੇਲਵੇ ਵਾਲੇ, ਦਰਸ਼ਨ ਸਿੰਘ ਝੱਮਟ, ਗੁਰਮੀਤ ਸਿੰਘ ਸੁਧਾਰ, ਜਨਪ੍ਰੀਤ ਸਿੰਘ ਫ ਉ੍ ਸਲੋਚਨ ਸਿੰਘ ਆਦਿ ਹਾਜ਼ਰ ਸਨ।

# ਚਾਰ ਜੱਜ ਪੁੱਤਰ, ਪੁੱਤਰੀਆਂ ਨੇ ਆਪਣੇ ਪਿਤਾ ਐਡਵੋਕੇਟ ਵਿਰਦੀ ਅਤੇ ਮਾਤਾ ਲੈਕਚਰਾਰ ਬੰਸੋ ਦੇਵੀ ਨਾਲ ਇੱਕਠਿਆਂ ਵੋਟ ਪਾਈ



**ਫਗਵਾੜਾ, (ਬੀ.ਕੇ. ਰੱਤੂ)** ਫਗਵਾੜਾ ਹਲਕੇ ਦੇ ਜੱਜਾਂ ਦੇ ਪਰਿਵਾਰ ਵਜੋਂ ਜਾਣੇ ਜਾਂਦੇ ਪ੍ਰਸਿਧ ਚਿੰਤਕ ਅਤੇ ਲੇਖਕ ਐਡਵੋਕੇਟ ਸੰਤੋਖ ਲਾਲ ਵਿਰਦੀ ਉਹਨਾ ਦੀ ਸੁਪਤਨੀ ਸਾਬਕਾ ਲੈਕਚਰਾਰ ਬੰਸੋ ਦੇਵੀ ਉਹਨਾ ਦੇ ਇੱਕ ਜੱਜ ਪੁੱਤਰ ਮਾਨਵ ਅਤੇ ਉਸਦੀ ਪਤਨੀ ਜੱਜ ਡੈਜ਼ੀ ਬੰਗੜ ਅਤੇ ਉਹਨਾ ਦੇ ਦੂਜੇ ਜੱਜ ਪੁੱਤਰ ਇਨਸਾਨ ਅਤੇ ਉਸਦੀ ਪਤਨੀ ਜੱਜ ਸੁਖਪ੍ਰੀਤ ਕੌਰ ਨੇ ਅੱਜ ਫਗਵਾੜਾ ਦੇ ਬੂਥ ਨੰਬਰ 202 ਸਰਕਾਰੀ ਗਰਲਜ਼ ਹਾਈ ਸਕੂਲ ਚਾਚੋਕੀ ਫਗਵਾੜਾ ਵਿਖੇ ਇਕੱਠਿਆਂ ਹੀ ਆਪਣੀ ਵੋਟ ਪਾਈ। ਐਡਵੋਕੇਟ ਸੰਤੋਖ ਲਾਲ ਵਿਰਦੀ ਪੰਜਾਬੀ ਦੇ ਪ੍ਰਸਿੱਧ ਲੇਖਕ ਹਨ, ਜਿਹਨਾਂ ਨੇ ਲਗਭਗ ਛੇ ਦਰਜਨ ਪੁਸਤਕਾਂ ਪੰਜਾਬੀ ਸਾਹਿਤ ਜਗਤ ਨੂੰ ਦਿੱਤੀਆਂ ਹਨ। ਉਹਨਾਂ ਨੇ ਇੱਕ ਚੰਗੇ ਬੁਲਾਰੇ ਵਜੋਂ ਵੀ ਆਪਣੀ ਪਹਿਚਾਣ ਬਣਾਈ ਹੋਈ ਹੈ।

# ਅਵਤਾਰ ਸਿੰਘ ਦੀ ਸੇਵਾਮੁਕਤੀ ਤੇ ਸਨਮਾਨ ਸਮਾਰੋਹ ਕੀਤਾ ਗਿਆ

**ਮਾਹਿਲਪੁਰ (ਸਤਨਾਮ ਸਿੰਘ ਸਹੂੰਗੜਾ)–** ਸਿਵਲ ਹਸਪਤਾਲ ਮਾਹਿਲਪੁਰ ਤੋਂ ਅਵਤਾਰ ਸਿੰਘ ਰੇਡੀਓਗ੍ਰਾਫਰ 30 ਸਾਲ ਦੀ ਨੌਕਰੀ ਕਰਨ ਤੋਂ ਬਾਅਦ ਅੱਜ ਸੇਵਾਮੁਕਤ ਹੋ ਗਏ। ਜਥੇਬੰਦੀ ਵਿੱਚ ਕੰਮ ਕਰਦਿਆਂ ਹਮੇਸ਼ਾਂ ਮੁਲਾਜਮਾਂ ਦੇ ਹੱਕਾਂ ਲਈ ਆਵਾਜ ਬੁਲੰਦ ਕੀਤੀ ਗਈ। ਇਸ ਮੌਕੇ ਸਮੂਹ ਸਟਾਫ ਵਲੋਂ ਅਵਤਾਰ ਸਿੰਘ ਨੂੰ ਸਨਮਾਨਿਤ ਵੀ ਕੀਤਾ ਗਿਆ। ਉਹਨਾਂ ਕਿਹਾ



ਉਹਨਾਂ ਦੀ ਸੇਵਾਮੁਕਤੀ ਵੇਲੇ ਸੀਨੀਅਰ ਮੈਡੀਕਲ ਅਫਸਰ ਜਸਵੰਤ ਸਿੰਘ ਥਿੰਦ ਅਤੇ ਅਪਥਾਲਮਿਕ ਅਫਸਰ ਪਰਮਿੰਦਰ ਸਿੰਘ ਅਤੇ ਮਾਹਿਲਪੁਰ ਹਸਪਤਾਲ ਦੇ ਸਮੂਹ ਸਟਾਫ ਵਲੋਂ ਸਨਮਾਨ ਸਮਾਰੋਹ ਕਰਵਾਇਆ ਗਿਆ।

ਇਸ ਮੌਕੇ ਐਸ ਐਮ ਓ ਡਾਕਟਰ ਜਸਵੰਤ ਸਿੰਘ ਥਿੰਦ, ਡਾਕਟਰ ਪਰਮਿੰਦਰ ਸਿੰਘ, ਡਾਕਟਰ ਮਨਦੀਪ ਕੌਰ, ਡਾਕਟਰ ਮਨਜੀਤ ਕੌਰ, ਡਾਕਟਰ ਬਲਵਿੰਦਰ ਸਿੰਘ ਨੇ ਕਿਹਾ ਕਿ ਅਵਤਾਰ ਸਿੰਘ ਨੇ ਆਪਣੀ 30 ਸਾਲਾਂ ਦੀ ਨਿਸ਼ਕਾਮ ਸੇਵਾ ਦੌਰਾਨ ਬਹੁਤ ਹੀ ਇਮਾਨਦਾਰੀ ਨਾਲ ਆਪਣਾ ਫਰਜ ਨਿਭਾਇਆ ਹੈ। ਉਹਨਾਂ ਕਿਹਾ ਕਿ ਅਵਤਾਰ ਸਿੰਘ ਵਲੋਂ ਕਿ ਅਵਤਾਰ ਸਿੰਘ ਵਲੋਂ ਜਥੇਬੰਦੀ ਵਿੱਚ ਕੰਮ ਕਰਦਿਆਂ ਮੁਲਾਜਮਾਂ ਦੇ ਹੱਕਾਂ ਲਈ ਬਹੁਤ ਵਧੀਆ ਪਹਿਰੇਦਾਰੀ ਕੀਤੀ ਹੈ। ਇਸ ਮੌਕੇ ਮਾਤਾ ਗੁਰਮੇਜ ਕੌਰ, ਪਤਨੀ ਕੁਲਵੰਤ ਕੌਰ, ਬੇਟੀਆਂ ਚੈਰੀ ਹੀਰਾ, ਗਿਆਨ ਹੀਰਾ, ਬਲਦੇਵ ਸਿੰਘ ਅਤੇ ਭਰਾ ਸੁਖਜਿੰਦਰ ਪਾਲ ਸਿੰਘ, ਸਰਬਜੀਤ ਕੌਰ, ਸੱਤਪਾਲ ਲੱਠ, ਸੋਹਣ ਸਿੰਘ ਭੂੰਨੋ, ਮੱਖਣ ਸਿੰਘ ਲੰਗੇਰੀ, ਮਲਕੀਤ ਸਿੰਘ ਬਾਹੋਵਾਲ, ਅਮਰਜੀਤ ਕੁਮਾਰ, ਸਰਵਣ ਦਾਸ, ਹਰਮਨਜੀਤ ਕੌਰ, ਰਾਜਵਿੰਦਰ ਕੌਰ, ਰਵਨੀਤ ਕੌਰ, ਮਮਤਾ ਸ਼ਰਮਾ, ਨੀਲਮ ਸ਼ਰਮਾ, ਗੁਰਮੀਤ ਸਿੰਘ, ਸੁਖਦੇਵ ਸਿੰਘ, ਅਵਤਾਰ ਸਿੰਘ, ਤਲਵਿੰਦਰ ਸਿੰਘ ਹੀਰ ਆਦਿ ਹਾਜ਼ਰ ਸਨ।

# ਗੁਰਮਤਿ ਸੰਗੀਤ ਦੀ ਸਿੱਖਿਆ ਦੇਣ ਲਈ ਮਾਹਿਲਪੁਰ 'ਚ ਸੰਗੀਤ ਅਕੈਡਮੀ ਖੋਲ੍ਹੀ

**ਮਾਹਿਲਪੁਰ (ਸਤਨਾਮ ਸਿੰਘ ਸਹੂੰਗੜਾ)–** ਭਾਈ ਸਰਬਜੀਤ ਸਿੰਘ ਜੀ ਸਰਬ ਵਲੋਂ ਬੱਚਿਆਂ ਅਤੇ ਨੌਜਵਾਨਾਂ ਨੂੰ ਨਸ਼ਿਆਂ ਅਤੇ ਹੋਰ ਸਮਾਜਿਕ ਬੁਰਾਈਆਂ ਤੋਂ ਬਚਾਉਣ ਦੇ ਮੱਦੇਨਜ਼ਰ ਧੰਨ ਧੰਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਗਾਉਣ ਲਈ "ਗੁਰਬਾਣੀ ਗਾਵਹੁ ਗੁਰਮਤਿ ਸੰਗੀਤ ਅਕੈਡਮੀ ਗੜ੍ਹਸ਼ੰਕਰ ਰੋਡ ਨਵੇ ਬੱਸ ਅੱਡੇ ਦੇ ਕੋਲ ਮਾਹਿਲਪੁਰ ਵਿਖੇ ਮਹਿੰਦਰਾ ਕੋਟਕ ਬੈਂਕ ਦੇ ਸਾਹਮਣੇ ਗਲੀ ਵਿਚ ਖੋਲ੍ਹੀ ਗਈ। ਜਿਸ ਵਿੱਚ ਬੱਚਿਆਂ ਨੂੰ ਗੁਰਮਤਿ ਸੰਗੀਤ ਦੀ ਸਿੱਖਿਆ ਹਰਮੋਨੀਅਮ ਵੋਕਲ, ਸਰੰਗੀ ਫੋਕ, ਢੱਡ, ਦਿਲਰੁਬਾ, ਜੋੜੀ, ਤਬਲਾ ਰਾਹੀਂ ਦਿੱਤੀ ਜਾਵੇਗੀ। ਅਕੈਡਮੀ ਦੇ ਉਦਘਾਟਨ ਸਮੇਂ ਸਤਿਗੁਰੂ ਜੀ ਦੇ ਚਰਨਾਂ ਦਾ ਓਟ ਆਸਰਾ ਲੈਂਦੇ ਹੋਏ ਸਭ ਤੋਂ ਪਹਿਲਾਂ ਸ਼੍ਰੀ ਸੁਖਮਨੀ ਸਾਹਿਬ ਜੀ ਦੀ ਬਾਣੀ ਦੇ ਪਾਠ ਦੇ ਭੋਗ ਪਾਏ ਗਏ। ਉਪਰੰਤ ਪਹੁੰ-ਚੀਆਂ ਸੰਗਤਾਂ ਨੂੰ ਕੀਰਤਨ ਨਾਲ ਨਿਹਾਲ ਕੀਤਾ ਗਿਆ। ਅਕੈਡਮੀ ਦੀ ਅਤੇ ਭਾਈ ਸਰਬਜੀਤ ਸਿੰਘ ਜੀ ਦੀ ਚੜ੍ਹਦੀ ਕਲਾ ਲਈ ਅਰਦਾਸ ਕੀਤੀ ਗਈ। ਇਸ ਸਮੇ ਸ਼੍ਰੀ ਮਾਨ ਕਰਮਜੀਤ ਸਿੰਘ ਜੀ ਗੁਰਦੁਆਰਾ ਟਿੱਬਾ ਸਾਹਿਬ ਹੁਸ਼ਿਆਰ-ਪੁਰ ਪ੍ਰਧਾਨ ਨਿਰਮਲ ਮੰਡਲ ਸੰਤ ਸਮਾਜ, ਸੰਤ ਮਹਾਂਵੀਰ



ਸਿੰਘ ਜੀ ਜਨਰਲ ਸਕੱਤਰ, ਸੰਤ ਬਲਵੀਰ ਸਿੰਘ ਜੀ ਟਿੱਬਾ ਸਾਹਿਬ ਹੁਸ਼ਿਆਰਪੁਰ, ਸੰਤ ਪ੍ਰੀਤਮ ਸਿੰਘ ਜੀ ਬਾੜੀਆਂ ਕਲਾਂ, ਮਹਾਨ ਵਿਦਵਾਨ ਕਰਨਵੀਰ ਸਿੰਘ ਜੀ ਗੁਰਦੁਆਰਾ ਦਮਦਮਾ ਸਾਹਿਬ ਦੋਹਲਰੋਂ, ਢਾਡੀ ਸੁਖਵਿੰਦਰ ਸਿੰਘ ਜੀ ਮੰਢਾਲੀ, ਢਾਡੀ ਗੁਰਜੀਤ ਸਿੰਘ, ਢਾਡੀ ਜਰਨੈਲ ਸਿੰਘ ਜੋਬਨ, ਮਨਪ੍ਰੀਤ ਸਿੰਘ, ਗੁਰਚਰਨ ਸਿੰਘ, ਨਵਰਾਜ ਸਿੰਘ, ਮਨਰਾਜ ਸਿੰਘ, ਤੀਰਥ ਸਿੰਘ, ਇੰਦਰਪ੍ਰੀਤ ਸਿੰਘ, ਜਸਕਰਨ ਸਿੰਘ ਅਤੇ ਹੋਰ ਬੇਅੰਤ ਸੰਗਤਾਂ ਨੇ ਵੀ ਹਾਜਰੀ ਲਗਵਾਈ। ਇਸ ਮੌਕੇ ਸੰਤ ਬਾਬਾ ਬਲਵੀਰ ਸਿੰਘ ਜੀ ਲੰਗੇਰੀ ਵਾਲਿਆਂ ਨੇ ਆਏ ਹੋਏ ਮਹਾਂਪੁਰਸ਼ਾਂ ਨੂੰ ਸਿਰੋਪਾਓ ਦਿੱਤੇ ਅਤੇ ਆਈ ਹੋਈ ਸਮੂਹ ਸੰਗਤ ਦਾ ਧੰਨਵਾਦ ਕੀਤਾ। ਸਮਾਗਮ ਉਪਰੰਤ ਚਾਹ ਤੇ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ।

# ਯੂ. ਕੇ. ਦੀ ਯੂਨੀਵਰਸਿਟੀ ਵਲੋਂ ਢਾਹਾਂ ਕਲੇਰਾਂ ਵਿਖੇ ਮਾਨਸਿਕ ਸਿਹਤ ਦੇ ਕੋਰਸ ਸ਼ੁਰੂ ਕਰਨ ਦੀ ਪੇਸ਼ਕਸ਼

**ਮਾਹਿਲਪੁਰ (ਸਤਨਾਮ ਸਿੰਘ ਸਹੂੰਗੜਾ)–** ਯੂ. ਕੇ. ਦੀ ਨਾਮਵਰ ਵਿੱਦਿਅਕ ਸੰਸਥਾ ਡੀ ਮੌਂਟਫੋਰਟ ਯੂਨੀਵਰਸਿਟੀ ਲੈਸਟਰ ਵਲੋਂ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਦੇ ਪ੍ਰਬੰਧ ਹੇਠ ਚੱਲ ਰਹੀਆਂ ਸਿਹਤ ਸੰਸਥਾਵਾਂ ਅਤੇ ਮੈਡੀਕਲ ਵਿੱਦਿਅਕ ਸੰਸਥਾਵਾਂ ਵਿੱਚ ਮਾਨਸਿਕ ਸਿਹਤ ਸਬੰਧੀ ਨਵੇਂ ਕੋਰਸ ਸ਼ੁਰੂ ਕਰਨ ਬਾਰੇ ਉਕਤ ਯੂਨੀਵਰਸਿਟੀ ਅਤੇ ਇੰਡੋ ਬ੍ਰਿਟਿਸ਼ ਟਰੇਡ ਕੌਂਸ਼ਲ ਦੇ ਨੁਮਾਇੰਦਿਆਂ ਵਲੋਂ ਢਾਹਾਂ ਕਲੇਰਾਂ ਦਾ ਦੌਰਾ ਕੀਤਾ ਅਤੇ ਇੱਥੇ ਮੈਂਟਲ ਹੈਲਥ (ਮਾਨਸਿਕ ਸਿਹਤ) ਦੇ ਕੋਰਸ ਸ਼ੁਰੂ ਕਰਨ ਸਬੰਧੀ ਪੇਸ਼ਕਸ਼ ਕੀਤੀ।



ਯੂਨੀਵਰਸਿਟੀ ਦੇ ਡਾ. ਰਘੂ ਰਾਘਵਨ ਪ੍ਰੋਫੈਸਰ ਆਫ ਮੈਂਟਲ ਹੈਲਥ ਅਤੇ ਆਈ ਬੀ ਟੀ ਸੀ ਦੇ ਸ਼੍ਰੀ ਬਲਜੀਤ ਸਿੰਘ ਖੇੜਾ ਨੇ ਕਿਹਾ ਕਿ ਮੌਜੂਦਾ ਸਮੇਂ ਵਿੱਚ ਨਵੀਆਂ ਤਕਨੀਕਾਂ ਅਤੇ ਤੇਜਰਫ਼ਤਾਰ ਜ਼ਿੰਦਗੀ ਕਰਕੇ ਆਮ ਲੋਕਾਈ ਵਿੱਚ ਮਾਨਸਿਕ ਪ੍ਰੇਸ਼ਾਨੀਆਂ ਬਹੁਤ ਵੱਧ ਰਹੀਆਂ ਹਨ, ਜਿਸ ਲਈ ਉਹਨਾਂ ਨੂੰ ਮਾਨਸਿਕ ਤੌਰ 'ਤੇ ਤੰਦਰੁਸਤ ਰੱਖਣ ਲਈ ਮੈਂਟਲ ਹੈਲਥ ਵਿਸ਼ੇ 'ਤੇ ਡੀ ਮੌਂਟਫੋਰਟ ਯੂਨੀਵਰਸਿਟੀ ਲੈਸਟਰ ਯੂ ਕੇ ਵਲੋਂ ਕੋਰਸ ਆਰੰਭ ਕੀਤੇ ਹਨ ਅਤੇ ਪੰਜਾਬ ਦੇ ਵਿੱਚ ਇਹ ਮਾਨਸਿਕ ਸਿਹਤ ਦੇ ਕੋਰਸ ਢਾਹਾਂ ਕਲੇਰਾਂ ਦੇ ਚੱਲ ਰਹੇ ਮਿਸ਼ਨਰੀ ਅਦਾਰਿਆਂ ਵਿੱਚ ਸ਼ੁਰੂ ਕਰਨਾ ਚਾਹੁੰਦੇ ਹਨ। ਇਸ ਸਬੰਧੀ ਇਹ ਪੇਸ਼ਕਸ਼ ਲੈ ਕੇ ਉਹਨਾਂ ਵਲੋਂ ਟਰੱਸਟ ਦੇ ਪ੍ਰਧਾਨ ਕੁਲਵਿੰਦਰ ਸਿੰਘ ਢਾਹਾਂ ਅਤੇ ਸੀਨੀਅਰ ਮੀਤ ਪ੍ਰਧਾਨ ਜੋਗਿੰਦਰ ਸਿੰਘ ਸਾਧੜਾ ਨਾਲ ਵਿਚਾਰ ਵਟਾਂਦਰਾ ਕੀਤਾ ਗਿਆ।

ਇਸ ਵਿਚਾਰ ਵਟਾਂਦਰੇ ਵਿੱਚ ਗੁਰੂ ਨਾਨਕ ਮਿਸ਼ਨ ਹਸਪਤਾਲ ਦੇ ਵੱਖ ਵੱਖ ਵਿਭਾਗਾਂ ਦੇ ਡਾਕਟਰ ਸਾਹਿਬਾਨ, ਗੁਰੂ ਨਾਨਕ ਕਾਲਜ ਆਫ ਨਰਸਿੰਗ, ਗੁਰੂ ਨਾਨਕ ਮਿਸ਼ਨ ਪੈਰਾਮੈਡੀਕਲ ਕਾਲਜ ਦੇ ਪ੍ਰਿੰਸੀਪਲ ਅਤੇ ਅਧਿਆਪਕ ਵੀ ਸ਼ਾਮਲ ਹੋਏ। ਇਸ ਮੌਕੇ ਅਮਰਜੀਤ ਸਿੰਘ ਕਲੇਰਾਂ ਸਕੱਤਰ ਟਰੱਸਟ, ਜੱਥੇਦਾਰ ਸਤਨਾਮ ਸਿੰਘ ਲਾਦੀਆਂ, ਕੁਲਵੰਤ ਸਿੰਘ ਕਲੇਰਾਂ, ਤਰਨਦੀਪ ਸਿੰਘ ਸਾਧੜਾ ਯੂ ਕੇ, ਰੁਪਿੰਦਰ ਸਿੰਘ ਸਾਧੜਾ ਯੂ ਕੇ, ਡਾ. ਸੁਰਿੰਦਰ ਜਸਪਾਲ ਪ੍ਰਿੰਸੀਪਲ ਗੁਰੂ ਨਾਨਕ ਕਾਲਜ ਆਫ ਨਰਸਿੰਗ , ਵਾਇਸ ਪ੍ਰਿੰਸੀਪਲ ਰਮਨਦੀਪ ਕੌਰ, ਡਾ। ਰਵਿੰਦਰ ਖਜ਼ੂਰੀਆ ਮੈਡੀਕਲ ਸੁਪਰਡੈਂਟ ਗੁਰੂ ਨਾਨਕ ਮਿਸ਼ਨ ਹਸਪਤਾਲ, ਡਾ. ਬਲਵਿੰਦਰ ਸਿੰਘ ਡੀ ਐਮ ਐਸ, ਡਾ. ਜਸਦੀਪ ਸਿੰਘ ਸੈਣੀ, ਨਰਸਿੰਗ ਸੁਪਰਡੈਂਟ ਦਵਿੰਦਰ ਕੌਰ, ਗੁਰੂ ਨਾਨਕ ਪੈਰਾਮੈਡੀਕਲ ਕਾਲਜ ਦੇ ਵਾਇਸ ਪ੍ਰਿੰਸੀਪਲ ਰਾਜਦੀਪ ਥਿਥਵਾੜ, ਦਫ਼ਤਰ ਸੁਪਰਡੈਂਟ ਮਹਿੰਦਰਪਾਲ ਸਿੰਘ ਆਦਿ ਹਾਜ਼ਰ ਸਨ।

# ਖਾਲਸਾ ਕਾਲਜ ਡੁਮੇਲੀ ਵਿਖੇ 'ਵਹਿੰਗੀ' ਨੁੱਕੜ ਨਾਟਕ ਖੇਡਿਆ ਗਿਆ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਚੱਲ ਰਹੇ ਵਿਦਿਅਕ ਅਦਾਰੇ ਸੰਤ ਬਾਬਾ ਦਲੀਪ ਸਿੰਘ ਮੈਮੋਰੀਅਲ ਖਾਲਸਾ ਕਾਲਜ ਡੁਮੇਲੀ ਵਿਖੇ ਰੈਡ ਆਰਟਸ ਗਰੁੱਪ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵਿਦਿਆਰਥੀਆਂ ਵਲੋਂ ਨੁੱਕੜ ਨਾਟਕ 'ਵਹਿੰਗੀ' ਖੇਡਿਆ ਗਿਆ। ਇਸ ਨਾਟਕ ਦੇ ਰਾਹੀਂ ਕਲਾਕਾਰ ਮਲਕੀਤ ਮਹਿਰਾ ਅਤੇ ਉਸਦੇ ਸਾਥੀ ਹਰਿੰਦਰ ਸਿੰਘ ਨੇ ਅਜੋਕੇ ਪਦਾਰਥਵਾਦੀ ਯੁੱਗ ਵਿੱਚ ਗੁਆਚ ਰਹੇ ਜੀਵਨ ਮੁੱਲਾਂ ਨੂੰ ਕਟਾਖਸ਼-ਮਈ ਢੰਗ ਨਾਲ ਪੇਸ਼ ਕੀਤਾ ਅਤੇ ਨਾਲ ਹੀ ਵਪਾਰਕ ਯੁੱਗ ਵਿੱਚ ਵਿਦਿਆਰਥੀਆਂ ਅਤੇ ਅਧਿਆਪਕਾਂ ਦੇ ਰਿਸ਼ਤੇ ਵਿਚ ਅਲੋਪ ਹੋ ਰਹੇ ਸਤਿਕਾਰ ਦੀ ਭਾਵਨਾ ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ।

ਇਸ ਨਾਟਕ ਦੇ ਰਾਹੀਂ ਵਿਦਿਆਰਥੀਆਂ ਨੂੰ ਉਚੇ ਜੀਵਨ ਮੁੱਲਾਂ ਨਾਲ ਜੋੜਨ ਦੀ ਪ੍ਰੇਰਨਾ ਦਿੱਤੀ। ਇਸ ਮੌਕੇ ਕਾਲਜ ਪ੍ਰਿੰਸੀਪਲ ਡਾਕਟਰ ਗੁਰਨਾਮ ਸਿੰਘ ਰਸੂਲਪੁਰ ਨੇ ਨਾਟਕ ਦੇ ਵਿਸ਼ੇ ਨੂੰ ਵਿਦਿਆਰਥੀਆਂ ਲਈ ਮਹੱਤਵਪੂਰਨ ਦੱਸਦਿਆਂ ਕਲਾਕਾਰਾਂ ਦੀ ਪ੍ਰਸ਼ੰਸਾ ਕੀਤੀ ਅਤੇ ਰੈਡ ਆਰਟਸ ਗਰੁੱਪ ਪੰਜਾਬੀ ਯੂਨੀਵਰਸਿਟੀ ਪਟਿਆਲਾ ਦਾ ਧੰਨਵਾਦ ਵੀ ਕੀਤਾ।

ਉਹਨਾਂ ਕਿਹਾ ਕਿ ਵਿਦਿਆਰਥੀਆਂ ਨੂੰ ਆਪਣੇ ਸੱਭਿਆਚਾਰ ਨਾਲ ਜੋੜਨ ਲਈ ਅਤੇ ਉਹਨਾਂ ਨੂੰ ਨੈਤਿਕ ਮੁੱਲਾਂ ਦੀ ਭਾਵਨਾ ਨਾਲ ਜੋੜਨ ਲਈ ਕਾਲਜ ਹਮੇਸ਼ਾਂ ਯਤਨ ਕਰਦਾ ਰਹੇਗਾ। ਅਖੀਰ ਵਿੱਚ ਆਏ ਹੋਏ ਕਲਾਕਾਰਾਂ ਦਾ ਸਨਮਾਨ ਵੀ ਕੀਤਾ ਗਿਆ। ਇਸ ਮੌਕੇ ਬੀਬਾ ਰੋਮੀ ਦਿਵਗੁਣ ਦੁਆਰਾ ਸਟੇਜ ਦੀ ਭੂਮਿਕਾ ਬਾਖੂਬੀ ਨਿਭਾਈ ਗਈ। ਇਸ ਮੌਕੇ ਕਾਲਜ ਦੇ ਸਮੂਹ ਸਟਾਫ ਮੈਂਬਰ ਤੇ ਵਿਦਿਆਰਥੀ ਹਾਜ਼ਰ ਸਨ।

# ਮੈਡਮ ਜੀਵਨ ਗੌਤਮ ਨੂੰ ਸੇਵਾਮੁਕਤ ਹੋਣ ਤੇ ਸਨਮਾਨਿਤ ਕੀਤਾ

**ਮਾਹਿਲਪੁਰ (ਸਤਨਾਮ ਸਿੰਘ ਸਹੂੰਗੜਾ)–** ਮਾਹਿਲਪੁਰ ਦੇ ਇਕ ਨਿੱਜੀ ਪੈਲੇਸ ਵਿਚ ਮੈਡਮ ਜੀਵਨ ਗੌਤਮ ਵਲੋਂ ਪੁਲਿਸ ਵਿਭਾਗ ਦੇ ਕਲੈਰੀਕਲ ਸਟਾਫ ਤੋਂ



ਦਾਸ ਵੈਲਫੇਅਰ ਸੁਸਾਇਟੀ ਵਲੋਂ ਮੁੱਖ ਸੇਵਾਦਾਰ ਮਨਦੀਪ ਸਿੰਘ ਬੈਂਸ ਦੀ ਅਗਵਾਈ ਵਿਚ ਮੈਡਮ ਜੀਵਨ ਗੌਤਮ ਹੋਰਾਂ ਨੂੰ ਬਾਪੂ ਗੰਗਾ ਦਾਸ ਜੀ ਦੀ ਤਸਵੀਰ

ਸੇਵਾਮੁਕਤ ਹੋਣ ਮੌਕੇ ਉਹਨਾਂ ਦੇ ਸਮੂਹ ਪਰਿਵਾਰਕ ਮੈਂਬਰਾਂ ਦੀ ਅਗਵਾਈ ਹੇਠ ਇਕ ਧਾਰਮਿਕ ਸਮਾਗਮ ਕਰਵਾਇਆ ਗਿਆ। ਜਿਸ ਵਿੱਚ ਪਹਿਲਾ ਸ਼੍ਰੀ ਸੁੰਦਰ ਕਾਂਡ ਦੇ ਪਾਠ ਦੇ ਭੋਗ ਪਾਏ ਗਏ। ਉਪਰੰਤ ਲੁਧਿਆਣਾ ਦੀ ਪ੍ਰਮੁੱਖ ਭਜਨ ਮੰਡਲੀ ਵਲੋਂ ਬਾਲਾ ਜੀ ਦੀ ਮਹਿਮਾ ਦਾ ਗੁਣਗਾਨ ਕੀਤਾ ਗਿਆ। ਬਾਪੂ ਗੰਗਾ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਅਨਿਲ ਕੁਮਾਰ ਕਾਲਾ, ਜੋਗਿੰਦਰਪਾਲ ਪਿੰਕੀ, ਇੰਸਪੈਕਟਰ ਪਰਮਜੀਤ ਸਿੰਘ ਬੈਂਸ, ਵਿੱਕੀ ਅਗਨੀਹੋਤਰੀ, ਦਿਨੇਸ਼ ਕੁਮਾਰ ਸ਼ਰਮਾ, ਬਲਦੇਵ ਰਾਜ ਸ਼ਰਮਾ, ਮੈਡਮ ਰੀਟਾ ਰਾਣੀ ਅਤੇ ਹੋਰ ਵੀ ਕਈ ਪਤਵੰਤੇ ਹਾਜ਼ਰ ਸਨ।

# ਵੋਟਾਂ ਨੂੰ ਲੈ ਕੇ ਔਰਤਾਂ, ਬਜ਼ੁਰਗਾਂ ਤੇ ਦਿਵਿਆਂਗਜਨ 'ਚ ਦਿਸਿਆ ਵਿਸ਼ੇਸ਼ ਉਤਸ਼ਾਹ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)-** ਲੋਕ ਸਭਾ ਚੋਣਾਂ-2024 ਤਹਿਤ ਵੋਟਰਾਂ ਦੀ ਸੁਵਿਧਾ ਨੂੰ ਧਿਆਨ ਵਿਚ ਰੱਖਦਿਆਂ ਜ਼ਿਲ੍ਹੇ ਵਿਚ 7 ਪਿੰਕ ਬੂਥ (ਮਹਿਲਾਵਾਂ ਵੱਲੋਂ ਸੰਚਾਲਿਤ ਬੂਥ), 70 ਮਾਡਲ ਬੂਥ, 10 ਗ੍ਰੀਨ ਬੂਥ ਅਤੇ ਇਕ ਪੀ। ਡਬਲਯੂ। ਡੀ ਬੂਥ ਬਣਾਇਆ ਗਿਆ। ਇਨ੍ਹਾਂ ਬੂਥਾਂ 'ਤੇ ਮੁੱਖ ਗੇਟ ਨੂੰ ਵੀ ਵਿਸ਼ੇਸ਼ ਤੌਰ 'ਤੇ ਫੁੱਲਾਂ ਤੋਂ ਲੈ ਕੇ ਪੋਸਟਰਾਂ-ਹੋਰਡਿੰਗਾਂ ਨਾਲ ਸਜਾਇਆ ਗਿਆ। ਨਾਲ ਹੀ ਰੈੱਡ ਕਾਰਪੈਟ (ਲਾਲ ਕਾਲੀਨ) ਅਤੇ ਪਿੰਕ ਕਾਰਪੈਟ (ਗੁਲਾਬੀ ਕਾਲੀਨ) ਵਿਛਾਏ ਗਏ। ਇਸ ਦੇ ਨਾਲ ਹੀ ਉਡੀਕ ਘਰ ਵਿਚ ਵੀ ਅਰਾਮਦਾਇਕ ਸੋਫੇ ਵੀ ਲਗਾਏ ਗਏ ਸਨ।



ਇਨ੍ਹਾਂ ਪਿੰਕ ਬੂਥਾਂ ਦੀਆਂ ਵਿਸ਼ੇਸ਼ਤਾਵਾਂ ਇਹ ਸਨ ਕਿ ਇਥੇ ਸਾਰੀਆਂ ਔਰਤ ਕਰਮਚਾਰੀ ਹੀ ਬੂਥ ਨੂੰ ਸੰਭਾਲੇ ਹੋਏ ਸਨ। ਸੈਲਫੀ ਪੁਆਇੰਟ ਵੀ ਵੋਟਰਾਂ ਲਈ ਖਿੱਚ ਦਾ ਕੇਂਦਰ ਬਣੇ ਰਹੇ। ਹਰ ਬੂਥ 'ਤੇ 'ਪਰਸਨ ਵਿਦ ਡਿਸਏਬਿਲਿਟੀ ਲਈ ਵਿਸ਼ੇਸ਼ ਪ੍ਰਬੰਧ ਕੀਤੇ ਗਏ ਸਨ, ਬਜ਼ੁਰਗਾਂ ਨੂੰ ਬੂਥ ਤੱਕ ਲਿਆਉਣ ਲਈ ਵ੍ਹੀਲਚੇਅਰ ਦੀ ਵਿਸ਼ੇਸ਼ ਵਿਵਸਥਾ ਸੀ। ਸਵੇਰ ਤੋਂ ਹੀ ਮਹਿਲਾਵਾਂ, ਬਜ਼ੁਰਗਾਂ ਅਤੇ ਦਿਵਿਆਂਗਜਨ ਵਿਚ ਵੋਟ ਦੇ ਪ੍ਰਤੀ ਵਿਸ਼ੇਸ਼ ਉਤਸ਼ਾਹ ਦੇਖਣ ਨੂੰ ਮਿਲਿਆ ਅਤੇ ਸਾਰਿਆਂ ਨੇ ਲੋਕਤੰਤਰ ਦੇ ਇਸ ਪਰਵ ਵਿਚ ਮਤਦਾਨ ਰਾਹੀਂ ਯੋਗਦਾਨ ਪਾਇਆ। ਵੋਟਰਾਂ ਨੂੰ ਵਾਲੰਟੀਅਰਾਂ ਦੁਆਰਾ ਸਮਈਲਿੰਗ ਫੇਸ ਦੇ ਨਾਲ ਮੁੱਖ ਦਰਵਾਜ਼ੇ ਤੱਕ ਲਿਆਂਦਾ ਜਾ ਰਿਹਾ ਸੀ ਅਤੇ ਹਰੇਕ ਵੋਟਰ ਨੂੰ ਗਰਮੀ ਤੋਂ ਰਾਹਤ ਦਿਵਾਉਣ ਲਈ ਪੱਖੇ, ਕੂਲਰ ਅਤੇ ਠੰਡੇ-ਮਿਠੇ ਜਲ ਅਤੇ ਲੱਸੀ ਦੇ ਵਿਸ਼ੇਸ਼ ਪ੍ਰਬੰਧ ਸਨ।

# ਚੋਣਾਂ ਦੌਰਾਨ ਮੀਡੀਆ ਸਰਟੀਫਿਕੇਸ਼ਨ ਤੇ ਮੋਨੀਟਰਿੰਗ ਸੈੱਲ ਨੇ ਰੱਖੀ ਬਾਜ਼ ਅੱਖ

## ਚੋਣ ਜ਼ਾਬਤਾ ਲੱਗਣ ਤੋਂ ਮਤਦਾਨ ਤੱਕ ਚੈਨਲਾਂ, ਇਸ਼ਤਿਹਾਰਾਂ, ਪੇਡ ਨਿਊਜ਼ ਤੇ ਸੋਸ਼ਲ ਮੀਡੀਆ 'ਤੇ ਰੱਖੀ ਖਾਸ ਨਜ਼ਰ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)-** ਚੋਣ ਕਮਿਸ਼ਨ ਵੱਲੋਂ ਚੋਣਾਂ ਦੇ ਮੱਦੇਨਜ਼ਰ ਵੱਖ-ਵੱਖ ਸੈੱਲਾਂ ਦਾ ਗਠਨ ਕੀਤਾ ਜਾਂਦਾ ਹੈ, ਤਾਂ ਜੋ ਚੋਣ ਪ੍ਰਕਿਰਿਆ ਨੂੰ ਪਾਰਦਰਸ਼ੀ ਅਤੇ ਸਫਲਤਾਪੂਰਵਕ ਢੰਗ ਨਾਲ ਨੇਪਰੇ ਚਾੜ੍ਹਿਆ ਜਾ ਸਕੇ। ਇਸੇ ਤਹਿਤ ਲੋਕ ਸਭਾ ਚੋਣਾਂ-2024 ਦੇ ਮੱਦੇਨਜ਼ਰ ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਕੋਮਲ ਮਿੱਤਲ ਦੇ ਦਿਸ਼ਾ-ਨਿਰਦੇਸ਼ਾਂ ਹੇਠ ਮੀਡੀਆ ਸਰਟੀਫਿਕੇਸ਼ਨ ਤੇ ਮੋਨੀਟਰਿੰਗ ਸੈੱਲ ਦਾ ਵੀ ਗਠਨ ਕੀਤਾ ਗਿਆ, ਜਿਸ ਅਧੀਨ ਸਮੂਹ ਟੀਮ ਵੱਲੋਂ ਚੋਣ ਜ਼ਾਬਤਾ ਲੱਗਣ ਤੋਂ ਲੈ ਕੇ ਮਤਦਾਨ ਵਾਲੇ ਦਿਨ ਤੱਕ ਇਲੈਕਟ੍ਰਾਨਿਕ ਮੀਡੀਆ, ਪੇਡ ਨਿਊਜ਼, ਸੋਸ਼ਲ ਮੀਡੀਆ 'ਤੇ ਖ਼ਾਸ ਨਜ਼ਰ ਰੱਖੀ ਗਈ। ਜ਼ਿਲ੍ਹਾ ਚੋਣ ਅਫ਼ਸਰ ਨੇ ਕਿਹਾ ਕਿ ਇਸ ਸੈੱਲ ਦਾ ਬਹੁਤ ਵੱਡਾ ਰੋਲ ਹੁੰਦਾ ਹੈ, ਜੋ ਕਿ ਚੋਣ ਜ਼ਾਬਤਾ ਲੱਗਣ ਤੋਂ ਬਾਅਦ ਦਿਨ-ਰਾਤ ਕੰਮ ਕਰਦਾ ਹੈ। ਉਨ੍ਹਾਂ ਕਿਹਾ ਕਿ ਇਸ ਸੈੱਲ ਵੱਲੋਂ ਨਿਊਜ਼ ਚੈਨਲਾਂ, ਇਸ਼ਤਿਹਾਰਾਂ, ਪੇਡ ਨਿਊਜ਼ ਅਤੇ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਨਜ਼ਰ ਰੱਖੀ ਜਾਂਦੀ ਹੈ, ਤਾਂ ਜੋ ਚੋਣ ਜ਼ਾਬਤੇ ਦੀ ਉਲੰਘਣਾ ਹੋਣ ਸਬੰਧੀ ਕਿਸੇ ਵੀ ਗਤੀਵਿਧੀ 'ਤੇ ਕਾਰਵਾਈ ਅਮਲ ਵਿਚ ਲਿਆਂਦੀ ਜਾ ਸਕੇ। ਉਨ੍ਹਾਂ ਮੀਡੀਆ ਸਰਟੀਫਿਕੇਸ਼ਨ ਤੇ ਮੋਨੀਟਰਿੰਗ ਸੈੱਲ ਦੀ ਸਮੂਹ ਟੀਮ ਦੀ ਚੋਣਾਂ ਦੌਰਾਨ ਲਗਨ ਅਤੇ ਤਨਦੇਹੀ ਨਾਲ ਡਿਊਟੀ ਨਿਭਾਉਣ ਲਈ ਸ਼ਲਾਘਾ ਕੀਤੀ।

# ਪਹਿਲੀ ਵਾਰ ਵੋਟਰ ਬਣੇ ਨੌਜਵਾਨਾਂ ਨੇ ਬੇਹੱਦ ਉਤਸ਼ਾਹ ਨਾਲ ਪਾਈਆਂ ਵੋਟਾਂ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)-** ਲੋਕ ਸਭਾ ਚੋਣਾਂ ਨੂੰ ਲੈ ਕੇ ਜ਼ਿਲ੍ਹੇ ਵਿਚ ਪਹਿਲੀ ਵਾਰ ਵੋਟਰ ਬਣੇ ਨੌਜਵਾਨਾਂ ਵਿਚ ਵੋਟਾਂ ਪ੍ਰਤੀ ਬੇਹੱਦ ਉਤਸ਼ਾਹ ਦੇਖਣ ਨੂੰ ਮਿਲਿਆ। ਵੋਟ ਪਾਉਣ ਤੋਂ ਬਾਅਦ ਨੌਜਵਾਨ ਕਾਫੀ ਖੁਸ਼ ਨਜ਼ਰ ਆਏ, ਕਿਉਂਕਿ ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ ਦੇ ਨਿਰਮਾਣ ਵਿਚ ਉਨ੍ਹਾਂ ਨੇ ਆਪਣਾ ਯੋਗਦਾਨ ਪਾਇਆ ਹੈ। ਹੁਸ਼ਿਆਰਪੁਰ ਲੋਕ ਸਭਾ ਹਲਕੇ ਲਈ ਸਵੇਰੇ 7 ਵਜੇ ਤੋਂ ਹੀ ਨੌਜਵਾਨ ਘਰ ਤੋਂ ਨਿਕਲ ਕੇ ਆਪਣੇ-ਆਪਣੇ ਬੂਥਾਂ 'ਤੇ ਆਉਣ ਲੱਗੇ। ਪੋਲਿੰਗ ਸਟੇਸ਼ਨਾਂ 'ਤੇ ਬਜ਼ੁਰਗ ਅਤੇ ਦਿਵਿਆਂਗਜਨ ਵੋਟਰਾਂ ਲਈ ਨੌਜਵਾਨ ਵਲੰਟੀਅਰ ਮਾਰਗ ਦਰਸ਼ਕ ਬਣੇ ਅਤੇ ਉਨ੍ਹਾਂ ਦੀ ਹਰ ਸੰਭਵ ਸਹਾਇਤਾ ਲਈ ਅੱਗੇ ਰਹੇ। ਨੌਜਵਾਨਾਂ ਨਾਲ ਔਰਤਾਂ ਵਿਚ ਵੀ ਵੋਟ ਪਾਉਣ ਲਈ ਉਤਸ਼ਾਹ ਸੀ। ਗਰਮੀ ਦੇ ਮੱਦੇਨਜ਼ਰ ਬਜ਼ੁਰਗ ਵੋਟਰ ਧੁੱਪ ਢਲਣ ਦਾ ਇੰਤਜਾਰ ਕਰਦੇ ਦੇਖੇ ਗਏ। ਹੁਸ਼ਿਆਰਪੁਰ ਦੇ ਨੌਜਵਾਨ ਵੋਟਰਾਂ ਵਿਚ ਕਾਫੀ ਉਤਸ਼ਾਹ ਦੇਖਣ ਨੂੰ ਮਿਲਿਆ। ਨੌਜਵਾਨ ਵੋਟਰ ਆਪਣੇ ਨਾਲ ਆਪਣੇ ਮਾਪਿਆਂ ਨੂੰ ਵੀ ਪੋਲਿੰਗ ਬੂਥਾਂ ਤੱਕ ਲਿਆਉਂਦੇ ਦੇਖੇ ਗਏ। ਪਹਿਲੀ ਵਾਰ ਵੋਟ ਪਾਉਣ ਵਾਲੇ ਨੌਜਵਾਨਾਂ ਵਿਚ ਜੋਸ਼ ਦੇ ਨਾਲ



ਪਰਿਪੱਕਤਾ ਵੀ ਦੇਖੀ ਜਾ ਰਹੀ ਸੀ। ਚੋਣ ਦੇ ਦਿਨ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕਰਨ ਲਈ ਔਰਤਾਂ ਵੀ ਪਿੱਛੇ ਨਹੀਂ ਸਨ। ਕਈ ਬੂਥਾਂ 'ਤੇ ਮਰਦਾਂ ਨਾਲੋਂ ਜ਼ਿਆਦਾ ਔਰਤਾਂ ਵਿਚ ਵੋਟ ਪਾਉਣ ਪ੍ਰਤੀ ਜਾਗਰੂਕਤਾ ਦੇਖੀ ਗਈ। ਸਵੇਰੇ 7 ਵਜੇ ਤੋਂ ਸ਼ਾਮ 6 ਵਜੇ ਤੱਕ ਔਰਤਾਂ ਦਾ ਬੂਥਾਂ 'ਤੇ ਆਉਣਾ-ਜਾਣਾ ਲੱਗਾ ਰਿਹਾ। ਕਈ ਬੂਥਾਂ 'ਤੇ ਲੱਗੀਆਂ ਲਾਈਨਾਂ ਵਿਚ ਸਿਰਫ ਔਰਤਾਂ ਹੀ ਦਿਸ ਰਹੀਆਂ ਸਨ। ਔਰਤਾਂ ਵਿਚ ਵੋਟਾਂ ਪ੍ਰਤੀ ਜਾਗਰੂਕਤਾ ਹੋਰਨਾਂ ਵੋਟਰਾਂ ਲਈ ਪ੍ਰੇਰਣਾ ਦਾ ਕੰਮ ਕਰ ਰਹੀ ਸੀ। ਨਿਰਪੱਖ ਅਤੇ ਸ਼ਾਂਤੀਪੂਰਵਕ ਚੋਣਾਂ ਕਰਵਾਉਣ ਲਈ ਡਿਊਟੀ 'ਤੇ ਤਾਇਨਾਤ ਜਵਾਨ ਮੁਸਤੈਦੀ ਨਾਲ ਲੱਗੇ ਹੋਏ ਸਨ। ਡਿਊਟੀ 'ਤੇ ਤਾਇਨਾਤ ਅਰਧ ਸੈਨਿਕ ਬਲਾਂ ਦੇ ਜਵਾਨਾਂ ਨੇ ਸ਼ਾਂਤੀਪੂਰਨ ਢੰਗ ਨਾਲ ਵੋਟਾਂ ਦੇ ਕੰਮ ਨੂੰ ਨੇਪਰੇ ਚੜ੍ਹਾਉਣ ਦੇ ਨਾਲ-ਨਾਲ ਗੈਰ-ਸਮਾਜਿਕ ਅਨਸਰਾਂ ਨੂੰ ਮਤਦਾਨ ਕੇਂਦਰਾਂ ਦੇ ਨੇੜੇ ਵੀ ਨਹੀਂ ਫੜਕਣ ਦਿੱਤਾ। ਜਵਾਨ ਜਿਥੇ ਸ਼ਾਤੀਪੂਰਨ ਵੋਟਾਂ ਲਈ ਆਪਣੀ ਡਿਊਟੀ ਕਰ ਰਹੇ ਸਨ, ਉਥੇ ਵਲੰਟੀਅਰਾਂ ਦੇ ਵਰਤਾਅ ਅਤੇ ਕਾਰਜਸ਼ੈਲੀ ਦੀ ਸ਼ਲਾਘਾ ਸਾਰੇ ਬੂਥਾਂ 'ਤੇ ਆਮ ਵੋਟਰ ਵੀ ਕਰਦੇ ਦੇਖੇ ਗਏ।

# ਗੜ੍ਹੀਮਾਨਸੋਵਾਲ ਪਾਸ ਈਵੀਐਮ ਮਸ਼ੀਨਾਂ ਖ਼ਰਾਬ ਹੋਣ ਕਾਰਨ ਦੋ ਘੰਟੇ ਵੋਟਰ ਪ੍ਰੇਸ਼ਾਨ ਰਹੇ



**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)-** ਸ੍ਰੀ ਖੁਰਾਲਗੜ੍ਹ ਸਾਹਿਬ ਨੇੜਲੇ ਪਿੰਡ ਗੜ੍ਹੀਮਾਨਸੋਵਾਲ ਬੀਤ ਵਿੱਚ ਅੱਜ ਵੋਟਰਾਂ ਨੂੰ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ। ਸਮੱਸਿਆ ਦਾ ਕਾਰਨ ਈਵੀਐਮ ਮਸ਼ੀਨਾਂ ਵਿੱਚ ਖ਼ਰਾਬੀ ਦੱਸੀ ਜਾ ਰਹੀ ਹੈ। ਜਾਣਕਾਰੀ ਦਿੰਦਿਆਂ ਜਰਨੈਲ ਜੈਲਾ, ਸਾਬਕਾ ਸਰਪੰਚ ਜਗਦੇਵ ਸਿੰਘ, ਕੇਵਲ ਸਿੰਘ ਅਤੇ ਹੋਰ ਪਿੰਡ ਵਾਸੀਆਂ ਨੇ ਦੱਸਿਆ ਕਿ ਵੋਟਾਂ ਪੈਣ ਤੋਂ ਬਾਅਦ ਕਈ ਪਿੰਡਾਂ ਦੇ ਲੋਕਾਂ ਨੇ ਕੰਮ 'ਤੇ ਜਾਣਾ ਸੀ। ਪਰ ਜਦੋਂ ਵੋਟਾਂ ਪਾਉਣ ਦਾ ਸਮਾਂ ਆਇਆ ਤਾਂ ਮਸ਼ੀਨਾਂ ਖਰਾਬ ਹੋ ਗਈਆਂ। ਕਾਫੀ ਸਮਾਂ ਇੰਤਜ਼ਾਰ ਕਰਨ ਤੋਂ ਬਾਅਦ ਵੀ ਜਦੋਂ ਈ।ਵੀ।ਐਮ ਮਸ਼ੀਨਾਂ ਕੰਮ ਨਾ ਕਰਨ ਲੱਗੀਆਂ ਤਾਂ ਕਈ ਲੋਕ ਬਿਨਾਂ ਵੋਟ ਪਾਏ ਹੀ ਉਥੋਂ ਚਲੇ ਗਏ। ਜਰਨੈਲ ਸਿੰਘ ਜੈਲਾ ਨੇ ਦੱਸਿਆ ਕਿ ਸਵੇਰੇ 8 ਵਜੇ ਤੱਕ ਵੀ ਮਸ਼ੀਨਾਂ ਖ਼ਰਾਬ ਸਨ, ਜਿਨ੍ਹਾਂ ਨੂੰ ਮੌਕੇ 'ਤੇ ਮੌਜੂਦ ਸਟਾਫ਼ ਮੁਰੰਮਤ ਕਰਨ ਵਿੱਚ ਰੁੱਝਿਆ ਹੋਇਆ ਸੀ। ਸਾਬਕਾ ਸਰਪੰਚ ਜਗਦੇਵ ਸਿੰਘ ਨੇ ਕਿਹਾ ਕਿ ਈ ਵੀ ਐਮ ਮਸ਼ੀਨਾਂ ਦੀ ਬਜਾਏ ਬੈਲਟ ਪੇਪਰਾਂ ਰਾਹੀਂ ਵੋਟ ਪਾਉਣ ਦਾ ਪੁਰਾਣਾ ਤਰੀਕਾ ਜਾਰੀ ਰੱਖਿਆ ਜਾਵੇ ਕਿਉਂਕਿ ਇਨ੍ਹਾਂ ਮਸ਼ੀਨਾਂ 'ਤੇ ਭਰੋਸਾ ਨਹੀਂ ਕੀਤਾ ਜਾ ਸਕਦਾ।

# ਵੈਬ ਕਾਸਟਿੰਗ ਰਾਹੀਂ ਪੋਲਿੰਗ ਬੂਥਾਂ ਤੇ ਰੱਖੀ ਗਈ ਨਜ਼ਰ - ਜ਼ਿਲ੍ਹਾ ਚੋਣ ਅਫਸਰ ਨਵਜੋਤ ਪਾਲ ਸਿੰਘ ਰੰਧਾਵਾ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)-** ਜ਼ਿਲ੍ਹਾ ਚੋਣ ਅਫਸਰ ਕਮ ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਨਵਾਂਸ਼ਹਿਰ ਵਿਖੇ ਵੈੱਬ ਕਾਸਟਿੰਗ ਕੰਟਰੋਲ ਰੂਮ ਤੋਂ ਜ਼ਿਲ੍ਹੇ ਦੇ ਸਾਰੇ ਪੋਲਿੰਗ ਬੂਥਾਂ ਤੇ ਨਜ਼ਰ ਰੱਖ ਰਹੇ ਹਨ ਅਤੇ ਜਿਨ੍ਹਾਂ ਬੂਥਾਂ ਤੇ ਪੋਲਿੰਗ ਘੱਟਦੀ ਹੈ ਤਾਂ ਤਰੁੰਤ ਸੈਕਟਰ ਅਫਸਰ ਨੂੰ ਫੋਨ ਕਰਕੇ ਪੋਲਿੰਗ ਵਧਾਉਣ ਲਈ ਲੋਕਾਂ ਨੂੰ ਵੋਟ ਪਾਉਣ ਲਈ ਪ੍ਰੇਰਿਤ ਕਰਨ ਦੇ ਨਿਰਦੇਸ਼ ਦਿੱਤੇ ਜਾ ਰਹੇ ਹਨ। ਉਹਨਾਂ ਨੇ ਕਿਹਾ ਕਿ ਜਿਨਾਂ ਪੋਲਿੰਗ ਬੂਥਾਂ ਤੇ ਲੰਬੀਆਂ ਕਤਾਰਾਂ ਲੱਗ ਰਹੀਆਂ ਨੇ ਉਥੇ ਉਨ੍ਹਾਂ ਨੂੰ ਵੋਟਿੰਗ ਦੀ ਸਪੀਡ ਵਧਾਉਣ ਦੇ ਨਿ-ਰਦੇਸ਼ ਦਿੱਤੇ ਜਾ ਰਹੇ ਹਨ ਤਾਂ ਜੋ ਲੰਬੀਆਂ ਕਤਾਰਾਂ ਨਾ



ਲੱਗਣ। ਵੋਟਰਾਂ ਦੀ ਸਹੂਲਤ ਲਈ ਵੋਟਰ ਕਿਊ ਮੈਨਜਮੈਂਟ ਐਪ ਰਾਹੀਂ ਵੋਟਰ ਜਾਣਕਾਰੀ ਲੈ ਸਕਦੇ ਹਨ। ਜਿਲਾ ਚੋਣ ਅਫਸਰ ਕਮ ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਨੇ ਕਿਹਾ ਕਿ ਵੋਟਰਾਂ ਦੀ ਸਹੂਲਤ ਲਈ ਪੋਲਿੰਗ ਬੂਥਾਂ ਤੇ ਕੂਲਰ, ਪੱਖੇ, ਛਬੀਲ ਆਦਿ ਦੇ ਸਾਰੇ ਪ੍ਰਬੰਧ ਕੀਤੇ ਗਏ ਹਨ। ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਵਲੋਂ ਆਪ ਵੀ ਪੋਲਿੰਗ ਬੂਥਾਂ ਦਾ ਦੌਰਾ ਕੀਤਾ ਗਿਆ ਹੈ ਅਤੇ ਸਾਰੇ ਪੋਲਿੰਗ ਬੂਥਾਂ ਤੇ ਬਹੁਤ ਵਧੀਆ, ਨਿਰਪੱਖ, ਪਾਰ-ਦਰਸ਼ੀ ਅਤੇ ਸ਼ਾਂਤਮਈ ਢੰਗ ਨਾਲ ਵੋਟਿੰਗ ਪ੍ਰੋਸੈਸ ਚੱਲ ਰਾਹੀਂ ਹੈ। ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਲੋਕਾਂ ਵਿੱਚ ਵੋਟ ਪਾਉਣ ਦਾ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਹੈ, ਉਸ ਅਨੁਸਾਰ ਵੋਟਿੰਗ ਪ੍ਰਤੀਸ਼ਤ 75 ਤੋਂ ਪਾਸ ਹੋ ਜਾਵੇਗੀ। ਇਸ ਮੌਕੇ ਤੇ ਸਹਾਇਕ ਕਮਿਸ਼ਨਰ ਜਨਰਲ ਗੁਰਲੀਨ ਕੌਰ, ਗੁੱਡ ਗੋਵਰਨਸ ਫੈਲੋ ਅਸ਼ਮੀਤਾ, ਨੋਡਲ ਅਫਸਰ ਵੈੱਬ ਕਾ-ਸਟਿੰਗ ਰਾਜ ਕੁਮਾਰ ਵੀ ਹਾਜ਼ਰ ਸਨ।

# ਪਿੰਡ ਕਾਲੇਵਾਲ ਬੀਤ ਵਿੱਚ ਵਿਸ਼ਵ ਤੰਬਾਕੂ ਰਹਿਤ ਦਿਵਸ ਮਨਾਇਆ ਗਿਆ



**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)-** ਸਿਵਲ ਸਰਜਨ ਹੁਸ਼ਿਆਰਪੁਰ ਡਾ।ਬਲਵਿੰਦਰ ਕੁਮਾਰ ਜੀ ਦੇ ਹੁਕਮਾਂ ਅਤੇ ਐਸ. ਐਮ. ਓ. ਪੀ. ਐਚ. ਸੀ ਪੋਜੀ ਡਾ।ਰਘਵੀਰ ਸਿੰਘ ਜੀ ਦੀਆਂ ਹਦਾਇਤਾਂ ਅਨੁਸਾਰ ਅੱਜ ਸਿਹਤ ਅਤੇ ਤੰਦਰੁਸਤੀ ਕੇਂਦਰ ਕਾਲੇਵਾਲ ਬੀਤ ਵਿਖੇ ਵਿਸ਼ਵ ਤੰਬਾਕੂ ਵਿਰੋਧੀ ਦਿਵਸ ਮਨਾਇਆ ਗਿਆ। ਇਸ ਸਬੰਧੀ ਹੈਲਥ ਇੰਸਪੈਕਟਰ ਜਸਵੀਰ ਸਿੰਘ ਨੇ ਦੱਸਿਆ ਕਿ ਤੰਬਾਕੂ ਦੇ ਧੂੰਏਂ ਨਾਲ ਸਾਹ ਦੀਆਂ ਬਿਮਾਰੀਆਂ, ਕੈਂਸਰ, ਦਮਾ, ਛਾਤੀ ਦੀਆਂ ਬਿਮਾਰੀਆਂ, ਦਿਲ ਦੀਆਂ ਬਿਮਾਰੀਆਂ, ਚਮੜੀ ਦੀਆਂ ਬਿਮਾਰੀਆਂ ਆਦਿ ਕਈ ਭਿਆਨਕ ਬਿਮਾਰੀਆਂ ਲੱਗਦੀਆਂ ਹਨ। ਤੰਬਾਕੂ ਤੋਂ ਕਈ ਤਰ੍ਹਾਂ ਦੀਆਂ ਜ਼ਹਿਰੀਲੀਆਂ ਗੈਸਾਂ ਨਿਕਲਦੀਆਂ ਹਨ। ਇਸ ਦੇ ਧੂੰਏਂ ਵਿੱਚ ਕਾਰਬਨ ਮੋਨੋਆਕਸ-ਾਈਡ, ਸਲਫਰ, ਅਮੋਨੀਆ, ਫਾਰਮਲ ਡੀਹਾਈਡ, ਆਰਸੈਨਿਕ ਵਰਗੇ ਤੱਤ ਮੌਜੂਦ ਹੁੰਦੇ ਹਨ। ਜੋ ਮਨੁੱਖੀ ਸਰੀਰ ਨੂੰ ਭਿਆਨਕ ਬਿਮਾਰੀਆਂ ਦਾ ਕਾਰਨ ਬਣਦੇ ਹਨ। ਸਰਕਾਰ ਨੇ ਕੋਟਪਾ ਐਕਟ 2003 ਲਾਗੂ ਕੀਤਾ ਹੈ, ਜਿਸ ਤਹਿਤ ਜਨਤਕ ਥਾਵਾਂ 'ਤੇ ਸਿਗਰਟਨੋਸ਼ੀ ਕਰਨ ਵਾਲਿਆਂ 'ਤੇ ਵੱਖ-ਵੱਖ ਧਾਰਾਵਾਂ ਤਹਿਤ ਜੁਰਮਾਨਾ ਲਗਾਇਆ ਜਾਂਦਾ ਹੈ। ਉਨ੍ਹਾਂ ਲੋਕਾਂ ਨੂੰ ਕਿਹਾ ਕਿ ਉਹ ਖੁਦ ਅਤੇ ਆਪਣੇ ਬੱਚਿਆਂ ਨੂੰ ਤੰਬਾਕੂ ਪ੍ਰਤੀ ਜਾਗਰੂਕ ਕਰਨ ਅਤੇ ਇਸ ਮੌਕੇ ਉਨ੍ਹਾਂ ਹਾਜ਼ਰ ਸਮੂਹ ਲੋਕਾਂ ਨੂੰ ਤੰਬਾਕੂ ਦਾ ਸੇਵਨ ਨਾ ਕਰਨ ਅਤੇ ਕਿਸੇ ਨੂੰ ਵੀ ਤੰਬਾਕੂ ਦਾ ਸੇਵਨ ਨਾ ਕਰਨ ਦੀ ਚਿਤਾਵਨੀ ਦਿੱਤੀ। ਜਸਬੀਰ ਕੌਰ, ਪਰਵੀਨ ਕੌਰ, ਰਚਨਾ ਦੇਵੀ, ਸੰਦੀਪ ਕੌਰ ਅਤੇ ਪਿੰਡ ਦੇ ਹੋਰ ਲੋਕ ਹਾਜ਼ਰ ਸਨ।

# ਸ. ਹਰਦਿਆਲ ਸਿੰਘ ਭੋਗ ਤੇ ਅੰਤਿਮ ਅਰਦਾਸ 5 ਨੂੰ ਕਾਲਰਾ ਵਿਖੇ ਹੋਵੇਗੀ

**ਕਨੇਡਾ /ਵੈਨਕੂਵਰ (ਕੁਲਦੀਪ ਚੰਬਰ )-** ਸ. ਹਰਦਿਆਲ ਸਿੰਘ ਨਮਿੱਤ ਭੋਗ ਅਤੇ ਅੰਤਿਮ ਅਰਦਾਸ 5 ਜੂਨ ਨੂੰ ਪਿੰਡ ਕਾਲਰਾ( ਨੇੜੇ ਆਦਮਪੁਰ) ਦੇ ਗੁਰਦੁਆਰਾ ਸਾਹਿਬ ਵਿਖੇ ਕੀਤੀ ਜਾਵੇਗੀ । ਇਸ ਸਬੰਧੀ ਜਾਣਕਾਰੀ ਦਿੰਦਿਆਂ ਗਿਆਨੀ ਕੁਲਵੰਤ ਸਿੰਘ ਚੁੰਬਰ ਹੈੱਡ ਗ੍ਰੰਥੀ ਯੂਕੇ ਨੇ ਦੱਸਿਆ ਕਿ ਸ. ਹਰਦਿਆਲ ਸਿੰਘ ਉਹਨਾਂ ਦੇ ਸਹੁਰਾ ਸਾਹਿਬ ਸਨ ਜੋ ਪਿਛਲੇ ਮਹੀਨੇ 25 ਜੁਲਾਈ ਨੂੰ ਪਰਿਵਾਰ ਨੂੰ ਸਦੀਵੀ ਵਿਛੋੜਾ ਦੇ ਕੇ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਸਨ। ਉਹਨਾਂ ਦੀ ਆਤਮਿਕ ਸ਼ਾਂਤੀ ਨਮਿੱਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਪਵਿੱਤਰ ਬਾਣੀ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਪਾਏ ਜਾਣ ਉਪਰੰਤ



ਰਾਗੀ ਸਿੰਘਾਂ ਵਲੋਂ ਬੈਰਾਗਮਈ ਕੀਰਤਨ ਸੰਗਤ ਨੂੰ ਸਰਵਣ ਕਰਵਾਇਆ ਜਾਵੇਗਾ, ਉਪਰੰਤ ਸ਼ਰਧਾਂਜਲੀ ਸਮਾਗਮ ਹੋਵੇਗਾ। ਜਿਸ ਵਿੱਚ ਸ. ਹਰਦਿਆਲ ਸਿੰਘ ਨਮਿੱਤ ਵੱਖ ਵੱਖ ਬੁਲਾਰੇ ਉਹਨਾਂ ਨੂੰ ਸ਼ਰਧਾਂਜਲੀ ਅਰਪਿਤ ਕਰਨਗੇ । ਇਸ ਦੁੱਖ ਦੀ ਘੜੀ ਵਿੱਚ ਹੈੱਡ ਗ੍ਰੰਥੀ ਗਿਆਨੀ ਕੁਲਵੰਤ ਸਿੰਘ ਚੁੰਬਲ ਨੂੰ ਲੱਗੇ ਇਸ ਗਹਿਰੇ ਸਦਮੇ ਕਰਕੇ, ਉਹਨਾਂ ਦੇ ਪਰਿਵਾਰ ਨਾਲ ਵੱਖ ਵੱਖ ਧਾਰਮਿਕ, ਸਮਾਜਿਕ ਅਤੇ ਰਾਜਨੀਤਿਕ ਸ਼ਖਸ਼ੀਅਤਾਂ ਨੇ ਅਫ਼ਸੋਸ ਪ੍ਰਗਟ ਕੀਤਾ ਅਤੇ ਸ. ਹਰਦਿਆਲ ਸਿੰਘ ਜੀ ਦੇ ਪਰਿਵਾਰ ਨੂੰ ਭਾਣਾ ਮੰਨਣ ਦਾ ਪਰਮਾਤਮਾ ਬੱਲ ਬਖਸ਼ੇ ਦੀ ਅਰਦਾਸ ਬੇਨਤੀ ਕੀਤੀ।

# ਨਰੇਂਦਰ ਮੋਦੀ 2014 – 2024



ਗੁਰਮੀਤ ਪਲਾਹੀ
91-98158-02070

ਪ੍ਰਧਾਨ ਮੰਤਰੀ ਨਰੇਂਦਰ ਮੋਦੀ 2014-2024 ਦੌਰਾਨ ਆਪਣੇ ਭਾਸ਼ਣਾਂ, ਆਪਣੇ ਕੀਤੇ ਕੰਮਾਂ ਕਾਰਨ ਦੇਸ਼-ਵਿਦੇਸ਼ ਵਿੱਚ ਪੂਰੀ ਤਰ੍ਹਾਂ ਛਾਇਆ ਰਿਹਾ। ਇਹਨਾ ਦਸ ਵਰ੍ਹਿਆਂ 'ਚ ਦੇਸ਼ ਵਿੱਚ ਤਿੰਨ ਲੋਕ ਸਭਾ ਚੋਣਾਂ ਅਤੇ ਦੇਸ਼ ਦੀਆਂ ਸਾਰੀਆਂ ਵਿਧਾਨ ਸਭਾਵਾਂ ਦੀਆਂ ਚੋਣਾਂ ਦੋ ਜਾਂ ਤਿੰਨ ਵੇਰ ਹੋਈਆਂ ਅਤੇ ਭਾਜਪਾ ਦੇ ਮੁੱਖ ਵਕਤਾ ਵਜੋਂ ਉਸਨੇ ਹਜ਼ਾਰਾਂ ਭਾਸ਼ਨ ਦਿੱਤੇ। ਉਸਦੇ ਭਾਸ਼ਣਾਂ ਦੀ ਵੰਨਗੀ ਵੇਖੋ, "ਮਹਾਤਮਾ ਗਾਂਧੀ ਨੂੰ ਦੁਨੀਆ ਵਿੱਚ ਉਦੋਂ ਤੱਕ ਕੋਈ ਨਹੀਂ ਸੀ ਜਾਣਦਾ, ਜਦੋਂ ਤੱਕ ਉਸ ਉਤੇ "ਗਾਂਧੀ" ਫ਼ਿਲਮ ਨਹੀਂ ਸੀ ਬਣੀ"। "ਕਾਂਗਰਸ ਦੇ ਸੱਤਾ 'ਚ ਆਉਣ ਨਾਲ ਔਰਤਾਂ ਦੇ ਮੰਗਲਸੂਤਰ ਨੂੰ ਖ਼ਤਰਾ ਪੈਦਾ ਹੋ ਜਾਏਗਾ।"

ਵਿਰੋਧੀ ਧਿਰਾਂ ਉਸਨੂੰ ਝੂਠ ਦੀ ਪੰਡ ਗਰਦਾਨਦੀਆਂ ਹਨ, ਉਸਨੂੰ "ਬਾਦਸ਼ਾਹ" ਦਾ ਖ਼ਿਤਾਬ ਦਿੰਦੀਆਂ ਹਨ, ਕਿਉਂਕਿ ਉਸਨੇ ਦੇਸ਼ ਵਿੱਚ "ਰਾਜਾਸ਼ਾਹੀ" ਦਾ ਦੌਰ ਲਿਆਉਣ ਲਈ ਪੂਰੀ ਵਾਹ ਲਾਈ ਹੋਈ ਹੈ। ਧਰਮ ਦਾ ਸਿੱਕਾ ਚਲਾਕੇ, ਧਾਰਮਿਕ ਵੰਡੀਆਂ ਪਾਕੇ ਉਹ ਹਰ ਹੀਲੇ ਦੇਸ਼ ਦੇ ਲੋਕਾਂ, ਦੇਸ਼ ਦੀ ਧੰਨ ਦੌਲਤ, ਦੇਸ਼ ਦੇ ਕੁਦਰਤੀ ਵਸੀਲਿਆਂ ਅਤੇ ਇਥੋਂ ਤੱਕ ਕਿ ਲੋਕ ਮਨਾਂ ਉਤੇ ਆਪਣੀ ਨਿਵੇਕਲੀ ਛਾਪ ਛਡਣਾ ਚਾਹੁੰਦਾ ਹੈ। ਉਹ ਇੱਕ ਰਾਸ਼ਟਰ, ਇੱਕ ਭਾਸ਼ਾ, ਇੱਕ ਚੋਣ, ਦਾ ਮੁਦਈ ਹੈ ਅਤੇ ਆਰ.ਐਸ.ਐਸ. ਦੇ ਅਜੰਡੇ ਹਿੰਦੀ, ਹਿੰਦੂ ਅਤੇ ਹਿੰਦੋਸਤਾਨ ਨੂੰ ਦੇਸ਼ 'ਤੇ ਹਰ ਹੀਲੇ ਲਾਗੂ ਕਰਨਾ ਚਾਹੁੰਦਾ ਹੈ।

ਗਰੰਟੀਆਂ ਦੇਣ ਵਾਲਾ ਦੇਸ਼ ਦਾ ਸਭ ਤੋਂ ਵਧ ਵਿਵਾਦਤ ਪ੍ਰਧਾਨ ਮੰਤਰੀ ਮੋਦੀ, ਇਹਨਾ ਦਸ ਵਰ੍ਹਿਆਂ 'ਚ ਦੇਸ਼ ਦੇ ਸੰਵਿਧਾਨ ਦੇ ਪਰਖਚੇ ਉਡਾਉਣ ਵਾਲੇ ਪ੍ਰਧਾਨ ਮੰਤਰੀ ਵਜੋਂ ਜਾਣਿਆ ਜਾਣ ਲੱਗ ਪਿਆ। ਇੱਕ ਇਹੋ ਜਿਹਾ ਚਿਹਰਾ ਜਿਸਨੇ ਆਪਣੀ ਹਕੂਮਤ ਪ੍ਰਧਾਨ ਮੰਤਰੀ ਦਫ਼ਤਰੋਂ ਚਲਾਈ, ਕਿਸੇ ਦੀ ਪ੍ਰਵਾਹ ਨਹੀਂ ਕੀਤੀ, ਇਥੋਂ ਤੱਕ ਵੀ ਚਰਚੇ ਹਨ ਕਿ ਉਹਨਾ ਆਪਣੀ ਆਕਾ "ਆਰ.ਐਸ.ਐਸ." ਨੂੰ ਵੀ ਅੱਖਾਂ ਵਿਖਾਈਆਂ ਅਤੇ ਥਾਂ ਸਿਰ ਕਰਕੇ ਰੱਖ ਦਿੱਤਾ। ਉਹਨਾ ਨੇ ਆਪਣੇ ਨਿਵਾਸ ਅਤੇ ਦਫ਼ਤਰ ਦੀਆਂ ਬਰੂਹਾਂ ਮੀਡੀਆ ਕਰਮੀਆਂ ਲਈ ਘੁੱਟਕੇ ਬੰਦ ਕਰੀ ਰੱਖੀਆਂ। ਸਾਥੀ ਮੰਤਰੀਆਂ ਤੇ ਸਰਕਾਰੀ ਅਹਿਲਕਾਰਾਂ ਨੂੰ ਵੀ ਇਸੇ ਤਰ੍ਹਾਂ ਹੀ ਤਾੜਕੇ ਰੱਖਿਆ ਗਿਆ।

ਮੋਦੀ ਦੇ "ਮਨ ਦੀਆਂ ਬਾਤਾਂ" ਮੋਦੀ ਹੀ ਜਾਣੇ। ਬਾਹਰੀ ਤੌਰ 'ਤੇ "ਮਨ ਕੀ ਬਾਤ" ਕਰਦਿਆਂ ਉਹ ਇਵੇਂ ਜਾਪਦਾ ਹੈ, ਜਿਵੇਂ ਉਹ ਸਚਮੁੱਚ ਲੋਕ ਨੁਮਾਇੰਦਾ ਹੋਵੇ ਪਰ ਅਸਲ ਅਰਥਾਂ 'ਚ ਮੋਦੀ ਆਪਣੇ-ਆਪ ਨੂੰ ਰੱਬ ਦਾ ਭੇਜਿਆ "ਰਾਜਾ" ਸਮਝਦਾ ਰਿਹਾ, ਜਿਸਨੂੰ ਦੈਵੀ ਸ਼ਕਤੀਆਂ ਨੇ ਦੇਵ-ਭੂਮੀ ਉਤੇ ਸ਼ਾਸ਼ਨ ਕਰਨ ਲਈ ਭੇਜਿਆ ਹੋਵੇ। ਸਚਮੁਚ ਬੰਦ ਕਮਰੇ ਦੀ ਬੰਦ ਮਨ ਵਾਲੀ ਸਖ਼ਸ਼ੀਅਤ, ਕਾਫੀ ਲੰਮਾ ਸਮਾਂ ਲੋਕਾਂ ਲਈ ਬੁਝਾਰਤ ਬਣੀ ਰਹੀ, ਪਰ ਜਦੋਂ ਆਮ ਲੋਕ ਗਰੀਬੀ 'ਚ ਗ੍ਰਸੇ ਗਏ, ਬੇਰੁਜ਼ਗਾਰੀ ਦੇ ਪੁੜ 'ਚ ਹੋਰ ਪੀਸੇ ਗਏ ਤਾਂ ਲੋਕਾਂ ਨੂੰ ਸਮਝ ਆਉਣੀ ਸ਼ੁਰੂ ਹੋਈ ਕਿ ਦੇਸ਼ ਮੁੜ ਰਜਵਾੜਾਸ਼ਾਹੀ, ਰਾਜਾਸ਼ਾਹੀ ਦੇ ਪੁੜਾਂ 'ਚ ਪੀਸਿਆ ਜਾ ਰਿਹਾ ਹੈ, ਜਿਥੇ ਰਾਜੇ ਦੀ ਕਹਿਣੀ ਅਤੇ ਕਥਨੀ 'ਚ ਵੇਰ ਸਾਰਾ ਅੰਤਰ ਹੈ।

ਬਿਨ੍ਹਾਂ ਸ਼ੱਕ ਨਰੇਂਦਰ ਮੋਦੀ ਦੇਸ਼ ਦੇ ਦੋ ਵੇਰ ਪ੍ਰਧਾਨ ਮੰਤਰੀ ਬਣੇ, ਮੋਦੀ ਲਹਿਰ ਵੀ ਪੰਜਾਬ ਨੂੰ ਛੱਡਕੇ ਉਤਰੀ ਭਾਰਤ ਖ਼ਾਸਕਰ ਬਿਹਾਰ, ਯੂ.ਪੀ., ਮੱਧ ਪ੍ਰਦੇਸ਼ ਆਦਿ 'ਚ ਚੱਲੀ, ਪਰ ਪੱਛਮੀ ਬੰਗਾਲ, ਕੇਰਲਾ ਅਤੇ ਕਈ ਹੋਰ ਦੱਖਣੀ ਰਾਜਾਂ ਵਿੱਚ ਉਸਨੂੰ ਇਸ ਕਰਕੇ ਵੱਡੇ ਵਿਰੋਧ ਦਾ ਸਾਹਮਣਾ ਕਰਨਾ ਪਿਆ, ਕਿਉਂਕਿ ਉਹਨਾ ਨੇ ਵਿਵਾਦਿਤ ਬਿਆਨ ਹੀ ਨਹੀਂ ਦਿੱਤੇ, ਸਗੋਂ ਵਿਵਾਦਿਤ ਕਾਨੂੰਨ ਵੀ ਪਾਸ ਕੀਤੇ, ਜਿਹਨਾਂ 'ਚ ਖੇਤੀ ਕਾਨੂੰਨ, ਸੀ.ਏ.ਏ। ਅਤੇ ਧਾਰਾ 370 ਸ਼ਾਮਲ ਸੀ, ਜਿਸਨੇ ਦੇਸ਼ ਦੀਆਂ ਘੱਟ ਗਿਣਤੀਆਂ 'ਚ ਹਾਹਾਕਾਰ ਮਚਾ ਦਿੱਤੀ।

ਮੋਦੀ ਸ਼ਾਸ਼ਨ ਸਮੇਂ ਦੌਰਾਨ ਜਿਥੇ ਦਿੱਲੀ 'ਚ ਦੰਗੇ ਹੋਏ, ਮਨੀਪੁਰ 'ਚ ਸ਼ਰਮਨਾਕ ਘਟਨਾਵਾਂ ਵਾਪਰੀਆਂ, ਉਸ ਨਾਲ



ਨਰੇਂਦਰ ਮੋਦੀ ਦਾ ਅਕਸ, ਭਾਰਤ ਵਿੱਚ ਹੀ ਨਹੀਂ, ਸਮੁੱਚੇ ਵਿਸ਼ਵ ਵਿੱਚ ਧੁੰਦਲਾ ਹੋਇਆ। ਮਨੀਪੁਰ ਹਾਲੇ ਵੀ ਕੁਰਲਾ ਰਿਹਾ ਹੈ। ਉਥੇ ਦੇ ਲੋਕਾਂ 'ਚ ਪਾਈਆਂ ਗਈਆਂ ਵੰਡੀਆਂ ਦੇਸ਼ ਦੇ ਲੋਕਤੰਤਰਿਕ ਢਾਂਚੇ ਉਤੇ ਧੱਬਾ ਹਨ, ਜਿਸਨੇ ਉਥੇ ਦੇ ਲੋਕਾਂ ਦੀ ਆਪਸੀ ਸਾਂਝ ਤਾਂ ਖ਼ਤਮ ਕੀਤੀ ਹੀ, ਪਰ ਨਾਲ ਵਿਸ਼ਵ ਵਿੱਚ ਇਹ ਸੰਦੇਸ਼ ਵੀ ਗਿਆ ਕਿ ਭਾਰਤ ਵਿੱਚ ਫਿਰਕੂ ਫਸਾਦ ਆਮ ਗੱਲ ਬਣ ਗਈ ਹੈ ਤੇ ਭਾਰਤ ਹੁਣ ਧਰਮ ਨਿਰਪੱਖ ਦੇਸ਼ ਵੀ ਨਹੀਂ ਰਿਹਾ। ਦੇਸ਼ 'ਚ ਮਨੁੱਖੀ ਹੱਕਾਂ ਦਾ ਘਾਣ ਹੋ ਰਿਹਾ ਹੈ। ਜਿਹੜਾ ਵੀ ਮੋਦੀ ਰਾਜ ਵਿਰੁੱਧ ਬੋਲਿਆ ਉਸਨੂੰ ਜੇਲ੍ਹੀਂ ਡੱਕ ਦਿੱਤਾ ਗਿਆ। ਸਿਆਸੀ ਲੋਕਾਂ ਨੂੰ ਪ੍ਰੇਸ਼ਾਨ ਕਰਨ ਲਈ ਈ.ਡੀ., ਸੀ.ਬੀ.ਆਈ. ਦੀ ਦੁਰਵਰਤੋਂ ਹੋਈ।

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦਾ ਆਯੋਧਿਆ ਰਾਮ ਮੰਦਰ 'ਚ ਮੂਰਤੀ ਸਥਾਪਨਾ ਸਮੇਂ ਮੁੱਖ ਭੂਮਿਕਾ ਨਿਭਾਉਣ ਤੇ ਫਿਰ ਇਹਨਾ ਰਾਮ ਭਗਤਾਂ ਨੂੰ ਆਪਣੇ ਵੋਟ ਬੈਂਕ 'ਚ ਬਦਲਣ ਦਾ ਯਤਨ ਦੇਸ਼ ਦੇ ਚੇਤੰਨ ਲੋਕਾਂ ਨੂੰ ਚੰਗਾ ਨਹੀਂ ਲੱਗਾ। ਇਸ ਸਭ ਕੁਝ ਦਾ ਸਿੱਧਾ ਅਸਰ, ਆਮ ਲੋਕਾਂ 'ਚ ਫੈਲੀ ਨਿਰਾਸ਼ਾ ਵਜੋਂ ਵੇਖਿਆ ਜਾ ਸਕਦਾ ਹੈ।

ਭਾਰਤ ਵੱਡਾ ਲੋਕਤੰਤਰ ਹੈ। ਇਸ ਦੀਆਂ ਲੋਕਤੰਤਰੀ ਕਦਰਾਂ ਕੀਮਤਾਂ ਹਨ। ਇਸ ਵੇਲੇ ਦੇਸ਼ ਦੇ 2024 ਦੀਆਂ ਚੋਣਾਂ ਵੇਲੇ 100 ਕਰੋੜ ਵੋਟਰ ਦੇਸ਼ ਦੇ ਚੋਣ ਕਮਿਸ਼ਨ ਨੇ ਰਜਿਸਟਰਡ ਕੀਤੇ ਹਨ। ਜਿਹਨਾ ਵਿਚੋਂ 64 ਕਰੋੜ ਲੋਕਾਂ ਨੇ ਹੀ ਵੋਟ ਪਾਈ ਹੈ, ਇਸ ਵਿਚੋਂ ਵੀ "ਨੋਟਾ" ਵੋਟਰਾਂ ਦੀ ਗਿਣਤੀ ਹੋਵੇਗੀ। ਭਾਵ ਸਿਰਫ਼ 60 ਕੁ ਕਰੋੜ ਲੋਕਾਂ ਨੇ ਵੋਟ ਪਾਈ ਹੈ। ਆਮ ਲੋਕ ਜਿਹੜੇ ਗਰੀਬੀ ਦੇ ਸਤਾਏ ਹੋਏ ਹਨ, ਬੇਰੁਜ਼ਗਾਰੀ ਦੇ ਮਾਰੇ ਹੋਏ ਹਨ, ਉਹ ਹਾਕਮਾਂ ਦੀਆਂ ਨੀਤੀਆਂ ਕਾਰਨ ਇਸ "ਚੋਣ-ਕੁੰਭ" 'ਚ ਹਿੱਸਾ ਲੈਣ ਤੋਂ ਇਨਕਾਰੀ ਹੋ ਗਏ।

ਇਸ ਤੋਂ ਵੀ ਵੱਡੀ ਗੱਲ ਇਹ ਹੈ ਕਿ ਉਹ ਹਾਕਮ ਜਿਹੜੇ ਇਹ ਆਖਦੇ ਹਨ ਕਿ ਪਿਛਲੇ ਇੱਕ ਦਹਾਕੇ 'ਚ ਦੇਸ਼ ਪੰਜਵੀਂ ਵਿਸ਼ਵ ਅਰਥ ਵਿਵਸਥਾ ਬਣਿਆ ਹੈ, ਇਹ ਦੱਸਦੇ ਕੰਨੀ ਕਤਰਾਉਂਦੇ ਹਨ ਕਿ ਦੇਸ਼ ਦੇ ਆਮ ਆਦਮੀ ਦੀਆਂ ਜੀਊਣ ਹਾਲਤਾਂ ਕਿਹੋ ਜਿਹੀਆਂ ਹਨ। ਹਾਲਾਂਕਿ ਨਰੇਂਦਰ ਮੋਦੀ ਗਰੰਟੀ ਦਿੰਦਿਆਂ ਆਮ ਆਦਮੀ ਨੂੰ ਚੰਗੇ ਭਵਿੱਖ ਅਤੇ ਚੰਗੇ ਦਿਨਾਂ ਦੇ ਸੁਪਨੇ ਵਿਖਾਉਂਦਾ ਰਿਹਾ, ਉਸ ਨੇ ਦਰਜਨਾਂ ਭਰ ਕਲਿਆਣਕਾਰੀ ਯੋਜਨਾਵਾਂ, ਜਿਹਨਾ ਵਿੱਚ ਬੇਟੀ ਬਚਾਓ-ਬੇਟੀ ਪੜ੍ਹਾਓ, ਸਵੱਛ ਭਾਰਤ ਮਿਸ਼ਨ, ਪੀ.ਐਮ.ਮੁਦਰਾ ਯੋਜਨਾ, ਅਟੱਲ ਪੈਨਸ਼ਨ ਯੋਜਨਾ, ਸਮਾਰਟ ਸਿਟੀ ਯੋਜਨਾ, ਮੇਕ ਇਨ ਇੰਡੀਆ ਯੋਜਨਾਵਾਂ ਸਮੇਤ 26 ਮਹੱਤਵਪੂਰਨ ਯੋਜਨਾਵਾਂ ਸ਼ਾਮਲ ਸਨ, ਸ਼ੁਰੂ ਕੀਤੀਆਂ, ਪਰ ਲਗਭਗ ਸਾਰੀਆਂ ਠੁੱਸ ਹੋ ਕੇ ਰਹਿ ਗਈਆਂ। ਕਿਸਾਨਾਂ ਦੀ ਮੰਦੀ ਹਾਲਤ ਸੁਧਾਰਨ ਲਈ 6000 ਰੁਪਏ ਦੇਣ ਦੀ ਗੱਲ ਕੀਤੀ, ਪਰ ਪੰਜਾਬ, ਹਰਿਆਣਾ, ਉੱਤਰਪ੍ਰਦੇਸ਼, ਰਾਜਸਥਾਨ ਅਤੇ ਹੋਰ ਕਈ ਰਾਜਾਂ ਦੇ ਹਜ਼ਾਰਾਂ ਕਿਸਾਨ ਦਿੱਲੀ ਦੀਆਂ ਬਰੂਹਾਂ ਉਤੇ ਆਪਣੀਆਂ ਮੰਗਾਂ ਲਈ ਬੈਠੇ ਹਨ। ਉਹਨਾ ਨੂੰ ਆਮ ਲੋਕਾਂ ਦਾ ਸਮਰੱਥਨ ਵੀ ਮਿਲਿਆ ਹੈ। ਪਰ ਨਰੇਂਦਰ ਮੋਦੀ ਦੀ ਸਰਕਾਰ ਵਲੋਂ ਉਹਨਾ ਨੂੰ ਲਗਾਤਾਰ ਅਣਗੌਲਿਆਂ ਕੀਤਾ ਗਿਆ। ਅਸਲ ਵਿੱਚ ਨਰੇਂਦਰ ਮੋਦੀ ਦਾ ਉਦੇਸ਼ ਖੇਤੀ, ਕਾਰਪੋਰੇਟ ਹੱਥਾਂ 'ਚ ਸੌਂਪਣ ਦਾ ਹੈ, ਜਿਵੇਂ ਉਹਨਾ ਵਲੋਂ ਦੇਸ਼ ਦੀਆਂ ਖ਼ੁਦਮੁਖਤਾਰ ਸੰਸਥਾਵਾਂ ਦੀ ਆਜ਼ਾਦੀ ਖ਼ਤਮ ਕਰਕੇ ਆਪਣੇ ਹਿੱਤਾਂ ਲਈ ਵਰਤਿਆਂ, ਉਵੇਂ ਹੀ ਸਰਕਾਰੀ ਸਰਵਜਨਕ ਸੰਸਥਾਵਾਂ ਦਾ ਨਿੱਜੀਕਰਨ ਕਰਕੇ ਦੇਸ਼ ਨੂੰ ਕਾਰਪੋਰੇਟਾਂ ਹੱਥ ਵੇਚਿਆ ਗਿਆ।

ਅਡਾਨੀ ਅਤੇ ਅੰਬਾਨੀ ਨੂੰ ਜਿਸ ਢੰਗ ਨਾਲ ਦੇਸ਼ ਦੇ ਅਦਾਰੇ ਸਪੁਰਦ ਕੀਤੇ ਗਏ ਅਤੇ ਜਿਸ ਢੰਗ ਨਾਲ ਸਿੱਖਿਆ, ਸਿਹਤ ਸਹੂਲਤਾਂ ਤੋਂ ਹੱਥ ਖਿੱਚਕੇ ਤਿੰਨ ਤਾਰਾ ਹਸਪਤਾਲ, ਪੰਜ ਤਾਰਾ ਸਕੂਲ, ਹਸਪਤਾਲ ਬਨਾਉਣ ਹਿੱਤ ਕਦਮ ਚੁੱਕੇ ਗਏ, ਉਸ ਨਾਲ ਦੇਸ਼ 'ਚ ਗਰੀਬ-ਅਮੀਰ ਦਾ ਪਾੜਾ ਵਧਿਆ ਹੈ। ਲੋਕਾਂ ਦੀਆਂ ਪ੍ਰੇਸ਼ਾਨੀਆਂ 'ਚ ਵਾਧਾ ਹੋਇਆ ਹੈ। ਕਰੋੜਾਂ ਲੋਕਾਂ ਦਾ ਜੀਵਨ ਬਦ ਤੋਂ ਬਦਤਰ ਹੋਇਆ ਹੈ। ਸਰਕਾਰੀ ਸਕੂਲਾਂ, ਹਸਪਤਾਲਾਂ ਦੇ ਹਾਲਾਤ ਦੇਸ਼ ਭਰ 'ਚ ਖ਼ਰਾਬ ਹੋਏ ਹਨ। ਟੀਚਰਾਂ, ਡਾਕਟਰਾਂ ਅਤੇ ਡਾਕਟਰੀ ਅਮਲੇ ਦੀ ਘਾਟ ਸਪਸ਼ਟ ਦਿਖਦੀ ਹੈ। ਇਹੋ ਜਿਹੇ ਹਾਲਾਤਾਂ 'ਚ 2014 ਤੋਂ 2024 ਤੱਕ ਕਿਹੜੀਆਂ ਪ੍ਰਾਪਤੀਆਂ ਗਿਣੀਆਂ ਜਾ ਸਕਦੀਆਂ ਹਨ, ਜਿਹਨਾਂ 'ਤੇ ਨਰੇਂਦਰ ਮੋਦੀ ਖੁਸ਼ ਹੋ ਸਕਦੇ ਹਨ।

ਕੀ ਇਹੋ ਪ੍ਰਾਪਤੀ ਹੈ ਕਿ ਧਰਮ ਦੇ ਨਾਅ 'ਤੇ ਧਰੁਵੀਕਰਨ ਕਰ ਦਿੱਤਾ ਗਿਆ ਤੇ ਵੋਟਾਂ ਅਟੇਰੀਆਂ ਗਈਆਂ?

ਕੀ ਕੁਦਰਤੀ ਸਾਧਨ ਧੰਨ ਕੁਬੇਰਾਂ ਦੇ ਹੱਥ ਫੜਾ ਕੇ ਦੇਸ਼ ਦੇ ਕੁਝ ਹਿੱਸਿਆਂ ਨੂੰ ਚਮਕਾ ਦਿੱਤਾ ਗਿਆ ਅਤੇ ਬਾਕੀਆਂ ਨੂੰ ਵੱਡਿਆਂ ਵਲੋਂ ਮਸਲਣ ਲਈ ਉਹਨਾ ਦੇ ਰਹਿਮੋ-ਕਰਮ 'ਤੇ ਛੱਡ ਦਿੱਤਾ ਗਿਆ?

ਕੀ ਇਹੋ ਪ੍ਰਾਪਤੀ ਹੈ ਕਿ ਸਿਹਤ ਸਹੂਲਤਾਂ, ਸਿੱਖਿਆ ਸਹੂਲਤਾਂ ਦੇ ਨਾਅ ਉਤੇ ਵੱਡੇ ਹਸਪਤਾਲ, ਸਕੂਲ ਸਿਰਜ ਦਿੱਤੇ ਗਏ ਤੇ ਆਮ ਲੋਕਾਂ ਲਈ ਤੱਪੜ, ਦਰੀਆਂ ਵਾਲੇ, ਬਿਨ੍ਹਾਂ ਬੁਨਿਆਦੀ ਢਾਂਚੇ ਵਾਲੇ ਸਕੂਲ, ਹਸਪਤਾਲ ਛੱਡ ਦਿੱਤੇ ਗਏ?

ਕੀ ਇਹੋ ਪ੍ਰਾਪਤੀ ਹੈ ਕਿ 82 ਕਰੋੜ ਲੋਕਾਂ ਨੂੰ ਅਨਾਜ ਦੇ ਕੇ ਖੁਸ਼ ਕਰਨ ਦਾ ਯਤਨ ਹੋਇਆ ਤੇ ਉਹਨਾ ਨੂੰ ਨੌਕਰੀਆਂ ਤੋਂ ਵਾਂਝੇ ਰੱਖਕੇ ਸਿਰਫ਼ ਉਹਨਾ ਹੱਥ ਠੂਠਾ ਫੜਾ ਦਿੱਤਾ ਗਿਆ?

ਕੀ ਇਹੋ ਪ੍ਰਾਪਤੀ ਹੈ ਕਿ ਵੱਡੇ ਹਾਈਵੇ, ਮੌਲਜ਼ ਆਦਿ ਬਣਾ ਦਿੱਤੇ ਗਏ ਅਤੇ ਪਿੰਡਾਂ ਦੀਆਂ ਸੜਕਾਂ, ਰਸਤਿਆਂ, ਪੁੱਲਾਂ, ਸਕੂਲਾਂ ਨੂੰ ਅਣਗੌਲਿਆ ਗਿਆ?

ਕੀ ਇਹੋ ਪ੍ਰਾਪਤੀ ਹੈ ਕਿ ਕੁਦਰਤੀ ਖਜ਼ਾਨੇ ਜੰਗਲ, ਖਾਣਾਂ ਕਾਰਪਰੇਟਾਂ ਨੂੰ ਸੌਂਪ ਦਿੱਤੇ ਗਏ ਤੇ ਵਾਤਾਵਰਨ ਦਾ ਘਾਣ ਕਰ ਦਿੱਤਾ ਗਿਆ ਤੇ ਦੇਸ਼ ਨੂੰ ਹੜ੍ਹਾਂ, ਸੋਕੇ, ਅਤਿਅੰਤ ਗਰਮੀ ਨਾਲ ਮਰਨ ਲਈ ਉਵੇਂ ਹੀ ਛੱਡ ਦਿੱਤਾ ਗਿਆ , ਉਵੇਂ ਹੀ ਜਿਵੇਂ ਕਰੋਨਾ ਕਾਲ ਸਮੇਂ ਹਾਕਮਾਂ ਨੂੰ ਸਿਹਤ ਸਹੂਲਤਾਂ ਨਾ ਮਿਲਣ ਕਾਰਨ ਮਰਨ ਲਈ ਛੱਡ ਦਿੱਤਾ ਸੀ ਅਤੇ ਉਹਨਾ ਦੇ ਸਸਕਾਰ ਲਈ ਸ਼ਮਸ਼ਾਨ ਘਾਟ ਵੀ ਨਸੀਬ ਨਹੀਂ ਸਨ ਹੋਏ, ਸਗੋਂ ਲਾਸ਼ਾਂ ਗੰਗਾ ਦਰਿਆ ਸਪੁਰਦ ਕਰਨ ਲਈ ਲੋਕ ਮਜ਼ਬੂਰ ਹੋਏ ਸਨ?

ਕੀ ਇਹੋ ਪ੍ਰਾਪਤੀ ਹੈ ਨਰੇਂਦਰ ਮੋਦੀ ਦੀ ਕਿ ਦੇਸ਼ 'ਚ ਅਰਬਪਤੀਆਂ, ਖਰਬਪਤੀ ਲੋਕਾਂ ਦੀ ਗਿਣਤੀ ਵਧਾ ਦਿੱਤੀ ਗਈ ਅਤੇ ਗਰੀਬ-ਅਮੀਰ ਦੀ ਆਮਦਨ 'ਚ ਪਾੜਾ ਹੋਰ ਵੀ ਵਧ ਗਿਆ?

2014 ਤੋਂ 2024 ਦਾ ਦਹਾਕਾ ਦੇਸ਼ ਦੇ ਲੋਕਤੰਤਰੀ ਇਤਿਹਾਸ ਵਿੱਚ ਕਾਲੇ ਦੌਰ ਵਜੋਂ ਤਾਂ ਵੇਖਿਆ ਹੀ ਜਾ ਰਿਹਾ ਹੈ, ਆਮ ਲੋਕਾਂ ਦੀ ਗੁਰਬਤੀ ਹਾਲਤ, ਬੇਰੁਜ਼ਗਾਰੀ ਭਰਪੂਰ ਜ਼ਿੰਦਗੀ, ਭ੍ਰਿਸ਼ਟਾਚਾਰ ਯੁਕਤ ਧੱਕੇ-ਧੌਂਸ ਵਾਲੀ ਰਜਵਾੜਾਸ਼ਾਹੀ ਸਿਆਸਤ ਵਜੋਂ ਵੀ ਜਾਣਿਆ ਜਾਵੇਗਾ।

# ਵਧ ਰਹੇ ਜਲਵਾਯੂ ਸੰਕਟ ਰੋਕਣ ਲਈ ਗਲਾਸਗੋ-26 ਪੈਕਟ ਲਈ ਸੰਘਰਸ਼ ਜ਼ਰੂਰੀ



ਜਗਦੀਸ਼ ਚੋਹਕਾ
91-92179-97445
001-403-285-4208

ਪੂੰਜੀਵਾਦੀ ਕਾਰਪੋਰੇਟੀ ਦੇਸ਼ ਆਪਣੇ ਉਤਪਾਦਨ ਅਤੇ ਵੱਧ ਤੋਂ ਵੱਧ ਮੁਨਾਫ਼ਾ ਲੈਣ ਲਈ ਪਿਛਲੇ ਡੇਡ-ਸਦੀਆਂ ਤੋਂ ਫੌਸਿਲ (ਕੋਇਲਾ ਤੇ ਜ਼ਮੀਨ ਤੋਂ ਪੈਦਾ ਹੋਇਆ ਪੈਟਰੋਲੀਅਮ) ਦੀ ਵਰਤੋਂ ਕਰਕੇ ਆਪਣੇ ਕਾਰਖਾਨੇ ਚਲਾ ਕੇ ਅਥਾਹ ਕਾਰਬਨ ਡਾਈਓਕਸਾਈਡ ਪੈਦਾ ਕਰ ਰਹੇ ਹਨ। ਵਾਤਾਵਰਨ ਵਿੱਚ ਪੈਦਾ ਹੋਈਆਂ ਗੈਸਾਂ ਦੇ ਰਿਸਾਅ ਕਾਰਨ ਤਾਪਮਾਨ ਵਿੱਚ ਹਰ ਰੋਜ਼ ਵਾਧਾ ਹੋ ਰਿਹਾ ਹੈ। ਦੁਨੀਆ ਦਾ ਤਾਪਮਾਨ ਵੱਧਣ ਕਾਰਨ ਮੌਸਮਾਂ ਵਿੱਚ ਤਬਦੀਲੀ ਆਉਣੀ ਲਾਜ਼ਮੀ ਹੈ! ਤਾਪਮਾਨ ਵਿੱਚ ਡੇਡ ਡਿਗਰੀ ਸੈਲਸੀਅਸ ਵਾਧੇ ਕਾਰਨ ਕਿਤੇ ਤਾਂ ਗਰਮੀ ਵਧ ਰਹੀ ਹੈ ਤੇ ਕਈ ਥਾਵਾਂ 'ਤੇ ਮੌਸਮ ਲੰਬਾ ਹੋ ਰਿਹਾ ਹੈ। ਜਲਵਾਯੂ ਤਬਦੀਲੀ ਇਕ ਜਮਾਤੀ ਮੁੱਦਾ ਹੈ, ਕਿਉਂਕਿ ਪੂੰਜੀਵਾਦ ਦੁਆਰਾ ਕੁਦਰਤੀ ਸਰੋਤਾਂ ਦੀ ਬੇਕਿਰਕੀ ਨਾਲ ਬੇਕਾਬੂ ਲੁੱਟ ਹੋ ਰਹੀ ਹੈ। ਸਾਲ 2015 ਨੂੰ ਪੈਰਿਸ ਗਲੋਬਲ ਵਾਰਮਿੰਗ ਸਬੰਧੀ ਜੋ ਫੈਸਲੇ ਹੋਏ ਸਨ; ਉਹਨਾਂ 'ਤੇ ਅਮਲ ਕਰਨ ਲਈ ਅਮਰੀਕਾ ਅਤੇ ਹੋਰ ਅਮੀਰ ਪੂੰਜੀਵਾਦੀ ਦੇਸ਼ ਭੱਜ ਰਹੇ ਹਨ। ਅਗਸਤ 2021 ਵਿੱਚ ਜਲਵਾਯੂ ਤਬਦੀਲੀ ਉਪਰ ਅੰਤਰ-ਸਰਕਾਰੀ ਪੈਨਲ (ਆਈ.ਪੀ.ਸੀ.ਸੀ.) ਦੀ ਤਾਜ਼ਾ ਛੇਵੀਂ ਮੁਲਾਂਕਣ ਰਿਪੋਰਟ ਵਿੱਚ ਪਹਿਲੀ ਵਾਰ ਮੰਨਿਆ ਗਿਆ ਹੈ ਕਿ ਜਲਵਾਯੂ ਸੰਕਟ ਨੂੰ ਪੈਦਾ ਕਰਨ ਵਾਲੇ ਵਾਯੂ-ਮੰਡਲ ਅੰਦਰ ਗਰੀਨ ਹਾਊਸਾਂ 'ਚ ਗੈਸ ਇਕਤੱਰ ਹੋਣ ਦਾ ਇਕੋ ਇਕ ਕਾਰਨ ਮਨੁੱਖੀ ਗਤੀਵਿਧੀਆਂ ਹਨ।

ਸਪਸ਼ਟ ਤੌਰ 'ਤੇ ਅਮਰੀਕਾ ਦੀ ਅਗਵਾਈ 'ਚ ਚਲ ਰਹੇ ਪੂੰਜੀਵਾਦ ਦੇਸ਼ ਜਿਥੇ ਵਿਕਾਸਸ਼ੀਲ ਦੇਸ਼ਾਂ ਉਪਰ ਨਿਕਾਸ ਕਟੌਤੀ ਦਾ ਵਧੇਰੇ ਬੋਝ ਚੁੱਕਣ ਲਈ ਦਬਾਅ ਪਾ ਰਹੇ ਹਨ; ਉਥੇ ਉਹ ਇਹ ਮੰਨਦੇ ਹਨ ਕਿ ਉਹ ਖ਼ੁਦ ਕਾਰਬਨ ਰਹਿਤ ਅਰਥ ਵਿਵੱਸਥਾ ਵਿੱਚ ਤਬਦੀਲੀ ਲਈ ਹੋਰ ਵਧ ਸਮੇਂ ਦੀ ਛੋਟ ਪਾਉਣ ਨੂੰ ਜਾਇਜ਼ ਮੰਨਦੇ ਹਨ। ਜੇਕਰ ਸੰਸਾਰ ਦੇ ਕਰੋੜਾਂ ਲੋਕਾਂ ਦੀ ਸੁੱਖ-ਸ਼ਾਂਤੀ ਨੂੰ ਖ਼ਤਰੇ ਵਿੱਚ ਨਹੀਂ ਪਾਇਆ ਜਾਣਾ ਤਾਂ ਸੰਸਾਰ ਵਾਰਮਿੰਗ ਉਤਪਾਦਕ ਸ਼ਕਤੀਆਂ ਜਿਹੜੀਆਂ ਇਸ ਸੰਕਟ ਦੀਆਂ ਨੁਮਾਇੰਦਗੀ ਕਰਦੀਆਂ ਸਨ ਅਤੇ ਹੁਣ ਵੀ ਕਰ ਰਹੀਆ ਹਨ ਤਾਂ ਉਹਨਾਂ ਵਲੋਂ ਸਮਾਨਤਾ ਦੇ ਆਧਾਰ 'ਤੇ ਹੱਲ ਕੀਤਾ ਜਾਣਾ ਚਾਹੀਦਾ ਹੈ ? ਸੀ.ਓ.ਪੀ-26 ਸੰਸਾਰ ਸਮਾਨਤਾ ਦੇ ਲਈ ਜਾਰੀ ਇਸ ਸੰਘਰਸ਼ ਦੀ ਤੀਬਰਤਾ ਨੂੰ ਦਰਸਾਉਂਦਾ ਹੈ, ਜੋ ਕਿ ਇਕ ਲੰਬਾ ਸੰਘਰਸ਼ ਹੋਵੇਗਾ। ਇਹ ਕੋਈ ਛੁੱਪੀ ਗਲ ਨਹੀਂ ਹੈ ਕਿ ਕਾਰਬਨ ਰਿਸਾਅ ਲਈ ਸਭ ਤੋਂ ਵਧ ਜਿੰਮੇਦਾਰ ਦੇਸ਼ ਉਹ ਹਨ ਜੋ ਉਤਪਾਦਨ ਵਧਾਉਣ ਲਈ ਵਧ ਤੋਂ ਵਧ ਜੈਵ-ਈਂਧਨ ਦਾ ਇਸਤੇਮਾਲ ਕਰ ਰਹੇ ਹਨ। ਪੂੰਜੀਵਾਦੀ ਦੇਸ਼ਾਂ ਨੇ ਤਾਂ ਆਪਣੇ ਟੀਚੇ ਪੂਰੇ ਕਰ ਲਏ ਹੋਏ ਹਨ, ਪਰ ਹੁਣ ਵਿਕਾਸਸ਼ੀਲ ਅਤੇ ਗਰੀਬ ਦੇਸ਼ਾਂ 'ਤੇ ਕਾਰਬਨ ਰਿਸਾਅ ਘਟਾਉਣ ਲਈ ਜ਼ੋਰ ਪਾ ਰਹੇ ਹਨ। ਪਰ ਨਾ ਹੀ ਸਹਾਇਤਾ ਦੇਣਾ ਮੰਨ ਕੇ ਵੀ ਅੱਗੇ ਨਹੀਂ ਆ ਰਹੇ ਹਨ।

ਭਾਰਤ ਵਰਗੇ ਵਿਕਾਸਸ਼ੀਲ ਦੇਸ਼ ਅੰਦਰ ਲੋਕਾਂ ਲਈ ਰੁਜ਼ਗਾਰ ਅਤੇ ਹੋਰ ਜ਼ਰੂਰੀ ਸਹੂਲਤਾਂ ਦੇਣੀਆ ਪਹਿਲੀ ਥਾਂ ਤੇ ਹੋਣਾ ਚਾਹੀਦਾ ਹੈ। ਪਰ ਦੂਸਰੇ ਪਾਸੇ ਜਿਸ ਤਰ੍ਹਾਂ ਅੰਨ੍ਹੇਵਾਹ ਵਿਕਾਸ ਦੇ ਨਾਂ 'ਤੇ ਕੁਦਰਤ ਨਾਲ ਖਿਲਵਾੜ ਕੀਤਾ ਰਿਹਾ ਹੈ, ਕਿਵੇਂ ਜੰਗਲਾਂ ਦਾ ਇਕ ਵੱਡਿਉ ਸਫਾਇਆ ਵੀ ਕੀਤਾ ਜਾ ਰਿਹਾ ਹੈ।ਕੁਦਰਤੀ ਜੱਲ ਅਤੇ ਜ਼ਮੀਨ 'ਤੇ ਕਬਜ਼ੇ ਕਰਕੇ ਕਿਸ ਤਰ੍ਹਾਂ ਆਪਣੇ ਮੁਫ਼ਾਦਾ ਲਈ ਕੁਦਰਤੀ ਦਿਖ ਨੂੰ ਵੀ ਖਤਮ ਕੀਤਾ ਰਿਹਾ ਹੈ। ਬੇਲੋੜੇ ਢੰਗ ਨਾਲ ਜ਼ਮੀਨਾਂ ਨੂੰ ਕੰਕਰੀਟ ਨਾਲ ਢੱਕਿਆ ਜਾ ਰਿਹਾ ਹੈ। ਇਹ ਸਭ ਤਰੀਕੇ ਕੁਦਰਤੀ ਵਾਤਾਵਰਣ ਦੀ ਦਿਖ ਨੂੰ ਠੇਸ ਪਹੁੰਚਾਉਣਾ ਹੈ। ਕਾਰਬਨ ਰਿਸਾਅ ਕਾਰਨ ਥੋੜੇ ਜਿਹੇ ਵਾਧੇ ਨਾਲ ਸਮਾਨ ਵਾਤਾਵਰਨ ਗੜਬੜਾਅ ਜਾਂਦਾ ਹੈ, ਸਾਡੀ ਜੀਵਨ ਸ਼ੈਲੀ ਵੀ ਬਦਲੀ ਜਾ ਰਹੀ ਹੈ। ਪ੍ਰੰਪਕ ਅਤੇ ਗੈਰ-ਪ੍ਰੰਪਕ ਤੌਰ ਤਰੀਕੇ ਵੀ ਬਦਲ ਰਹੇ ਹਨ। ਪਰ ਹਾਕਮ ਜਮਾਤਾਂ ਦੇ ਸਾਹਮਣੇ ਆਪਣੇ ਹਿਤ ਹੁੰਦੇ ਹਨ। ਉਹ ਤਾਂ ਆਪਣੇ ਸਨਅਤੀ ਪੈਦਾਵਾਰ ਅਤੇ ਮੰਡੀ ਦੇ ਵਿਸਥਾਰ ਲਈ ਹੀ ਚਿੰਤਤ ਹਨ। ਉਹਨਾਂ ਨੂੰ ਆਵਾਮ ਦੇ ਹਿਤਾਂ ਦੀ ਕੋਈ ਪ੍ਰਵਾਹ ਨਹੀਂ ਹੈ। ਇਸ ਵੇਲੇ ਭਾਰਤ ਅੰਦਰ ਉਤਰੀ ਖੇਤਰ ਭੱਠੀ ਵਾਂਗ ਤੱਪ ਰਿਹਾ ਹੈ। ਇਸ ਖੇਤਰ ਅੰਦਰ ਫਸਲਾਂ ਦੀ ਪੈਦਾਵਾਰ ਵਧਾਉਣ ਲਈ ਅਸੀਂ ਰੱਜ ਕੇ ਕੁਦਰਤ ਦਾ ਰੋਪ ਕੀਤਾ ਹੈ ਤੇ ਹੁਣ ਇਸ ਦਾ ਖਮਿਆਜ਼ਾ ਵੀ ਭੁਗਤ ਰਹੇ ਹਨ। ਜ਼ਮੀਨੀ ਪਾਣੀ ਹੇਠਾਂ ਜਾ ਰਿਹਾ ਹੈ।

ਜਲਵਾਯੂ ਅੰਦਰ ਵਿਕਾਸ ਅਤੇ ਵਾਤਾਵਰਨ ਵਿਚਕਾਰ ਇਕ ਸੰਤੁਲਨ ਕਾਇਮ ਹੋਣਾ ਚਾਹੀਦਾ ਹੈ। ਨਹੀਂ ਤਾਂ ਮੁਨਾਫਿਆਂ ਦੀ ਦੌੜ ਅੰਦਰ ਹਰ ਪਾਸੇ ਮੁਸੀਬਤਾਂ ਹੀ ਮੁਸੀਬਤਾਂ ਸਾਨੂੰ ਘੇਰ ਲੈਣਗੀਆਂ ? ਸਾਡੇ ਮੌਸਮ ਅਤੇ ਰੁੱਤਾਂ ਬਦਲ ਰਹੀਆਂ ਹਨ, ਕਿਤੇ ਗਰਮੀ ਦਾ ਕਹਿਰ ਅਤੇ ਕਿਤੇ ਠੰਡ ਵੱਧ ਰਹੀ ਹੈ। ਇਕ ਪਾਸੇ ਔੜਾਂ ਲੱਗ ਰਹੀਆਂ ਹਨ ਅਤੇ ਦੂਸਰੇ ਪਾਸੇ ਹੜ੍ਹਾਂ ਕਾਰਨ ਤਬਾਹੀ ਮੱਚੀ ਹੋਈ ਹੈ। ਜਲਵਾਯੂ ਅਨੁਸਾਰ ਕਾਰਬਨ ਰਿਸਾਅ ਰੋ ਕੇ ਸੰਸਾਰ ਤਾਪਮਾਨ 'ਚ ਵਾਧੇ ਨੂੰ 1.5-ਡਿਗਰੀ ਸੈਲਸੀਅਸ ਤੋਂ ਹੇਠਾਂ ਰੱਖਣ ਲਈ ਯਤਨ ਜਾਰੀ ਰੱਖਣੇ ਚਾਹੀਦੇ ਹਨ। ਇਹ ਟੀਚਾ 2025 ਤਕ ਪੂਰਾ ਕਰਨ ਲਈ ਉਸ ਤੋਂ ਅੱਗੇ ਵੀ ਹੋਰ ਕਮੀ ਕਰਨੀ ਚਾਹੀਦੀ ਹੈ। ਜੇਕਰ ਅਜਿਹਾ ਨਹੀਂ ਹੁੰਦਾ ਤਾਂ ਗੰਭੀਰ ਤਬਾਹਕੁੰਨ ਸਿੱਟੇ ਭੁਗਤਣੇ ਪੈਣਗੇ ? ਸੰਸਾਰ ਅੰਦਰ ਉਚ ਤਾਪਮਾਨ ਵਿੱਚ ਵਾਧੇ ਨਾਲ ਲੋਕ ਜੋ ਪਹਿਲਾਂ ਹੀ ਗਰੀਬੀ-ਗੁਰਬਤ ਅਤੇ ਭਿਆਨਕ ਬਿਮਾਰੀਆਂ ਨਾਲ ਜੂਝ ਰਹੇ ਹਨ ਤੇ ਉਹਨਾਂ ਦੇ ਸਿਰ ਹੋਰ ਸੰਕਟ ਦੇ ਬਦਲ ਛਾਅ ਜਾਣਗੇ।ਨਵੀਆਂ-ਨਵੀਆਂ ਬਿਮਾਰੀਆਂ ਵੀਸ਼ਾਣੂ ਅਤੇ ਲਾਗ ਦਾ ਕਹਿਰ ਹਰ ਪਾਸੇ ਪੈਰ ਪਾਸਾਰ ਰਿਹਾ ਹੈ। ਅੱਜੇ ਕੋਵਿਡ-19 ਦਾ ਹਊਆ ਸਾਡਾ ਪਿੱਛਾ ਨਹੀਂ ਛੱਡ ਰਿਹਾ ਹੈ। ਨਵੇਂ-ਨਵੇਂ ਹਮਲਿਆਂ ਤੋਂ ਫਿਰ ਕਿਵੇਂ ਨਿਜਾਤ ਪਾਵਾਂਗੇ?

ਕਾਰਪੋਰੇਟੀ ਪੂੰਜੀਵਾਦੀ ਹਾਕਮਾਂ ਵਲੋਂ ਆਪਣੇ ਮੁਨਾਫੇ ਵਧਾਉਣ ਲਈ ਜਿਵੇਂ ਪਿਛਲੇ ਤਿੰਨ ਦਹਾਕਿਆ ਤੋਂ ਉਦਾਰੀਵਾਦੀ ਆਰਥਿਕ ਨੀਤੀਆਂ ਸ਼ੁਰੂ 'ਤੇ ਜਾਰੀ ਰੱਖੀਆਂ ਹੋਈਆਂ ਹਨ। ਉਹਨਾਂ ਨੀਤੀਆਂ ਦੇ ਸਿੱਟੇ ਵਜੋਂ ਸੰਸਾਰ ਜਲਵਾਯੂ ਸਮੇਤ ਹਵਾ, ਪਾਣੀ ਅਤੇ ਜਮੀਨ ਅੰਦਰ ਕੁਦਰਤੀ ਵਾਤਾਵਰਣ 'ਚ ਵਿਗਾੜ ਪੈਦਾ ਹੋਣ ਕਾਰਨ ਅੱਜ ਸਾਰੀ ਮਨੁੱਖਤਾ ਖ਼ਤਰੇ ਦੇ ਖੰਗਾਰ 'ਤੇ ਖੜੀ ਹੈ। ਇਸ ਦਾ ਸਭ ਤੋਂ ਵੱਧ ਮਾੜੂ ਅਸਰ ਲੋਕਾਂ ਦੀ ਸਿਹਤ ਤੇ ਪੈ ਰਿਹਾ ਹੈ। ਤਾਪ-ਮਾਨ ਵੱਧ ਰਿਹਾ ਹੈ, ਬੇ-ਮੌਸਮਾਂ ਮੀਂਹ ਤੇ ਹੜ੍ਹ ਅਤੇ ਔੜ ਕਾਰਨ ਸਾਡੀਆਂ ਫਸਲਾਂ ਤਬਾਹ ਹੋ ਰਹੀਆਂ ਹਨ ਤੇ ਭੁੱਖਮਰੀ 'ਚ ਵਾਧਾ ਹੋ ਰਿਹਾ ਹੈ ! ਵਾਤਾਵਰਣ ਵਿੱਚ ਆਏ ਵਿਗਾੜਾਂ ਕਾਰਨ ਮਨੁੱਖ ਸਿਹਤ 'ਤੇ ਵੀ ਦੁਰ-ਪ੍ਰਭਾਵਾਂ ਦੇ ਅਸਰ ਸਾਹਮਣੇ ਆ ਰਹੇ ਹਨ। ਨਵੇਂ-ਨਵੇਂ ਕਿਸਮਾਂ ਦੇ ਵਾਇਰਸ ਜੀਵਾਣੂ ਅਤੇ ਬਿਮਾਰੀਆਂ ਦੇ ਮਾਰੂ ਹਮਲਿਆ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜਿਥੇ ਇਹ ਸਾਡੇ ਲਈ ਜਾਨਲੇਵਾ ਹਨ ਉਥੇ ਇਨ੍ਹਾਂ ਤੋਂ ਨਿਜਾਤ ਪਾਉਣੀ ਵੀ ਮਹਿੰਗੀ ਪੈ ਰਹੀ ਹੈ। 'ਲਾਸੇਂਟ' ਮੈਗਜੀਨ ਦੀ ਇਕ ਖ਼ਬਰ ਅਨੁਸਾਰ ਕਿਹਾ ਗਿਆ ਹੈ ਕਿ ਜੇਕਰ ਸਮੇਂ 'ਤੇ ਠੀਕ ਢੰਗ ਨਾਲ ਵਾਇਰਸ ਅਤੇ ਜੀਵਾਣੂਆਂ ਦੇ ਫੈਲਣ ਤੋਂ ਢੁੱਕਵੇਂ ਉਪਾਉ ਨਾ ਕੀਤੇ ਗਏ ਤਾਂ ਗਰੀਬ ਦੇਸ਼ਾਂ ਅੰਦਰ 7.5 ਲੱਖ ਮਨੁੱਖੀ ਜਾਨਾਂ ਜਾ ਸਕਦੀਆਂ ਹਨ ? (ਬਾਕੀ ਅਗਲੇ ਸਫ਼ੇ 'ਤੇ)

# ਬਸਪਾ, ਬਹੁਜਨ ਸਮਾਜ ਅਤੇ ਬਹੁਜਨ ਸਮਾਜ ਦੇ ਸੰਗਠਨਾਂ ਦੀਆਂ ਨੀਤੀਆਂ ਅਤੇ ਮੌਜੂਦਾ ਹਾਲਾਤ !

**ਇੰਜ. ਵਿਸ਼ਾਲ ਖੈਰਾ**
**99889-13417**

ਇੱਕ ਲੇਖਕ ਨੂੰ ਮਸ਼ਹੂਰ ਹੋਣ ਤੋਂ ਬਚਣਾ ਚਾਹੀਦਾ ਹੈ ਨਹੀਂ ਤਾਂ ਉਹ ਸਿਰਫ ਆਪਣੇ ਪ੍ਰਸ਼ੰਸਕਾਂ ਦੀਆਂ ਉਮੀਦਾਂ ਅਤੇ ਇੱਛਾਵਾਂ ਦਾ ਗੁਲਾਮ ਬਣ ਕੇ ਰਹਿ ਜਾਵੇਗਾ, ਜੇ ਅਸੀਂ ਹਰ ਨਵੀਂ ਕਿਤਾਬ ਜਾ ਲੇਖ ਲਿਖਣ ਤੋਂ ਬਾਅਦ ਕੁਝ ਪ੍ਰਸ਼ੰਸਕਾਂ ਨੂੰ ਨਹੀਂ ਗਵਾਉਂਦੇ ਤਾਂ ਸਮਝ ਲਓ ਲੇਖਕਾਂ ਵਿੱਚ ਕਿਤੇ ਨਾ ਕਿਤੇ ਜਰੂਰ ਗੜਬੜ ਹੈ! ਉਪਰੋਕਤ ਨੂੰ ਮੁੱਖ ਰੱਖਦੇ ਹੋਏ ਪ੍ਰਸ਼ੰਸਕਾ ਦੀਆਂ ਉਮੀਦਾਂ ਅਤੇ ਇੱਛਾਵਾਂ ਦਾ ਗੁਲਾਮ ਨਾ ਹੁੰਦੇ ਹੋਏ ਸੱਚ ਨੂੰ ਧਿਆਨ ਨਾਲ ਪੜਨ ਤੇ ਸਮਜਣ ਦੀ ਮੇਰੇ ਵੱਲੋਂ ਬੇਨਤੀ ਜਰੂਰ ਹੈ!

ਭਾਰਤ ਦੇਸ਼ ਵਿੱਚ ਭਾਜਪਾ, ਕਾਂਗਰਸ, ਆਪ, ਬਸਪਾ 4 ਰਾਸ਼ਟਰੀ ਪਾਰਟੀਆਂ ਮੁੱਖ ਹਨ ਜੋ ਇੱਕ ਦੂਜੇ ਦੇ ਵਿਪਰੀਤ ਰਾਜਨੀਤਕ ਲੜਾਈ ਲੜਦੀਆ ਹਨ ! ਹਰ ਪਾਰਟੀ ਦੀ ਆਪਣੀ ਇੱਕ ਵਿਚਾਰਧਾਰਾ ਹੈ ਪਰ ਹਾਂ ਬਸਪਾ ਤੋ ਇਲਾਵਾ ਬਾਕੀ ਬਾਕੀ ਪਾਰਟੀਆਂ ਦੀ ਵਿਚਾਰਧਾਰਾ ਵਿੱਚ ਫਰਕ ਵੀ ਨਹੀਂ ਹੈ ਜੋ ਕਿ ਸਮਾਨਤਾ ਸੁਤੰਤਰਤਾ ਭਾਈਚਾਰੇ ਤੋ ਵੀ ਰਹਿਤ ਹਨ ਮਤਲਬ ਲੱਗਭੱਗ ਤਿੰਨਾ ਪਾਰਟੀਆਂ ਦੀ ਵਿਚਾਰਧਾਰਾ ਮਿਲਦੀ ਜੁਲਦੀ ਹੀ ਹੈ, ਕਿਉਂਕਿ ਸਾਹਿਬ ਕਾਂਸ਼ੀ ਰਾਮ ਦੀ ਬਸਪਾ ਬਹੁਜਨ ਸਮਾਜ ਦੀ ਸੱਤਾ ਪਰਿਵਰਤਨ, ਉਦੇਸ਼ (ਸੱਤਾ ਪ੍ਰਾਪਤੀ), ਲਕਸ਼ (ਵਿਵਸਥਾ ਪਰਿਵਰਤਨ) ਦੀ, ਸ਼ਾਸਕ ਕਰਤਾ ਜਮਾਤ ਦੀ ਗੱਲ ਕਰਦੀ ਹੈ ਮਤਲਬ ਸਮਾਨਤਾ ਸੁਤੰਤਰਤਾ ਭਾਈਚਾਰੇ ਦੀ ਗੱਲ!

ਲੇਖ ਵਿੱਚ ਗੱਲ ਸਿਰਫ ਤਿੰਨ ਵਿਸ਼ਿਆ ਤੇ ਹੀ ਕਰਨੀ ਹੈ ਜੋ ਕੇ ਮੇਰੇ ਨਿੱਜੀ ਵਿਚਾਰ ਹਨ ਇਸ ਕਰਕੇ ਵਿਸ਼ਾ ਹੈ:-

(1) ਬਸਪਾ
(2) ਬਹੁਜਨ ਸਮਾਜ
(3) ਬਹੁਜਨ ਸਮਾਜ ਦੇ ਸੰਗਠਨ!

**ਬਸਪਾ-** ਸਾਹਿਬ ਕਾਂਸ਼ੀ ਰਾਮ ਜੀ ਦੁਆਰਾ 14 ਅਪ੍ਰੈਲ ਨੂੰ ਬਸਪਾ ਨੂੰ ਸਥਾਪਿਤ ਕਰਨ ਦਾ ਮਤਲਬ ਸੀ ਬਹੁਜਨ ਸਮਾਜ ਨੂੰ ਬਹੁਜਨ ਸਮਾਜ ਦੇ ਰਹਿਬਰ ਤਥਾਗਤ ਬੁੱਧ, ਡਾ। ਅੰਬੇਡਕਰ। ਮਹਾਤਮਾ ਫੂਲੇ, ਰਾਮਾਸਵਾਮੀ ਪੇਰਿਅਰ ਜੀ ਤੇ ਹੋਰ ਰਹਿਬਰਾਂ ਦੀ ਵਿਚਾਰਧਾਰਾ ਹੇਠ ਇਕੱਤ੍ਰਿਤ ਕਰਨਾ ਮਤਲਬ ਮਿਸ਼ਨ ਪ੍ਰੀਭਾਸ਼ਾ ਮੁਤਾਬਕ ਸੱਤਾ ਪਰਿਵਰਤਨ, ਜਿਸ ਨੂੰ ਉਦੇਸ਼ ਕਿਹਾ ਜਾ ਸਕਦਾ ਹੈ, ਲਕਸ਼ (ਵਿਵਸਥਾ ਪਰਿਵਰਤਨ) ਜਾ ਸ਼ਾਸਕ ਕਰਤਾ ਜਮਾਤ ਤਿਆਰ ਕਰਨਾ! ਜਿਸ ਨੂੰ ਇੱਕ ਲਾਇਨ ਵਿੱਚ ਮਿਸ਼ਨ ਪਰਿਭਾਸ਼ਾ ਵੀ ਕਿਹਾ ਜਾ ਸਕਦਾ ਹੈ ਪਰ ਮੌਕੇ ਦੇ ਲੀਡਰਾਂ ਨੇ ਬਜਾਏ ਇਸਦੇ ਵਿਚਾਰਧਾਰਾ ਵਿੱਚ ਫੇਰਬਦਲ ਕਰ ਦਿੱਤੇ ਅਤੇ ਬ੍ਰਾਹਮਣ ਨੂੰ ਅੰਦੋਲਨ ਵਿੱਚ ਲਿਆ ! ਜਿੱਥੇ ਤੱਕ ਮੈ ਘੋਖਿਆ ਹੈ।

ਕਾਂਗਰਸਆ, ਭਾਜਪਾ ਤੇ ਹੋਰ ਪਾਰਟੀਆਂ ਖੁੱਦ ਨੂੰ ਹਿੰਦੂ ਹੋਣ ਤੇ ਗਰਵ ਮਹਿਸੂਸ ਕਰ ਰਹੀਆਂ ਹਨ ਉੱਥੇ ਸਾਡੇ ਪਾਰਟੀ ਵਰਕਰਾਂ ਅਤੇ ਨੇਤਾਵਾਂ ਨੇ ਬੁੱਧ ਧੰਮ ਵੀ ਨਹੀ ਅਪਣਾਇਆ ਸਗੋਂ ਇਸ ਵਿਸ਼ੇ ਤੇ ਵੀ ਸ਼ਰਮ ਮਹਿਸੂਸ ਕਰ ਰਹੇ ਹਨ! ਸਿੱਟੇ ਵੱਜੋਂ ਵਿਚਾਰਧਾਰਾ ਤਾ ਕਮਜੋਰ ਹੋਣੀ ਹੀ ਸੀ ਨਾ ? ਜਿਸ ਨਾਲ ਹੇਠਲੇ ਪੱਧਰ ਦੇ ਵੋਟਰਾ ਦਾ ਹੌਸਲਾ ਕਮਜੋਰ ਹੋਇਆਂ, ਜਿਸ ਦਾ ਨੁਕਸਾਨ ਮੌਜੂਦਾ ਅਤੇ ਆਉਣ ਵਾਲੇ ਸਮੇਂ ਵਿੱਚ ਦਿਖਾਈ ਦੇ ਰਿਹਾ ਹੈ ਅਤੇ ਨਾ ਸੰਭਲੇ ਤਾ ਨਤੀਜੇ ਹੋਰ ਭਿਆਨਕ ਮਿਲਣਗੇ! ਇਸ ਵੱਲ ਹਾਈ ਕਮਾਂਡ ਨੂੰ ਸਮੇਂ ਰਹਿੰਦੇ ਮੰਥਨ ਕਰਨਾ ਚਾਹੀਦਾ ਹੈ ਅਤੇ ਇਸ ਮੁੱਦੇ ਵੱਲ ਗੰਭੀਰਤਾ ਨਾਲ ਧਿਆਨ ਦੇਣਾ ਚਾਹਿਦਾ ਹੈ! ਇਹ ਹੀ ਸਾਡੇ ਸੱਭ ਦੇ ਅਤੇ ਦੇਸ਼ ਹਿੱਤ ਵਿੱਚ ਹੈ!

**ਬਹੁਜਨ ਸਮਾਜ :-** ਗੁਲਾਮ ਬਹੁਜਨ ਵਰਗ ਨੇ ਦੇਸ਼ ਦੀਆਂ ਸਾਰੀਆਂ ਪਾਰਟੀਆਂ ਨੂੰ ਸੱਤਾ ਵਿੱਚ ਲਿਆਂਦਾ ਪਰ ਅਗਿਆਨਤਾ/ਨਾ-ਸਮਝੀ ਅਤੇ ਉਪਰੋਕਤ ਕਾਰਨਾ ਕਰਕੇ ਬਸਪਾ ਨੂੰ ਜਿਆਦਾਤਰ ਪਿੱਛੇ ਹੀ ਰੱਖਿਆ ਹੈ! ਸਾਹਿਬ ਕਾਂਸ਼ੀ ਰਾਮ ਜੀ ਦੀ ਸੱਖਤ ਮਿਹਨਤ ਸਦਕਾ ਇਨ੍ਹਾਂ ਜਰੂਰ ਹੈ ਕਿ ਉੱਤਰ ਪਰਦੇਸ ਵਰਗੇ ਰਾਜਾਂ ਵਿੱਚ ਪਕੜ ਜਰੂਰ ਮਜ਼ਬੂਤ ਬਣਾਈ ਅਤੇ ਬਾਕੀ ਰਾਜਾਂ ਵਿੱਚ ਅਟੁੱਟ ਵੋਟਰ 1984 ਤੋ ਹਾਲੇ ਤੱਕ ਸੰਘਰਸ਼ ਸ਼ੀਲ ਤਾ ਹੈ ਪਰ ਵਰਕਰ ਬਿਨ੍ਹਾਂ ਸੋਚੇ ਸਮਝੇ ਬਸਪਾ ਦੀਆਂ ਕੁੱਝ ਗਲਤ ਨੀਤੀਆਂ ਕਾਰਨ ਕਿਸੇ ਵੀ ਪਾਰਟੀ ਵਿੱਚ ਸ਼ਾਮਿਲ ਹੋਣ ਵਿੱਚ ਕੋਈ ਫਾਇਦਾ ਨੁਕਸਾਨ ਨਹੀਂ ਸਮਝ ਰਿਹਾ ! ਬਹੁਜਨ ਸਮਾਜ ਦੀ ਆਪਣੀ ਰਾਜਨੀਤਕ ਪਾਰਟੀ ਜਰੂਰ ਹੋਣੀ ਚਾਹੀਦੀ ਹੈ ਜੇਕਰ ਨੀਤੀਆਂ ਨਹੀਂ ਸਹੀ ਤਾ ਵਿਚਾਰਧਾਰਾ ਦੇ ਬਲਬੂਤੇ ਇਮਾਨਦਾਰ ਨੇਤਾ ਜਾ ਵਰਕਰ ਇਸ ਦਾ ਕੋਈ ਹੋਰ ਵਿਕਲਪ ਖੋਜ ਕਰਨ,



ਚਾਹੇ ਨਵੀਂ ਪਾਰਟੀ ਵਿਕਲਪ ਕਿਉਂ ਨਾ ਹੋਵੇ ! ਬਾਬਾ ਸਾਹਿਬ ਡਾਕਟਰ ਅੰਬੇਡਕਰ ਜੀ ਨੇ ਵੀ ਬਹੁਜਨਾ ਲਈ ਰਾਜਨੀਤਕ ਪਾਰਟੀ ਅਤੇ ਧਰਮ ਦੀ ਅਹਿਮੀਅਤ ਨੂੰ ਸਮਝਦੇ ਹੋਏ ਜਦੋ, 18 ਮਾਰਚ 1956 ਨੂੰ ਸ਼ਕੂਲਡ ਕਾਸਟਸ ਫੈਡਰੇਸ਼ਨ ਦੀ ਕਾਨ-ਫਰੰਸ ਵਿੱਚ ਸ਼ਾਮਲ ਹੋਣ ਲਈ ਆਗਰਾ ਆਏ। ਰਾਮ ਲੀਲਾ ਮੈਦਾਨ ਵਿਚ ਹੋਏ ਇੱਕ ਵਿਸ਼ਾਲ ਇਕੱਠ ਅੰਦਰ ਉਹਨਾਂ ਨੇ ਕਿਹਾ ਕਿ ਬਿਨਾਂ ਆਪਣੀ ਪਾਰਟੀ ਦੇ ਹੋਰ ਕੋਈ ਵੀ ਪਾਰਟੀ, ਉਹਨਾਂ ਦੀਆਂ ਸਮੱਸਿਆਵਾਂ ਦਾ ਹੱਲ ਨਹੀਂ ਕਰ ਸਕਦੀ। ਉਹਨਾਂ ਨੇ ਇਹ ਵੀ ਕਿਹਾ, ਧਰਮ ਬਦਲੀ ਕਰੋ। ਬਿਨਾਂ ਧਰਮ ਤੋਂ ਸਾਡਾ ਸੰਘਰਸ਼ ਜੀਊਂਦਾ ਨਹੀਂ ਰਹੇਗਾ 1917 ਵਿੱਚ ਹੀ ਬਾਬਾ ਸਾਹਿਬ ਨੇ ਕਿਹਾ ਸੀ ਕਿ ਅਸੀਂ ਹਿੰਦੂ ਨਹੀਂ ਹਾਂ। ਜੇ ਅਸੀਂ ਹਿੰਦੂ ਹੁੰਦੇ ਤਾਂ ਅਛੂਤ ਨਾ ਹੁੰਦੇ, ਮੰਦਰਾਂ ਦੇ ਪੁਜਾਰੀ ਹੁੰਦੇ। ਮੈਂ ਦਲਿਤ ਵਰਗਾਂ ਨੂੰ ਬੁੱਧ ਧਰਮ ਦੇ ਰਿਹਾ ਹਾਂ ਜਿਸ ਵਿੱਚ ਅੰਤਰਰਾਸ਼ਟਰੀ ਭਾਈਚਾਰਾ ਹੈ ਅਤੇ ਇਹ ਧਰਮ, ਇਨਸਾਫ ਬਰਾਬਰੀ ਤਰੀਭਾਵ ਮਾਨਵਤਾ ਦੀ ਸੇਵਾ ਉੱਤੇ ਜ਼ੋਰ ਦਿੰਦਾ ਹੈ।ਬਾਬਾ ਸਾਹਿਬ ਨੇ ਇਹ ਵੀ ਕਿਹਾ ਕਿ ਦਲਿਤ ਵਰਗਾਂ ਵਿੱਚੋਂ ਪੜ੍ਹੇ ਲਿਖੇ ਵਰਗਾਂ ਨੇ ਉਹਨਾਂ ਨੂੰ ਧੋਖਾ ਦਿੱਤਾ ਹੈ, "ਮੈਨੂੰ ਆਸ ਸੀ ਕਿ ਪੜ੍ਹ-ਲਿਖ ਕੇ ਉਹ ਆਪਣੇ ਦਲਿਤ ਭੈਣਾਂ ਭਰਾਵਾਂ ਦੀ ਸੇਵਾ ਕਰਨਗੇ ਪਰ ਬਾ-ਬੂਆਂ ਦੀ ਭੀੜ ਦੇਖ ਕੇ ਮੈਨੂੰ ਨਿਰਾਸ਼ਾ ਹੁੰਦੀ ਹੈ ਜਿਹੜੇ ਬੱਸ ਆਪਣਾ ਪੇਟ ਪਾਲਣ ਵਿੱਚ ਹੀ ਲੱਗੇ ਰਹਿੰਦੇ ਹਨ।" ਅੱਜ ਸਮਾਜ ਪਾਰਟੀ ਦੀਆਂ ਗਲਤ ਨੀਤੀਆਂ ਕਾਰਨ ਆਪਣੇ ਪਰਾਏ ਦਾ ਫਰਕ ਸਮਜਣ ਵਿੱਚ ਅਸਮਰੱਥ ਹਨ ! ਸੋ ਸਾਨੂੰ ਰਾਜਨੀਤਕ ਸੋਚ ਬਾਰੇ ਇੱਥੇ ਮਜਬੂਤ ਮਨ ਨਾਲ ਸਪੱਸ਼ਟ ਸੋਚਣ ਦੀ ਜਰੂਰਤ ਹੈ ! ਹੁਣ ਤਾ ਸਮਾਜ ਦੀ ਵਾਂਗਡੋਰ ਜੇ ਸਹੀ ਹੱਥਾਂ ਵਿੱਚ ਨਾ ਆਈ ਤਾ ਬਹੁਜਨ ਸਮਾਜ ਲੀਹੋ ਉਤਰੇਗਾ ਹੀ ਨਹੀ ਸਗੋਂ ਇੱਕ ਲੀਹ ਤੇ ਚੜਨ ਤੇ ਕਾਬਿਲ ਹੋਣ ਤੋ ਵੀ ਵਾਂਝਾ ਰਹਿ ਸਕਦਾ ਹੈ! ਪ੍ਰਭਾਵਸ਼ਾਲੀ, ਇਮਾਨਦਾਰ ਅਤੇ ਅਗਾਹ ਵਧੂ ਸੋਚ ਦੇ ਨੌਜਵਾਨਾਂ ਨੂੰ ਆਪਣੀ ਨਿੱਜੀ ਜਿਮੇਵਾਰੀ ਸਮਝਦੇ ਹੋਏ ਕੋਈ ਠੋਸ ਕਦਮ ਪੁਟੱਣ ਦੀ ਜਰੂਰਤ ਹੈ!

**ਬੁਜਨ ਸਮਾਜ ਦੇ ਸੰਗਠਨ :-** ਹੁੱਣ ਗੱਲ ਕਰਾਂਗੇ ਬਹੁਜਨ ਸਮਾਜ ਦੇ ਸੰਗਠਨਾ ਦੀ ਜੋ ਮੇਨ ਵਿਸ਼ਾ ਹੈ, ਜਿਸ ਕਰਕੇ ਪੋਸਟ ਪਾਉਣੀ ਜਰੂਰੀ ਸੀ! ਇਥੇ ਮੈਂ ਇਹ ਕਲੀਅਰ ਕਰ ਦੇਣਾ ਚਹੁੰਦਾ ਹਾਂ ਮੇਰੀ 37-38 ਸਾਲ ਉਮਰ ਹੋ ਗਈ ਹੈ ਪਰ ਜੇ ਮੈਂ ਬਸਪਾ ਲਈ ਕਦੇ ਬਤੌਰ ਰਾਜਨੀਤਕ ਕੰਮ ਨਹੀਂ ਕੀਤਾ ਹੈ ਤਾ ਘਰ ਘਰ ਬਸਪਾ ਲਈ ਈਰਖਾਵਾਦੀ ਭੰਡੀ ਪਰਚਾਰ ਨਹੀਂ ਕੀਤਾ ਹੈ ਜੇ ਕਿਤੇ ਕਮੀ ਪੇਸ਼ੀ ਵੀ ਦੱਸੀ ਹੈ ਤਾ ਬਸਪਾ ਦੇ ਪ੍ਰਸਾਰ ਲਈ ਜਾ ਅੱਗੇ ਵਢਾਵਾ ਦੇਣ ਲਈ ਹੀ ਦੱਸੀ ਹੈ ਨਾ ਕਿ ਉਚ ਵਰਗ ਦੇ ਅਹੁਦਿਆਂ ਲਈ! ਬਾਬਾ ਸਾਹਿਬ ਡਾਕਟਰ ਅੰਬੇਡਕਰ ਜੀ ਦੇ ਮੂਲ ਸਿਧਾਂਤਕ ਪ੍ਰਿਵਰਤਨ ਲਈ, ਸਮਾਜਿਕ ਪ੍ਰੀਵਰਤਨ ਲਈ ਧੰਮ ਦੇ ਮਾਧਿਅਮ ਤੋ ਜਰੂਰ ਸਮਾਜ ਸੇਵਾ ਕੀਤੀ ਹੈ। ਇਸ ਲਈ ਜੱਗਬੀਤੀ ਨਹੀਂ ਹੱਡਬੀਤੀ ਗੱਲ ਕਰਾਂਗਾ ! ਗੱਲ ਕਰਨ ਲਈ ਦੂਰ ਨਹੀਂ ਜਾਮਾਗਾ ਬੱਸ ਗੱਲ ਕਰਾਂਗੇ ਆਪਣੇ ਰਾਜ ਪੰਜਾਬ' ਤੱਕ ਦੀ! ਜੇਕਰ ਜਿਆਦਾਤਰ ਸੰਗਠਨਾਂ ਦੀ ਘੋਖ ਕਰੀਏ ਤਾ ਅਣਗਿਣਤ ਅੰਬੇਡਕਰ ਜਥੇਬੰਦੀਆ ਦੇ, ਧੰਮ ਪਰਚਾਰਕਾਂ ਦੇ,ਸਮਾਜ ਸੇਵਕਾ ਦੇ, ਧਾਰਮਿਕ ਸੰਗਠਨ , ਰਾਜਨੀਤਕ ਤੇ ਗੈਰ ਰਾਜਨੀਤਕ ਸੰਗਠਨ ਹਨ, ਕੋਈ ਸ਼ੱਕ ਵੀ ਨਹੀਂ ਜੋ ਹਰ ਵਕਤ ਸਮਾਜਿਕ ਲੜਾਈਆਂ ਲਈ ਤਿਆਰਬਰ ਤਿਆਰ ਰਹਿੰਦੇ ਹਨ !

ਜਦੋਂ ਕਿਤੇ ਸਟੇਜੀ ਗੱਲ ਚੱਲਦੀ ਹੈ ਤਾਂ ਇਹ ਸੰਗਠਨ ਬਸਪਾ ਪੱਖੀ ਹੀ ਕਹਾਉਂਦੇ ਹਨ ਪਰ ਸੱਚਾਈ ਇੱਹ ਹੈ ਇਹ ਸੰਗਠਨ ਦਿਨ ਰਾਤ ਬਸਪਾ ਵਿਰੋਧੀ ਅਤੇ ਬਸਪਾ ਪ੍ਰਧਾਨ ਮਾਇਆਵਤੀ ਵਿਰੋਧੀ ਈਰਖਾਵਾਦੀ ਜਾਲ ਬੁਣਦੇ ਹਨ, ਜਿਹਨਾਂ ਨੇ ਨਕਾਬ ਤਥਾਗਤ ਬੁੱਧ, ਡਾ। ਅੰਬੇਡਕਰ। ਮਹਾਤਮਾ ਫੂਲੇ, ਪੇਰਿਅਰ ਦੀ ਵਿਚਾਰਧਾਰਾ ਦਾ ਪਹਿਨਿਆ ਹੋਇਆ ਹੈ ! ਜਦੋਂ ਤਾ ਇਲੈਕਸ਼ਨ ਹੁੰਦੇ ਹਨ ਇਹਨਾਂ ਜਿਆਦਾਤਰ ਸੰਗਠਨਾਂ ਦੀਆਂ ਮੀਟਿੰਗਾ ਤੇ ਸੈਟਿੰਗਾ ਹਰ ਰਾਜਨੀਤਕ ਪਾਰਟੀ ਨਾਲ ਬੰਦ ਕਮਰੇ ਵਿੱਚ ਹੁੰਦੀਆਂ ਹਨ! ਸ਼ਰਤ ਇਹ ਰੱਖੀ ਜਾਦੀ ਹੈ ਕਿ ਝੰਡਾ ਨੀਲਾ ਹੀ ਰਹੇਗਾ ਹੱਥ ਵਿੱਚ! ਜਿਆਦਾਤਰ ਤਾ ਹਰ ਪਾਰਟੀ ਹੀ ਮੈਂ ਆਪਣੇ ਮੂਹੋ ਕਹਿੰਦੀ ਸੁਣੀ ਹੈ ਕਿ ਇਹ ਸੰਗਠਨ ਹੈ ਹੀ ਸਾਡੀ ਪਾਰਟੀ ਦੇ! ਇਸੇ ਕਰਕੇ ਸਾਹਿਬ ਕਾਂਸ਼ੀ ਰਾਮ ਜੀ ਨੇ ਸੰਗਠਨ ਪ੍ਰਤੀ ਸਾਫ ਸਪਸ਼ਟ ਕਿਹਾ ਕਿ "ਮੈਂ ਅੰਬੇਡਕਰ ਤੋਂ ਸਿੱਖਿਆ ਕਿ ਅੰਦੋਲਨ ਕਿਵੇਂ ਚਲਾਉਣਾ ਹੈ ਅਤੇ ਅੰਬੇਡਕਰਵਾ-ਦੀਆਂ ਤੋਂ ਸਿੱਖਿਆ ਕਿ ਅੰਦੋਲਨ ਕਿਵੇਂ ਨਹੀਂ ਚਲਾਉਣਾ ਹੈ।"

ਜਦੋਂ ਸਾਡੀ ਕੋਈ ਦੇਣ ਨਹੀਂ ਪਾਰਟੀ ਨੂੰ, ਕੋਈ ਤਿਆਗ ਸਮਰਪਣ ਭਾਵਨਾ ਹੀ ਨਹੀਂ,ਫਿਰ ਸਾਡਾ ਕੋਈ ਫਰਜ ਨਹੀਂ ਬਣਦਾ ਬਸਪਾ ਪ੍ਰਧਾਨ ਆਈਰਨ ਲੇਡੀ ਖਿਲਾਫ ਕੂੜ ਪਰਚਾਰ ਕਰਨ ਦਾ ਜੇ ਕਮੀਆਂ ਦੀ ਗੱਲ ਕਰੀਏ ਸੱਭ ਵਿੱਚ ਹਨ ਜੋ ਵੱਡੇ ਕੰਮ ਕਰੇਗਾ ਵੱਡੀਆਂ ਗਲਤੀਆਂ ਵੀ ਕਰੇਗਾ ! ਹਾ ਜੇ ਇਹੀ ਪਾਰਟੀ ਪਰਧਾਨ ਇਹਨਾਂ ਸੰਗਠਨ ਦੇ ਪਰਧਾਨਾ ਦੇ ਕਹਿਣ ਤੇ ਟਿਕਟ ਜਾ ਪੰਜਾਬ ਪ੍ਰਧਾਨ ਲਗਾ ਦੇਵੇ ਤਾ ਇਹ ਖੁੱਸ਼ ਹਨ, ਕਿਉਂਕਿ ਇਹਨਾਂ ਲਈ ਸਿਰਫ ਬੱਲੇ ਬੱਲੇ ਜਿਆਦਾ ਮਾਇਨੇ ਰੱਖਦੀ ਹੈ ਇਹ ਸੰਗਠਨਾਂ ਲਈ ਹੋਰ ਕੁੱਝ ਨਹੀਂ ! ਇਸ ਲਈ ਹੁਣ ਇੱਥੇ ਇਹਨਾਂ ਸੰਗਠਨਾਂ ਦੇ ਪ੍ਰਧਾਨਾ ਵਿੱਚ ਈਰਖਾ ਜਨਮ ਲੈ ਰਹੀ ਹੈ, ਜਿਸ ਨਾਲ ਇਨ੍ਹਾਂ ਦੀ ਸੋਚ ਵਿੱਚ ਈਰਖ-ਾਵਾਲੀ ਅਲੋਚਨਾ ਜਨਮ ਲੈ ਰਹੀ ਹੈ ਨਾ ਕਿ ਅਲੋਚਨਾ! ਇਹ ਜਥੇਬੰਦੀਆਂ ਦੇ ਪ੍ਰਧਾਨਾ ਵੱਲ ਜੇਕਰ ਨਿਗਾ ਮਾਰੀਏ ਤਾ ਇਹਨਾਂ ਦੇ ਘਰ ਦੀ ਕਿਸੇ ਔਰਤ ਮਾ ਭੈਣ ਨੇ (1-2 ਸੰਗਠਨਾਂ ਨੂੰ ਛੱਡਕੇ) ਪਾਰਟੀ ਲਈ ਕੰਮ ਨਹੀਂ ਕੀਤਾ ਹੋਵੇਗਾ ਤੇ ਸਵੇਰੇ ਚਾਹ ਪੀਣ ਤੋ ਪਹਿਲਾਂ ਹੀ ਪਾਰਟੀ ਖਿਲਾਫ ਪੋਸਟ ਲਿਖਣਗੇ ਤੇ ਮਾਇਵਤੀ ਬਾਰੇ ਉਲ-ਜਲੂਲ ਪਰਚਾਰ ਕਰਨਗੇ! ਹਾ ਕਰੋ, ਜਰੂਰ ਕਰੋ, ਭਾਜਪਾ, ਆਪ, ਕਾਂਗਰਸ ਵੀ ਇੱਹ ਹੀ ਕਰ ਰਹੀਆਂ ਹਨ ਪਰ ਉਹ ਬਸਪਾ ਪੱਖੀ ਹੋਣ ਦਾ ਢੋਂਗ ਤਾ ਨਹੀਂ ਕਰਦੀਆਂ! ਵਿਰੋਧੀ ਧਿਰ ਤਾ ਅਖਵਾ ਰਹੀਆਂ ਹਨ ? ਇੱਥੇ ਤਾ ਥਾਲੀ ਵਿੱਚ ਛੇਕ ਕੀਤੇ ਜਾ ਰਹੇ ਹਨ ,ਜਿਨ੍ਹਾਂ ਸਮਾਂ ਪਾਰਟੀ ਵੱਲੋਂ ਪੁੱਛ ਗਿੱਛ ਨਹੀਂ ਤਾ ਬਦਨਾਮ ਤੇ ਜਦੋਂ ਪੁੱਛਗਿੱਛ ਤਾ ਪਾਰਟੀ ਹੀਰੋ ਤੇ ਪ੍ਰਧਾਨ ਵੀ ਹੀਰੋ! ਸੰਗਠਨ ਇੱਕ ਕੰਮ ਜਰੂਰ ਕਰ ਰਹੇ ਹਨ, ਉਹ ਕੰਮ ਹੈ ਕਾਰਿਅਕਰਮ ਪਰ ਕਾਰਿਆ ਸਮਾਜ ਵਿੱਚ ਜੀਰੋ ਪ੍ਰਤਿਸ਼ਤ ਹੈ! ਦੂਜਾ ਕੰਮ ਫੋਟੋਗਿਰੀ ਕਰਨਾ ਉਹ ਵੀ ਚਾਰ ਬੰਦੇ ਇੱਕੱਠੇ ਕਰਕੇ ਫਿਰ ਮੀਡੀਆ ਨੂੰ ਦੱਸਣਾ ਕਿ ਅੱਜ ਕੀ ਕੀਤਾ, ਗੁਪਤ ਕੁੱਝ ਨਹੀ ! ਇਹ ਸਮਾਜ ਵਿੱਚ ਜਾ ਕੇ ਵਿਚਾਰਧਾਰਾ ਦਾ ਦਰ-ਦਰ ਪਰਚਾਰ ਕਰਨ ਤੋਂ ਕੋਹਾਂ ਦੂਰ ਹਨ ! ਗਲੀ-ਗਲੀ ਪਰਚਾਰ ਲਈ ਕੋਈ ਜਾਣਾ ਹੀ ਨਹੀਂ ਚਹੁੰਦਾ ਹਾਂ ਜੇ ਵਿਦੇਸ਼ ਲਈ ਪਰਚਾਰ ਕਰਨ ਲਈ ਵੀਜਾ ਮਿਲ ਜਾਵੇ ਤਾ ਖਿੜੇ ਮੱਥੇ ਕਬੂਲ ਹੈ, ਕਬੂਲ ਹੈ, ਕਬੂਲ ਹੈ! ਨਹੀ ਤਾ ਇਹ ਸੰਗਠਨਾਂ ਦੇ ਪ੍ਰਧਾਨਾ ਦਾ ਥਾਣੇ ਕਚਹਿਰੀ ਥਾ ਟਿਕਾਣਾ ਤਾ ਸਥਾਈ ਹੈ ਹੀ, ਜਿੱਥੇ ਟੇਬਲ ਹੇਠਾਂ ਦੀ ਫੈਸਲੇ ਹੁੰਦੇ ਹੋਣ ਜੋ ਕਿ ਸਾਹਿਬ ਕਾਂਸ਼ੀ ਰਾਮ ਜੀ ਨੂੰ ਬਿਲਕੁੱਲ ਪਸੰਦ ਨਹੀਂ ਸੀ! ਇਸੇ ਕਰਕੇ ਉਨ੍ਹਾਂ ਕਿਹਾ "ਮੇਰਾ ਮਿਸ਼ਨ ਥਾਣੇ- ਕਚਹਿਰੀ ਦੇ ਦਲਾਲ ਨਹੀਂ ਚਲਾ ਸਕਦੇ, ਮੇਰਾ ਮਿਸ਼ਨ ਚਲਾਉਣ ਲਈ ਤਿਆਗੀ ਅਤੇ ਚਰਿੱਤਰਵਾਨ ਹੋਣਾ ਪਵੇਗਾ"।

ਅੱਜ ਦੇ ਬਸਪਾ ਨੇਤਾਵਾਂ ਨੂੰ ਇਸ ਗੱਲ ਦੀ ਜਾਂਚ ਕਰ ਲੈਣੀ ਚਾਹੀਦੀ ਹੈ ਕਿ ਇਕ ਸਹੀ ਅਲੋਚਕ ਦਾ ਜਵਾਬ ਦੇਣਾ ਤਾਂ ਉਨ੍ਹਾਂ ਦਾ ਬਣਦਾ ਹੈ ਪਰ ਈਰਖਾਵਾਦੀ ਦਾ ਨਹੀਂ। ਇਹ ਤੁਸੀਂ ਪਹਿਚਾਣ ਕਰਨੀ ਹੈ ਕਿ ਜਿਹੜਾ ਤੁਹਾਡੇ ਕੰਮ ਵਿੱਚ ਗਲਤੀ ਕੱਢ ਰਿਹਾ ਹੈ ,ਉਹ ਈਰਖਾਵਾਦੀ ਹੈ ਜਾਂ ਸਹੀ ਅਲੋਚਕ, ਕਿਉਂਕਿ ਅਲੋਚਕ ਵਿਚਾਰਾਂ ਨੂੰ ਨਹੀਂ ਛੱਡਦਾ, ਉਹ ਦਿਸ਼ਾਹੀਨ ਨੂੰ ਦਿਸ਼ਾ ਵਿੱਚ ਲਿਆਉਂਦਾ ਹੈ ਪਰ ਇਸ ਦੇ ਉਲਟ ਈਰਖਾਵਾਦੀ ਆਪ ਕੁਝ ਕਰ ਸਕਣ ਦੀ ਸਮਰੱਥਾ ਨਹੀਂ ਰੱਖਦਾ ਅਤੇ ਉਹ ਸਾਰੇ ਪਾਸੇ ਨਕਾਰਾਤਮਕ ਹੀ ਫੈਲਾਉਂਦਾ ਹੈ।

**ਅੰਤ:-** ਪਾਰਟੀ ਨੂੰ ਆਪਣੀਆਂ ਕਮੀਆਂ ਦੂਰ ਕਰਨੀਆ ਚਾਹਿਦੀਆ ਹਨ ਮਤਲਬ ਵਿਚਾਰਧਾਰਾ ਦੀ ਲਕੀਰ ਨੂੰ ਕਾਇਮ ਰੱਖਣਾ ਚਹੀਦਾ ਹੈ ਅਤੇ ਨਵ -ਨਿਯੁਕਤ ਪ੍ਰਧਾਨਾ ਨੂੰ ਪੁਰਾਣੇ ਵਰਕਰਾ ਤੇ ਨੇਤਾਵਾ ਨਾਲ ਮਿਲ ਕੇ ਕੰਮ ਕਰਨ ਦੀ ਹਦਾਇਤ ਦੇਣੀ ਚਾਹਿਦੀ ਹੈ। ਦੂਜੀ ਗੱਲ ਸੰਗਠਨਾਂ ਲਈ ਉਹ ਇਮਾਨਦਾਰੀ ਦਿਖਾਉਣ ਕੁਰਸੀ ਤੇ ਚਹੁੰਦਰ ਪਿਛੇ ਸਮਾਜ ਦਾ ਨੁਕਸਾਨ ਨਾ ਕਰਨ ਤੀਜਾ ਬਹੁਜਨ ਸਮਾਜ ਨੂੰ ਆਪਣੇ ਅਕਾਲ ਤੱਖਤ ਹਾਈ ਕਮਾਂਡ ਦਾ ਵਿਰੋਧ ਨਹੀਂ ਕਰਨਾ ਚਾਹਿਦਾ ! ਇਸ ਲਈ ਸੁਧਾਰ ਦੀ ਜਰੂਰਤ ਹਰ ਪਾਸੇ ਹੈ ਪਰ ਹਰ ਕੋਈ ਆਪਣੇ ਆਪ ਨੂੰ ਸਹੀ ਤੇ ਬਾਕੀਆ ਨੂੰ ਗਲਤ ਸਾਬਿਤ ਕਰਨ ਤੇ ਲੱਗਾ ਹੋਇਆ ਹੈ! ਜੈ ਭੀਮ- ਜੈ ਭਾਰਤ- ਜੈ ਸੰਵਿਧਾਨ

# ਵਧ ਰਹੇ ਜਲਵਾਯੂ ਸੰਕਟ ਰੋਕਣ ਲਈ ਗਲਾਸਗੋ-26 ਪੈਕਟ ਲਈ ਸੰਘਰਸ਼ ਜ਼ਰੂਰੀ

**(ਸਫਾ 18 ਦੀ ਬਾਕੀ)**

ਸੰਸਾਰ ਅੰਦਰ ਲੋਕਾਂ ਦੀ ਸਿਹਤ ਸਬੰਧੀ ਕੰਮ ਕਰ ਰਹੀਆਂ ਖੋਜ-ਸੰਸਥਾਵਾਂ ਦੇ ਕੌਮਾਂਤਰੀ ਦੱਲ ਹਰ ਸਾਲ ਦੁਨੀਆਂ ਅੰਦਰ ਅੱਠ ਮੌਤਾਂ ਜੀਵਾਣੂਆਂ ਦੀ ਲਾਗ ਨਾਲ ਹੁੰਦੀਆਂ ਹਨ, ਇਨ੍ਹਾਂ ਵਿਚੋਂ ਇਕ ਲਾਗ ਨਾਲ ਹੁੰਦੀ ਹੈ। ਜਿਸ ਦਾ ਵੱਡਾ ਕਾਰਨ ਹੱਥਾਂ ਦੀ ਸਫ਼ਾਈ ਨਾ ਕਰਨਾ, ਹਸਪਤਾਲਾਂ, ਸਿਹਤ ਦੇਖਭਾਲ ਲਈ ਕੇਂਦਰਾਂ ਅੰਦਰ ਸਾਫ਼ ਪਾਣੀ ਅਤੇ ਬੱਚਿਆਂ ਦਾ ਸਮੇਂ ਸਿਰ ਟੀਕ-ਾਕਰਨ ਨਾ ਕਰਨਾ, ਜੀਵਾਣੂਆਂ ਦੀ ਲਾਗ ਨਾਲ ਹੋਣ ਵਾਲੇ ਰੋਗਾਂ ਦਾ ਇਹ ਮੁੱਖ ਕਾਰਨ ਹਨ।

ਖੋਜ-ਸੰਸਥਾਵਾਂ ਨੇ ਰੋਗਾਣੂ ਵਿਰੋਧੀ ਪ੍ਰਤੀਰੋਧ ਹਾਲਾਤਾਂ 'ਤੇ ਪ੍ਰਭਾਵੀ ਢੰਗ ਨਾਲ ਨਿਪਟਣ ਲਈ ਲੋਕਾਂ ਨੂੰ ਢੁਕਵੇਂ ਅਤੇ ਅਨੁਕੂਲ ਐਂਟੀ-ਬਾਇਟਿਕਾਂ ਦੀ ਉਪਲੱਬਧਤਾ ਆਸਾਨ ਮੁਹੱਈਆ ਕਰਨ ਲਈ ਜ਼ੋਰ ਦਿੱਤਾ। ਜੇਕਰ ਅਜਿਹੇ ਕਦਮ ਸਮੇਂ ਸਿਰ ਨਾ ਉਠਾਏ ਗਏ ਤਾਂ ਸੰਯੁਕਤ ਰਾਸ਼ਟਰ ਵਲੋਂ ਐਲਾਨੇ ਵਿਕਾਸ ਟੀਚੇ ਪੂਰੇ ਕਰਨੇ ਮੁਸ਼ਕਲ ਹੋ ਜਾਣਗੇ। ਹਰ ਸਾਲ ਗਰਭਵੱਤੀ ਇਸਤਰੀਆਂ ਅਤੇ ਬੱਚਿਆਂ ਨੂੰ ਨਿਯਮਤ ਟੀਕੇ ਲਗਾਏਜਾਣ ਤਾਂ 1182 ਲੱਖ ਲੋਕਾਂ ਦੀਆਂ ਜਾਨਾ ਬੱਚ ਸਕਦੀਆਂ ਹਨ। ਪਰ ਭਾਰਤ ਅੰਦਰ ਹਾਕਮ ਆਜ਼ਾਦੀ ਦੇ 76-ਸਾਲਾਂ ਬਾਦ ਵੀ ਲੋਕਾਂ ਨੂੰ ਮੁੱਢਲੀਆਂ ਸਿਹਤ ਸਹਾਇਤਾ ਦੇਣ ਤੋਂ ਅਸਮਰਥ ਰਹੇ ਹਨ। ਆਬਾਦੀ ਦਾ ਇਕ ਵੱਡਾ ਹਿੱਸਾ ਅਜੇ ਵੀ ਸਿਹਤ ਸਹੂਲਤਾਂ ਤੋਂ ਵੰਚਿਤ ਹੈ।

ਪਰ ਪੂੰਜੀਵਾਦੀ ਸਿਸਟਮ ਵਾਲੀਆਂ ਸਰਕਾਰਾਂ 2015 'ਚ ਪੈਰਿਸ ਵਿੱਚ ਵਾਤਾਵਰਣ ਸਬੰਧੀ ਚੋਟੀ ਦੀ ਵਾਰਤਾ ਦੇ ਫੈਸਲਿਆਂ ਨੂੰ ਲਾਗੂ ਕਰਨ ਤੋਂ ਕਈ ਕੋਹਾਂ ਦੂਰ ਰਹੀਆਂ ਹਨ। ਜਿਸ ਕਰਕੇ ਕਾਰਬਨ-ਡਾਈਉਕਸਾਈਡ ਦੀ ਮਾਤਰਾ ਘੱਟ ਕਰਨ ਅਤੇ ਕੌਮਾਂਤਰੀ ਤਾਪਮਾਨ ਨੂੰ ਡੇੜ-ਡਿਗਰੀ ਹੇਠਾਂ ਲਿਆਉਣ ਲਈ ਮਿਥੇ ਟੀਚੇ ਪੂਰੇ ਨਹੀਂ ਹੋ ਰਹੇ ਹਨ। ਜਿਸ ਕਰਕੇ ਜੱਲਵਾਯੂ ਪ੍ਰੀਵਰਤਨ ਕਾਰਨ ਹੋਰ ਖਤਰੇ ਵੱਧ ਰਹੇ ਹਨ। ਜਿਸ ਦਾ ਅਸਰ ਆਵਾਮ ਦੀ ਸਿਹਤ 'ਤੇ ਪੈ ਰਿਹਾ ਹੈ। ਤੇਜ਼ੀ ਨਾਲ ਜਲਵਾਯੂ ਵਿੱਚ ਆ ਰਹੇ ਪ੍ਰੀਵਰਤਨ ਕਾਰਲ ਨਵੇਂ-ਨਵੇਂ ਕਿਸਮ ਦੇ ਜੀਵਾਣੂ ਪੈਦਾ ਹੋ ਰਹੇ ਹਨ।

ਜੇਕਰ ਸਮੇਂ ਸਿਰ ਕਾਬੂ ਨਾ ਪਾਇਆ ਗਿਆ ਅਤੇ ਢੁਕਵੇਂ ਕਦਮ ਨਾ ਚੁਕੇ ਗਏ ਤਾਂ ਸੰਸਾਰ ਅੰਦਰ ਭਿਆਨਕ ਜਾਨਲੇਵਾ ਬਿਮਾਰੀਆਂ ਲੋਕਾਂ ਨੂੰ ਚਿੰਬੜ ਜਾਣਗੀਆਂ। ਅਸੀਂ ਪੋਲੀਓ ਮੁਕਤ, ਮਲੇਰੀਆ, ਹੇਪੇਟਾਈਟਿਸ, ਜਪਾਨੀ ਬੁਖਾਰ, ਡੇਂਗੂ ਆਦਿ ਤੋਂ ਲੋਕਾਂ ਨੂੰ ਨਿਜਾਤ ਨਹੀਂ ਦੇ ਸੱਕੇ ਹਾਂ। ਕੋਵਿਡ-19 ਦੇ ਭਿਆਨਕ ਹਕਮਲੇ ਕਾਰਨ ਅਸੀਂ ਅੱਜੇ ਪੈਰਾਂ ਤੇ ਨਹੀਂ ਆ ਸੱਕੇ ਹਾਂ ? ਇਹ ਇਕ ਸਚਾਈ ਹੈ ਕਿ ਦੇਸ਼ ਦੀ ਆਬਾਦੀ ਦਾ ਇਕ ਵੱਡਾ ਹਿੱਸਾ ਪ੍ਰਦੂਸ਼ਿਤ ਵਾਤਾਵਰਣ ਵਿੱਚ ਰਹਿ ਰਿਹਾ ਹੈ। ਦੇਸ਼ ਦੇ ਹਾਕਮ ਸੁਥਰਾ-ਭਾਰਤ, ਅੰਮ੍ਰਿਤ-ਭਾਰਤ ਅਤੇ ਦੁਨੀਆਂ ਦੀ ਪੰਜਵੀਂ ਆਰਥਿਕ ਸ਼ਕਤੀ ਦਾ ਢੋਲ ਤਾਂ ਹਰ ਰੋਜ਼ ਪਿੱਟਦੇ ਹਾਂ, ਪਰ ! ਲੋਕ ਸਾਫ਼ ਪਾਣੀ ਪ੍ਰਾਪਤ ਕਰਨ ਤੋਂ ਆਤੁਰ ਦਿੱਸ ਰਹੇ ਹਨ?

ਹਾਕਮ ਵੱਡੇ ਦਾਅਵੇ ਤੇ ਵਾਅਦੇ ਕਰਕੇ ਭਾਰਤੀਆਂ ਨੂੰ ਸਰਵਜਨਕ ਸਿਹਤ ਸਹੂਲਤਾਂ ਅਤੇ ਬੁਨਿਆਦੀ ਢਾਂਚਾ ਦੇਣ ਲਈ ਤਾਂ ਢੰਡੋਰਾ ਪਿੱਟ ਰਹੇ ਹਨ। ਪਰ ਨਾ ਹਸਪਤਾਲ, ਨਾ ਡਾਕਟਰ ਅਤੇ ਨਾ ਹੀ ਦਵਾਈਆਂ ਉਪਲੱਬਧ ਹੋ ਰਹੀਆਂ ਹਨ ! ਮਹਾਂਨਗਰਾਂ ਵਿੱਚ ਤਾਂ ਪਹੁੰਚ ਵਾਲੇ ਲੋਕਾਂ ਦੀ ਸਿਹਤ-ਸਹੂਲਤਾਂ ਤੱਕ ਪਹੁੰਚ ਹੈ।

ਪਰ ਪੇਂਡੂ ਖੇਤਰਾਂ 'ਚ ਲੋਕਾਂ ਦਾ ਰੱਬ ਰਾਖਾ ਹੈ। ਦੇਸ਼ ਦੀ ਇਕ ਵੱਡੀ ਆਬਾਦੀ ਪੀਣ ਵਾਲੇ ਪਾਣੀ ਤੋਂ ਮਰਹੂਮ ਹੈ ਅਤੇ ਨਹਾਉਣ ਲਈ, ਸਾਫ਼-ਸਫ਼ਾਈ ਅਤੇ ਕਪੜੇ ਧੌਣ ਦੀ ਸਹੂਲਤ ਤੋਂ ਵੰਚਿਤ ਹੈ, ਉਤੱਰੀ ਭਾਰਤ ਪੂਰੀ ਤਰਾਂ ਜੂਨ ਮਹੀਨਾ ਆਉਣ ਤੋਂ ਪਹਿਲਾ ਹੀ ਭੱਠੀ ਵਾਂਗ ਤੱਪ ਰਿਹਾ ਸੀ। ਬਿਜਲੀ ਅਤੇ ਪੀਣ ਵਾਲੇ ਪਾਣੀ ਦੀ ਘਾਟ ਹਰ ਬਸ਼ਰ ਨੂੰ ਇਸ ਗਰਮੀ ਦੇ ਮੌਸਮ ਵਿੱਚ ਡਾਢੀ ਰੜਕ ਰਹੀ ਹੈ। ਇਸ ਦਾ ਵੱਡਾ ਕਾਰਨ ਕਾਰਬਨ ਰਸਾਅ ਦੇ ਵਾਧੇ ਕਾਰਨ ਤਾਪਮਾਨ ਵਿੱਚ ਵਧਾ ਹੋਣਾ। ਤਾਪਮਾਨ ਨੂੰ ਸਥਿਰ ਰੱਖਣ ਲਈ ਪਹਿਲ ਕਦਮੀ ਰਾਜਸਤਾ 'ਤੇ ਕਾਬਜ਼ ਹਾਕਮ ਜਮਾਤਾਂ ਨੂੰ ਕਰਨੀ ਪੈਣੀ ਹੈ। ਜੇਕਰ ਦੇਸ਼ ਦੇ ਜੰਗਲ, ਜੱਲ ਅਤੇ ਜ਼ਮੀਨ ਦੇ ਕੁਦਰਤੀ ਰੂਪ ਨੂੰ ਕਾਇਮ ਨਾ ਰੱਖਿਆ, ਵਿਕਾਸ ਦੇ ਨਾਂ ਤੇ ਕੁਦਰਤੀ ਵਾਤਾਵਰਣ ਦੀ ਹੋ ਰਹੀ ਤਬਾਹੀ ਨੂੰ ਨਾ ਰੋਕਿਆ ਗਿਆ ਅਤੇ ਜੰਗਲ ਲਾਉਣ, ਫਸਲਾਂ ਵਿੱਚ ਵਿਭਿੰਨਤਾ ਤੇ ਜਮੀਨੀ ਪਾਣੀ ਦਾ ਲੈਵਲ ਬਰਕਰਾਰ ਰੱਖਣ ਵਿੱਚ ਅਸੀਂ ਕਾਮਯਾਬ ਨਾ ਹੋਏ, ਤਾਂ ! ਅਸੀਂ ਤਾਪਮਾਨ ਦੇ ਵਾਧੇ ਕਾਰਨ ਵਾਤਾਵਰਨ ਵਿੱਚ ਆਈ ਤਬਦੀਲੀ ਦੇ ਦੂਰ ਪ੍ਰਭਾਵਾਂ ਤੋਂ ਬੱਚ ਨਹੀਂ ਸਕਦੇ।

ਪਹਿਲਾ ਹੀ ਦੁਨੀਆਂ ਕੋਵਿਡ-19 ਮਹਾਂਮਾਰੀ ਦੇ ਤਬਾਹਕੁੰਨ ਪ੍ਰਕੋਪ ਅਤੇ ਇਸ ਦੇ ਨਵੇਂ ਰੂਪਾਂ ਵਿੱਚ ਉਭਰਨ ਦੇ ਅਸਰਾਂ ਤੋਂ ਅਸੀਂ ਆਰਥਿਕ ਅਤੇ ਸਮਾਜਕ ਤੌਰ 'ਤੇ ਮੁਕਤ ਨਹੀਂ ਹੋਏ ਹਾਂ। ਡੂੰਘੀ ਹੋ ਰਹੀ ਸੰਸਾਰ ਆਰਥਿਕ ਮੰਦੀ ਸਾਡੇ ਸਿਰ ਉੱਪਰ ਮੰਡਲਾਅ ਰਹੀ ਹੈ। ਧਰਤੀ ਦੇ ਗਰਮ ਹੋਣ ਨਾਲ ਜੋ ਨਵੇਂ ਨਵੇਂ ਗੰਭੀਰ ਖਤਰੇ ਅਤੇ ਵਾਤਾਵਰਣ ਤਬਦੀਲੀ ਦੇ ਮੁੱਦੇ 'ਤੇ ਨਿਰਣਾਇਕ ਕਾਰਵਾਈ ਕਰਨ ਤੋਂ ਉੱਕ ਗਏ ਤਾਂ ਸੰਸਾਰ ਅੰਦਰ ਮਨੁੱਖਤਾ ਦੀ ਤਬਾਹੀ ਲਈ ਮਨੁੱਖ ਹੀ ਜਿੰਮੇਵਾਰ ਹੋਵੇਗਾ। ਇਹਨਾਂ ਮੁੱਦਿਆਂ ਦੇ ਕਾਰਕਾਂ ਲਈ ਜਿੰਮੇਵਾਰ ਦੁਨੀਆਂ ਅੰਦਰ ਪੂੰਜੀਵਾਦੀ-ਕਾਰਪੋਰੇਟੀ ਪ੍ਰਬੰਧ ਜੋ ਉਦਾਰਵਾਦੀ ਨੀਤੀਆਂ ਰਾਹੀਂ ਮੁਨਾਫ਼ਿਆ ਦੀ ਦੌੜ ਅੰਦਰ ਮੰਡੀਆਂ 'ਤੇ ਕਾਬਜ਼ ਹੈ। ਉਹਨਾਂ ਵਿਰੁੱਧ ਸੰਸਾਰ ਦੀਆਂ ਸਾਰੀਆਂ ਅਮਨ-ਪਸੰਦ, ਜਮਹੂਰੀ ਅਤੇ ਮਨੁੱਖਤਾਵਾਦੀ ਸ਼ਕਤੀਆਂ ਨੂੰ ਮਿਲ ਕੇ ਉਹਨਾਂ ਦੀਆਂ ਨੀਤੀਆ ਵਿਰੁਧ ਆਵਾਜ਼ ਉਠਾਉਣੀ ਚਾਹੀਦੀ ਹੈ।

# ਭਾਰਤ ਗਰਮ ਲਹਿਰਾਂ ਦੇ ਸੰਤਾਪ ਤੋਂ ਨਿਜਾਤ ਕਿਵੇਂ ਪਾਵੇ?



**ਡਾ. ਗੁਰਿੰਦਰ ਕੌਰ**
ਸਾਬਕਾ ਪ੍ਰੋਫ਼ੈਸਰ, ਜਿਓਗਰਾਫ਼ੀ ਵਿਭਾਗ, ਪੰਜਾਬੀ ਯੂਨੀ: ਪਟਿਆਲਾ।
001-408-493-9776

ਮਈ ਮਹੀਨੇ ਦੀ ਸ਼ੁਰੂਆਤ ਤੋਂ ਹੀ ਭਾਰਤ ਦੇ ਉੱਤਰੀ ਰਾਜਾਂ ਵਿੱਚ ਤਾਪਮਾਨ ਵਿੱਚ ਅਥਾਹ ਵਾਧਾ ਹੋਣ ਕਾਰਨ ਲੋਕ ਗਰਮੀ ਨਾਲ ਬੇਹਾਲ ਹੋਏ ਪਏ ਹਨ। ਭਾਰਤੀ ਮੌਸਮ ਵਿਭਾਗ ਨੇ ਪੰਜਾਬ, ਹਰਿਆਣਾ, ਰਾਜਸਥਾਨ, ਦਿੱਲੀ, ਚੰਡੀਗੜ੍ਹ, ਪੱਛਮੀ ਉੱਤਰ ਪ੍ਰਦੇਸ਼, ਅਤੇ ਗੁਜਰਾਤ ਵਿੱਚ 20 ਮਈ ਤੋਂ 'ਰੈੱਡ ਅਲਰਟ' ਜਾਰੀ ਕੀਤਾ ਹੋਇਆ ਹੈ। ਇਨ੍ਹਾਂ ਰਾਜਾਂ ਦੇ ਬਹੁਤੇ ਖੇਤਰਾਂ ਵਿੱਚ 15 ਮਈ ਤੋਂ ਤਾਪਮਾਨ 40 ਤੋਂ 45 ਡਿਗਰੀ ਸੈਲਸੀਅਸ ਰਿਕਾਰਡ ਕੀਤਾ ਗਿਆ ਹੈ। ਰਾਜਸਥਾਨ ਦੇ ਫਿਲੌਦੀ ਸ਼ਹਿਰ ਵਿੱਚ 25 ਮਈ ਨੂੰ 50 ਡਿਗਰੀ ਸੈਲਸੀਅਸ ਅਤੇ ਪੰਜਾਬ ਦੇ ਬਠਿੰਡਾ ਸ਼ਹਿਰ ਵਿੱਚ 27 ਮਈ ਨੂੰ 48.4 ਡਿਗਰੀ ਸੈਲਸੀਅਸ ਤਾਪਮਾਨ ਆਂਕਿਆ ਗਿਆ। ਬਠਿੰਡਾ ਵਿਚਲਾ ਤਾਪਮਾਨ ਆਮ ਨਾਲੋਂ 7.1 ਡਿਗਰੀ ਸੈਲਸੀਅਸ ਵੱਧ ਸੀ। ਰਾਜਸਥਾਨ ਵਿੱਚ ਜ਼ਿਆਦਾ ਗਰਮੀ ਪੈਣ ਕਾਰਨ ਹੁਣ ਤੱਕ 55 ਵਿਅਕਤੀਆਂ ਦੀ ਮੌਤ ਹੋ ਚੁੱਕੀ ਹੈ। ਦਿੱਲੀ ਦੇ ਨਜਫ਼ਗੜ੍ਹ ਦੇ ਇਲਾਕੇ ਵਿੱਚ ਵੀ 27 ਮਈ ਨੂੰ ਤਾਪਮਾਨ 48 ਡਿਗਰੀ ਸੈਲਸੀਅਸ ਹੋ ਗਿਆ ਸੀ। ਮੌਸਮ ਵਿਭਾਗ ਅਨੁਸਾਰ ਦਿੱਲੀ ਵਿੱਚ ਤੇਜ਼ ਅਤੇ ਗਰਮ ਹਵਾਵਾਂ ਚੱਲਣ ਨਾਲ ਰਾਤ ਦੇ ਤਾਪਮਾਨ ਵਿੱਚ ਆਮ ਨਾਲੋਂ 2.5 ਡਿਗਰੀ ਸੈਲਸੀਅਸ ਅਤੇ ਦਿਨ ਦੇ ਤਾਪਮਾਨ ਵਿੱਚ 5 ਡਿਗਰੀ ਸੈਲਸੀਅਸ ਦਾ ਵਾਧਾ ਰਿਕਾਰਡ ਕੀਤਾ ਗਿਆ ਹੈ। ਪ੍ਰਿੰਟ ਅਤੇ ਇਲੈਕਟਰੋਨਿਕ ਮੀਡੀਆ ਰਾਹੀਂ ਲੋਕਾਂ ਨੂੰ ਵਾਰ ਵਾਰ ਚਿਤਾਵਨੀ ਦਿੱਤੀ ਜਾ ਰਹੀ ਹੈ ਕਿ ਸਵੇਰੇ 10 ਵੱਜੇ ਤੋਂ ਦੁਪਹਿਰ 3 ਵਜੇ ਤੱਕ ਸਿੱਧੀ ਧੁੱਪ ਵਿੱਚ ਬਾਹਰ ਨਾ ਨਿਕਲੋਂ। ਪੰਜਾਬ ਵਿੱਚ ਤਾਪਮਾਨ ਦੇ ਵਾਧੇ ਦੇ ਮਾੜੇ ਪ੍ਰਭਾਵਾਂ ਤੋਂ ਬਚਾਉਣ ਲਈ ਸਕੂਲੀ ਬੱਚਿਆਂ ਨੂੰ ਗਰਮੀ ਦੀਆਂ ਛੁੱਟੀਆਂ ਅਗੇਤੀਆਂ ਕਰ ਦਿੱਤੀਆਂ ਹਨ।

ਭਾਰਤ ਵਿੱਚ ਮਈ ਅਤੇ ਜੂਨ ਦੇ ਮਹੀਨੇ ਵਿੱਚ ਤਾਪਮਾਨ ਵਿੱਚ ਵਾਧਾ ਹੋਣਾ ਕੋਈ ਅਨੋਖਾ ਜਾਂ ਨਵਾਂ ਵਰਤਾਰਾ ਨਹੀਂ ਹੈ। ਭਾਰਤ ਦੇ ਉੱਤਰ-ਪੱਛਮੀ ਰਾਜਾਂ ਵਿੱਚ ਗਰਮ ਹਵਾਵਾਂ ਪਹਿਲਾਂ ਵੀ ਚੱਲਦੀਆਂ ਸਨ, ਪਰ ਹੁਣ ਮੌਸਮੀ ਤਬਦੀਲੀਆਂ ਨਾਲ ਇਨ੍ਹਾਂ ਦੇ ਆਉਣ ਦੇ ਸਮੇਂ, ਦਿਨਾਂ ਦੀ ਗਿਣਤੀ, ਅਤੇ ਮਾਰ ਦੀ ਗਹਿਰਾਈ ਵਿੱਚ ਤੇਜ਼ੀ ਨਾਲ ਵਾਧਾ ਹੋ ਰਿਹਾ। ਭਾਰਤ ਦੇ ਮੌਸਮ ਵਿਭਾਗ ਦੀ ਇੱਕ ਰਿਪੋਰਟ ਅਨੁਸਾਰ ਦੇਸ ਵਿੱਚ 2015 ਤੱਕ ਸਿਰਫ਼ 17 ਰਾਜਾਂ ਵਿੱਚ ਗਰਮ ਲਹਿਰਾਂ ਚੱਲਦੀਆਂ ਸਨ, ਪਰ 2024 ਵਿੱਚ ਇਨ੍ਹਾਂ ਦੀ ਗਿਣਤੀ ਵਧ ਕੇ 23 ਹੋ ਗਈ ਹੈ। ਹੁਣ ਕੇਰਲ, ਤਾਮਿਲਨਾਡੂ, ਹਿਮਾਚਲ ਪ੍ਰਦੇਸ਼, ਉੱਤਰਾਖੰਡ, ਅਰੁਣਾਚਲ ਪ੍ਰਦੇਸ਼ ਰਾਜਾਂ ਅਤੇ ਕੇਂਦਰੀ ਸ਼ਾਸਤ ਰਾਜ ਜੰਮੂ-ਕਸ਼ਮੀਰ ਨੂੰ ਵੀ ਗਰਮ ਲਹਿਰਾਂ ਦਾ ਸੇਕ ਲੱਗਣ ਲੱਗ ਪਿਆ ਹੈ।

ਭਾਰਤੀ ਮੌਸਮ ਵਿਭਾਗ ਨੇ ਮਈ 2024 ਵਿਚਲੀ ਆਪਣੀ ਇੱਕ ਰਿਪੋਰਟ ਵਿੱਚ ਚਿੰਤਾਜਨਕ ਪੇਸ਼ਨਗੋਈ ਕੀਤੀ ਸੀ ਕਿ ਹੁਣ ਲੋਕਾਂ ਨੂੰ ਪਹਿਲਾਂ ਨਾਲੋਂ ਵੱਧ ਦਿਨਾਂ ਲਈ ਗਰਮ ਲਹਿਰਾਂ ਦਾ ਸੰਤਾਪ ਝੱਲਣਾ ਪੈ ਸਕਦਾ ਹੈ। ਮਈ ਵਿੱਚ ਆਮ ਤੌਰ ਉੱਤੇ ਉੱਤਰੀ ਰਾਜ ਪਹਿਲਾ ਤਿੰਨ ਦਿਨ ਗਰਮੀ ਦੀ ਲਹਿਰ ਦੀ ਮਾਰ ਝੱਲਦੇ ਸਨ, ਹੁਣ ਉਨ੍ਹਾਂ ਦੀ ਗਿਣਤੀ ਵਧ ਕੇ 5 ਤੋਂ 7 ਦਿਨ ਹੋ ਸਕਦੀ ਹੈ। ਦੱਖਣੀ ਰਾਜਾਂ ਵਿੱਚ ਦੋਗੁਣੀ ਅਤੇ ਦੱਖਣੀ ਰਾਜਸਥਾਨ, ਪੱਛਮੀ ਮੱਧ ਪ੍ਰਦੇਸ਼, ਵਿਦਰਭਾ, ਮਰਾਠਵਾੜਾ, ਅਤੇ ਗੁਜਰਾਤ ਆਦਿ ਖੇਤਰਾਂ ਵਿੱਚ ਗਰਮ ਲਹਿਰਾਂ ਦੇ ਦਿਨ 3 ਤੋਂ ਵਧ ਕੇ 8 ਤੋਂ 11 ਤੱਕ ਹੋ ਸਕਦੇ ਹਨ।

ਗਰਮ ਲਹਿਰਾਂ ਦੀ ਲਪੇਟ ਵਿੱਚ ਇਕੱਲਾ ਭਾਰਤ ਹੀ ਨਹੀਂ ਆਇਆ ਹੋਇਆ ਹੈ, ਇਨ੍ਹਾਂ ਦਾ ਅਸਰ ਇਸ ਦੇ ਲਾਗਲੇ ਦੇਸਾਂ ਪਾਕਿਸਤਾਨ, ਬੰਗਲਾਦੇਸ਼, ਮਿਆਂਮਾਰ, ਦਿ ਫਿਲੀਪੀਨਜ਼, ਥਾਈਲੈਂਡ, ਵੀਤਨਾਮ, ਅਤੇ ਲਾਓਸ ਵਰਗੇ ਗੁਆਂਢੀ ਦੇਸ ਵੀ ਅਪ੍ਰੈਲ ਦੇ ਮਹੀਨੇ ਵਿੱਚ ਆਏ ਹੋਏ ਸਨ। ਥਾਈਲੈਂਡ ਵਿੱਚ ਗਰਮ ਤਾਪਮਾਨ ਕਾਰਨ 30 ਵਿਅਕਤੀਆਂ ਦੀ ਮੌਤ ਹੋ ਗਈ ਸੀ। ਬੰਗਲਾਦੇਸ਼ ਅਤੇ ਥਾਈਲੈਂਡ ਵਿੱਚ ਤਾਪਮਾਨ ਦੇ ਵਾਧੇ ਨੂੰ ਦੇਖਦੇ ਹੋਏ ਕੁਝ ਦਿਨਾਂ ਲਈ ਸਕੂਲ ਵੀ ਬੰਦ ਕਰ ਦਿੱਤੇ ਗਏ ਸਨ।

ਗਰਮ ਲਹਿਰਾਂ ਦੀ ਆਮਦ ਦੇ ਦਿਨਾਂ ਅਤੇ ਤਾਪਮਾਨ ਵਿੱਚ ਵਾਧਾ ਅਚਾਨਕ ਨਹੀਂ ਹੋਇਆ। ਇਸ ਤਰ੍ਹਾਂ ਦੇ ਵਰਤਾਰੇ ਬਾਰੇ ਦੁਨੀਆ ਦੇ ਸਾਰੇ ਦੇਸਾਂ ਨੂੰ ਵਿਗਿਆਨੀ ਕਈ ਦਹਾਕਿਆਂ ਤੋਂ ਚਿਤਾਵਨੀਆਂ ਦੇ ਰਹੇ ਹਨ। 2022 ਵਿੱਚ ਵੀ ਅਪ੍ਰੈਲ ਵਿੱਚ ਤਾਪਮਾਨ ਦੇ ਵਾਧੇ ਨੇ ਪਿਛਲੇ 122 ਸਾਲ ਦਾ ਰਿਕਾਰਡ ਤੋੜ ਦਿੱਤਾ ਸੀ। 2023 ਦੇ ਜੂਨ ਮਹੀਨੇ ਤੋਂ ਲੈ ਕੇ ਅਪ੍ਰੈਲ 2024 ਤੱਕ 11 ਮਹੀਨੇ ਰਿਕਾਰਡ ਅਨੁਸਾਰ ਹੁਣ ਤੱਕ ਦੇ ਸਭ ਤੋਂ ਗਰਮ ਮਹੀਨੇ ਰਹੇ ਹਨ। 2023 ਦਾ ਸਾਲ ਵੀ ਹੁਣ ਤੱਕ ਸਭ ਤੋਂ ਗਰਮ ਸਾਲ ਆਂਕਿਆ ਗਿਆ ਹੈ। ਕੋਪਰਨਿਕਸ ਕਲਾਈਮੇਟ ਚੇਂਜ ਸਰਵਿਸ ਅਨੁਸਾਰ 2023 ਵਿੱਚ ਧਰਤੀ ਦਾ ਔਸਤ ਤਾਪਮਾਨ ਉਦਯੋਗਿਕ ਇਨਕਲਾਬ ਦੇ ਸਮੇਂ ਤੋਂ ਪਹਿਲਾਂ ਦੇ ਤਾਪਮਾਨ ਨਾਲੋਂ 1.48 ਡਿਗਰੀ ਸੈਲਸੀਅਸ ਵੱਧ ਰਿਕਾਰਡ ਕੀਤਾ ਗਿਆ ਹੈ। 2023 ਵਿੱਚ ਸਾਲ ਦੇ ਹਰ ਇੱਕ ਦਿਨ ਤਾਪਮਾਨ ਉਦਯੋਗਿਕ ਇਨਕਲਾਬ ਦੇ ਸਮੇਂ ਤੋਂ ਪਹਿਲਾਂ ਉਸੇ ਦਿਨ ਦੇ ਤਾਪਮਾਨ ਨਾਲੋਂ 1 ਡਿਗਰੀ ਸੈਲਸੀਅਸ ਜਾਂ ਇਸ ਤੋਂ ਵੀ ਵੱਧ ਰਿਕਾਰਡ ਕੀਤਾ ਗਿਆ ਅਤੇ ਲਗਭਗ ਅੱਧਾ ਸਾਲ (50 ਫ਼ੀਸਦ ਦਿਨਾਂ ਵਿੱਚ) ਤਾਪਮਾਨ 1.5 ਡਿਗਰੀ ਸੈਲਸੀਅਸ ਤੋਂ ਵੱਧ ਰਿਕਾਰਡ ਕੀਤਾ ਗਿਆ।




ਭਾਰਤ ਦੇ ਤਾਪਮਾਨ ਵਿੱਚ ਇਸ ਸਾਲ ਹੋਏ ਬੇਸ਼ੁਮਾਰ ਵਾਧੇ ਲਈ ਮੌਸਮੀ ਤਬਦੀਲੀਆਂ ਦੇ ਨਾਲ ਨਾਲ ਐਲ-ਨੀਨੋ ਦਾ ਵਰਤਾਰਾ ਵੀ ਜ਼ਿੰਮੇਵਾਰ ਹੈ। ਐਲ-ਨੀਨੋ ਪ੍ਰਸ਼ਾਤ ਮਹਾਸਾਗਰ ਨਾਲ ਜੁੜਿਆ ਇੱਕ ਅਜਿਹਾ ਵਰਤਾਰਾ ਹੈ ਜੋ ਭਾਰਤ ਦੇ ਮੌਸਮ ਉੱਤੇ ਬਹੁਤ ਅਸਰ ਪਾਉਂਦਾ ਹੈ। ਐਲ-ਨੀਨੋ ਵਾਲੇ ਸਾਲਾਂ ਵਿੱਚ ਭਾਰਤ ਵਿੱਚ ਮੌਨਸੂਨ ਪੌਣਾਂ ਘੱਟ ਮੀਂਹ ਪਾਉਂਦੀਆਂ ਹਨ ਜਿਸ ਕਾਰਨ ਦੇਸ ਦੇ ਕਈ ਖੇਤਰਾਂ ਵਿੱਚ ਸੋਕੇ ਵਾਲੇ ਹਾਲਤ ਪੈਦਾ ਹੋ ਜਾਂਦੇ ਹਨ। 2023 ਦੇ ਜੂਨ ਦੇ ਮਹੀਨੇ ਤੋਂ ਐਲ-ਨੀਨੋ ਵਰਤਾਰਾ ਸ਼ੁਰੂ ਹੋਇਆ ਸੀ। ਐਲ-ਨੀਨੋ ਦਾ ਪ੍ਰਭਾਵ ਆਮ ਤੌਰ ਉੱਤੇ 9-12 ਮਹੀਨੇ ਤੱਕ ਰਹਿੰਦਾ ਹੈ। ਐਲ-ਨੀਨੋ ਦੇ ਚੱਲਦਿਆਂ 2023 ਵਿੱਚ ਮੀਂਹ ਵੀ ਔਸਤ ਨਾਲੋਂ ਘੱਟ ਪਿਆ ਅਤੇ ਸਰਦੀਆਂ ਵਿੱਚ ਪਹਾੜੀ ਇਲਾਕਿਆਂ ਵਿੱਚ ਬਰਫ਼ ਵੀ ਘੱਟ ਪਈ ਜਿਸ ਦੇ ਨਤੀਜੇ ਵੱਜੋਂ ਇਸ ਸਾਲ ਤਾਪਮਾਨ ਵਿੱਚ ਤੇਜ਼ੀ ਨਾਲ ਵਾਧਾ ਹੋਇਆ ਹੈ।

2023 ਵਿੱਚ ਅੰਧ ਮਹਾਸਾਗਰ, ਪ੍ਰਸ਼ਾਤ ਮਹਾਸਾਗਰ ਅਤੇ ਹਿੰਦ ਮਹਾਸਾਗਰ ਦੇ ਪਾਣੀ ਦਾ ਤਾਪਮਾਨ ਵੀ ਔਸਤ ਨਾਲੋਂ ਉੱਚਾ ਰਿਹਾ ਹੈ। ਅਪ੍ਰੈਲ 2024 ਵਿੱਚ ਸਾਇੰਸ ਡਾਇਰੈਕਟ ਜਰਨਲ ਵਿੱਚ ਛਪੀ ਇੱਕ ਖੋਜ ਅਨੁਸਾਰ ਹਿੰਦ ਮਹਾਸਾਗਰ ਬਾਕੀ ਮਹਾਸਾਗਰਾਂ ਨਾਲੋਂ ਜ਼ਿਆਦਾ ਤੇਜ਼ੀ ਨਾਲ ਗਰਮ ਹੋ ਰਿਹਾ ਹੈ। ਇਸ ਦੇ ਤਾਪਮਾਨ ਵਿੱਚ 2020-2100 ਦੇ ਅਰਸੇ ਵਿੱਚ 1.7 ਤੇ 3.8 ਡਿਗਰੀ ਸੈਲਸੀਅਸ ਦਾ ਵਾਧਾ ਹੋ ਸਕਦਾ ਹੈ ਜਿਸ ਨਾਲ ਲੰਬੇ ਸਮੇਂ ਤੱਕ ਚੱਲਣ ਵਾਲੀਆਂ ਸਮੁੰਦਰੀ ਗਰਮ ਲਹਿਰਾਂ ਵੀ ਹੋਂਦ ਵਿੱਚ ਆ ਸਕਦੀਆਂ ਹਨ। ਹਿੰਦ ਮਹਾਸਾਗਰ ਦੇ ਪਾਣੀ ਦੇ ਤਾਪਮਾਨ ਵਿੱਚ ਵਾਧੇ ਨਾਲ ਸਮੁੰਦਰ ਨਾਲ ਜੁੜੀਆਂ ਹਰ ਤਰ੍ਹਾਂ ਦੀਆਂ ਕੁਦਰਤੀ ਆਫ਼ਤਾਂ ਵਿੱਚ ਤੇਜ਼ੀ ਨਾਲ ਵਾਧਾ ਹੋਵੇਗਾ ਜੋ ਭਾਰਤ ਲਈ ਇੱਕ ਚਿੰਤਾ ਦਾ ਵਿਸ਼ਾ ਹੈ।

ਮੌਸਮੀ ਤਬਦੀਲੀਆਂ ਅਤੇ ਐਲ-ਨੀਨੋ ਦੇ ਨਾਲ ਨਾਲ ਦੇਸ ਵਿੱਚ ਤਾਪਮਾਨ ਅਤੇ ਗਰਮ ਲਹਿਰਾਂ ਦੇ ਵਾਧੇ ਦੇ ਕੁਝ ਸਥਾਨਕ ਕਾਰਨ ਵੀ ਹਨ। ਇਨ੍ਹਾਂ ਵਿੱਚ ਸੰਘਣੇ ਜੰਗਲਾਂ ਅਤੇ ਸਥਾਨਕ ਦਰਖ਼ਤਾਂ ਥੱਲੇ ਘਟਦਾ ਰਕਬਾ, ਕੰਕਰੀਟ ਅਤੇ ਸ਼ੀਸ਼ੇ ਨਾਲ ਬਣੀਆਂ ਇਮਾਰਤਾਂ, ਸੜਕਾਂ ਦੀ ਵਧਦੀ ਲੰਬਾਈ ਅਤੇ ਚੌੜਾਈ, ਨਿੱਜੀ ਵਾਹਨਾਂ ਦੀ ਵਧ ਰਹੀ ਗਿਣਤੀ, ਏਅਰ ਕੰਡੀਸ਼ਨਰਾਂ ਦੀ ਵਧ ਰਹੀ ਵਰਤੋਂ ਆਦਿ ਵੀ ਸ਼ਾਮਲ ਹਨ।

ਤਾਪਮਾਨ ਦੇ ਵਿੱਚ ਤੇਜ਼ੀ ਨਾਲ ਹੋ ਰਹੇ ਵਾਧੇ ਨਾਲ ਲੋਕ ਹੀਟ ਸਟਰੋਕ, ਚਮੜੀ ਦੇ ਰੋਗ, ਪਾਣੀ ਦੀ ਕਮੀ ਵਰਗੀਆਂ ਬਿਮਾਰੀਆਂ ਦੀ ਲਪੇਟ ਵਿੱਚ ਆ ਰਹੇ ਹਨ। ਕਈ ਰਾਜਾਂ ਵਿੱਚ ਸਕੂਲ ਦੇ ਬੱਚੇ ਤਾਪਮਾਨ ਦੇ ਵਾਧੇ ਦੀ ਮਾਰ ਨਾ ਝੱਲਦੇ ਹੋਏ ਬੇਹੋਸ਼ ਹੋ ਰਹੇ ਹਨ। ਤਾਪਮਾਨ ਦੇ ਵਾਧੇ ਦਾ ਜਿੰਨਾ ਅਸਰ ਮਨੁੱਖਾਂ ਉੱਤੇ ਹੁੰਦਾ ਹੈ ਉਂਨਾ ਹੀ ਮਾੜਾ ਅਸਰ ਜਾਨਵਰਾਂ, ਪਸ਼ੂਆਂ ਅਤੇ ਪੰਛੀਆਂ ਉੱਤੇ ਵੀ ਹੁੰਦਾ ਹੈ। ਰਾਜਸਥਾਨ ਤੋਂ ਚਾਰੇ ਅਤੇ ਪਾਣੀ ਦੀ ਘਾਟ ਕਾਰਨ ਪਸ਼ੂਆਂ ਦੇ ਮਰਨ ਦੀਆਂ ਖ਼ਬਰਾਂ ਵੀ ਆ ਰਹੀਆਂ ਹਨ। 2022 ਵਿੱਚ ਪਾਣੀ ਦੀ ਘਾਟ ਅਤੇ ਤਾਪਮਾਨ ਦੇ ਵਾਧੇ ਕਾਰਨ ਅਨੇਕਾਂ ਪੰਛੀ ਮਰ ਗਏ ਸਨ।

ਤਾਪਮਾਨ ਦਾ ਵਾਧਾ ਫ਼ਸਲਾਂ, ਫਲਾਂ, ਸਬਜ਼ੀਆਂ ਆਦਿ ਉੱਤੇ ਵੀ ਅਸਰ ਕਰਦਾ ਹੈ। ਮਹਾਰਾਸ਼ਟਰ ਦੇ ਕੁਝ ਖੇਤਰਾਂ ਵਿੱਚ ਸੋਕੇ ਦੇ ਹਾਲਤ ਪੈਦਾ ਹੋ ਗਏ ਹਨ। ਪਹਾੜੀ ਖੇਤਰਾਂ ਵਿੱਚ ਸੇਬਾਂ ਦੀ ਪੈਦਾਵਾਰ ਉੱਤੇ ਵੀ ਅਸਰ ਪੈ ਰਿਹਾ ਹੈ। 2021-22 ਵਿੱਚ ਆਈ ਇੰਟਰਗਵਰਨਮੈਂਟਲ ਪੈਨਲ ਔਨ ਕਲਾਈਮੇਟ ਚੇਂਜ ਦੀ ਛੇਵੀਂ ਰਿਪੋਰਟ ਅਨੁਸਾਰ ਤਾਪਮਾਨ ਵਿੱਚ 1 ਡਿਗਰੀ ਸੈਲਸੀਅਸ ਦੇ ਵਾਧੇ ਨਾਲ ਮੱਕੀ ਦੇ ਉਤਪਾਦਨ ਵਿੱਚ 25 ਤੋਂ 70 ਫ਼ੀਸਦ ਅਤੇ ਚੌਲਾਂ ਦੇ ਉਤਪਾਦਨ ਵਿੱਚ 10 ਤੋਂ 30 ਫ਼ੀਸਦ ਕਮੀ ਆ ਸਕਦੀ ਹੈ। ਨਤੀਜੇ ਵਜੋਂ ਘੱਟ ਪੈਦਾਵਰ ਹੋਣ ਨਾਲ ਕਿਸਾਨਾਂ ਦੀ ਆਮਦਨੀ ਘਟੇਗੀ ਅਤੇ ਅਨਾਜ ਦੀ ਥੁੜ੍ਹ ਪੈਦਾ ਹੋ ਜਾਵੇਗੀ। ਅਨਾਜਾਂ ਦੀ ਥੁੜ੍ਹ ਕਾਰਨ ਮਹਿੰਗਾਈ ਵਧੇਗੀ। ਅਨਾਜ ਗ਼ਰੀਬਾਂ ਦੀ ਪਹੁੰਚ ਤੋਂ ਬਾਹਰ ਹੋ ਜਾਣਗੇ ਜਿਸ ਨਾਲ ਕੁਪੋਸ਼ਣ ਵਧੇਗਾ ਅਤੇ ਭੁੱਖਮਰੀ ਨਾਲ ਹੋਣ ਵਾਲੀਆਂ ਮੌਤਾਂ ਵਿੱਚ ਵਾਧਾ ਹੋ ਜਾਵੇਗਾ।

ਤਾਪਮਾਨ ਵਿੱਚ ਵਾਧੇ ਨਾਲ ਹਿਮਾਲਿਆ ਵਿਚਲੇ ਗਲੇਸ਼ੀਅਰ ਤੇਜ਼ੀ ਨਾਲ ਪਿਘਲਣ ਲੱਗ ਜਾਣਗੇ ਜਿਸ ਕਾਰਨ ਗਲੇਸ਼ੀਅਰ ਝੀਲਾਂ ਦੇ ਆਕਾਰ ਵਿੱਚ ਤੇਜ਼ੀ ਨਾਲ ਵਾਧਾ ਹੋਣ ਕਾਰਨ ਉਨ੍ਹਾਂ ਦੇ ਫਟਣ ਦਾ ਖ਼ਤਰਾ ਵਧੇਗਾ। ਦਿ ਇੰਡੀਅਨ ਸਪੇਸ ਰਿਸਰਚ ਔਰਗਨਾਈਜ਼ੇਸ਼ਨ ਦੀ ਇੱਕ ਖੋਜ ਅਨੁਸਾਰ ਹਿਮਾਲੀਆ ਵਿਚਲੀਆਂ ਚਾਰ ਵਿੱਚੋਂ ਇੱਕ ਗਲੇਸ਼ੀਅਰ ਝੀਲਾਂ ਦਾ ਆਕਾਰ 10 ਹੈਕਟੇਅਰ ਤੋਂ ਵੱਧ ਹੈ। ਇਨ੍ਹਾਂ ਵੱਡੀਆਂ ਝੀਲਾਂ ਵਿੱਚੋਂ ਲਗਭਗ 89 ਫ਼ੀਸਦ ਦਾ ਆਕਾਰ 1984 ਤੋਂ ਬਾਅਦ ਦੋਗੁਣਾ ਹੋ ਗਿਆ ਹੈ। ਇਹ ਝੀਲਾਂ ਕਿਸੇ ਵੀ ਸਮੇਂ ਫਟ ਸਕਦੀਆਂ ਹਨ ਜੋ ਪਹਾੜੀ ਖੇਤਰਾਂ ਦੇ ਨਾਲ ਨਾਲ ਮੈਦਾਨੀ ਖੇਤਰਾਂ ਵਿੱਚ ਭਾਰੀ ਹੜ੍ਹ ਲਿਆ ਸਕਦੀਆਂ ਹਨ। ਅਕਤੂਬਰ 2023 ਵਿੱਚ ਸਿੱਕਮ ਵਿੱਚ ਲੋਹਨੈੱਕ ਗਲੇਸ਼ੀਅਰ ਝੀਲ ਫੱਟ ਗਈ ਸੀ ਜਿਸ ਕਾਰਨ ਭਿਆਨਕ ਹੜ੍ਹ ਆਏ ਸਨ ਅਤੇ ਕਾਫ਼ੀ ਜ਼ਿਆਦਾ ਜਾਨੀ ਅਤੇ ਮਾਲੀ ਨੁਕਸਾਨ ਹੋਇਆ ਸੀ।

ਤਾਪਮਾਨ ਦੇ ਵਾਧੇ ਅਤੇ ਗਰਮ ਲਹਿਰਾਂ ਤੋਂ ਨਿਜਾਤ ਪਾਉਣ ਲਈ ਕੇਂਦਰ ਸਰਕਾਰ ਅਤੇ ਵੱਖ-ਵੱਖ ਰਾਜਾਂ ਦੀਆਂ ਸਰਕਾਰਾਂ ਨੂੰ ਫੌਰੀ ਯਤਨਾਂ ਦੇ ਨਾਲ ਨਾਲ ਯੋਜਨਾਵਾਂ ਬਣਾ ਕੇ ਆਉਣ ਵਾਲੇ ਸਮੇਂ ਲਈ ਵੀ ਤੇਜ਼ੀ ਨਾਲ ਉਪਰਾਲੇ ਕਰਨੇ ਚਾਹੀਦੇ ਹਨ। ਇਸ ਲਈ ਆਵਾਜਾਈ ਦੇ ਸਾਧਨਾਂ, ਰਹਿਣ-ਸਹਿਣ ਦੇ ਤੌਰ-ਤਰੀਕਿਆਂ, ਖਾਣ-ਪੀਣ ਦੀਆਂ ਆਦਤਾਂ ਆਦਿ ਦੇ ਬਦਲਣ ਦੇ ਨਾਲ ਨਾਲ ਇਮਾਰਤਾਂ ਦੀ ਉਸਾਰੀ ਲਈ ਵਰਤੀ ਜਾ ਰਹੀ ਸਮੱਗਰੀ ਵੀ ਸਥਾਨਕ ਖੇਤਰਾਂ ਦੇ ਅਨੁਸਾਰ ਲਗਾਉਣੀ ਚਾਹੀਦੀ ਹੈ। ਆਵਾਜਾਈ ਦੇ ਸਾਧਨਾਂ ਤੋਂ ਪੈਦਾ ਹੋ ਰਹੀਆਂ ਗਰੀਨਹਾਊਸ ਗੈਸਾਂ ਦੀ ਨਿਕਾਸੀ ਘਟਾਉਣ ਲਈ ਨਿੱਜੀ ਵਾਹਨਾਂ ਦੀ ਥਾਂ ਉੱਤੇ ਜਨਤਕ ਆਵਾਜਾਈ ਦੇ ਸਾਧਨਾਂ ਵਿੱਚ ਤੇਜ਼ੀ ਨਾਲ ਤਬਦੀਲੀਆਂ ਕਰ ਕੇ ਲੋਕਾਂ ਅਤੇ ਸਮੇਂ ਦੇ ਹਾਣ ਦੀ ਬਣਾਉਣ ਦੀ ਜ਼ਰੂਰਤ ਹੈ। ਦੇਸ ਵਿੱਚ ਜੰਗਲਾਂ ਥੱਲੇ ਰਕਬੇ ਨੂੰ ਵਧਾਉਣ ਦੇ ਨਾਲ ਨਾਲ ਸੰਘਣੇ ਜੰਗਲਾਂ ਦੀ ਕਟਾਈ ਉੱਤੇ ਪੂਰਨ ਤੌਰ ਉੱਤੇ ਰੋਕ ਲਗਾਉਣੀ ਚਾਹੀਦੀ ਹੈ। ਹਰ ਖੇਤਰ ਵਿੱਚ ਵਪਾਰਕ ਤੌਰ ਉੱਤੇ ਫ਼ਾਇਦੇਮੰਦ ਅਤੇ ਸਜਾਵਟੀ ਦਰਖ਼ਤਾਂ ਦੀ ਥਾਂ ਉੱਤੇ ਸਥਾਨਕ ਦਰਖਤ ਤਰਜੀਹੀ ਤੌਰ ਉੱਤੇ ਲਗਾਉਣੇ ਚਾਹੀਦੇ ਹਨ। ਦੇਸ ਦੇ ਪਹਾੜੀ ਰਾਜਾਂ ਵਿੱਚ ਤਾਪਮਾਨ ਦੂਜੇ ਖੇਤਰਾਂ ਨਾਲੋਂ ਜ਼ਿਆਦਾ ਤੇਜ਼ੀ ਨਾਲ ਵਧ ਰਿਹਾ ਹੈ ਜਿਸ ਕਾਰਨ ਗਲੇਸ਼ੀਅਰ ਤੇਜ਼ੀ ਨਾਲ ਪਿਘਲ ਰਹੇ ਹਨ। ਇਸ ਲਈ ਪਹਾੜੀ ਰਾਜਾਂ ਵਿੱਚ ਗ਼ੈਰ-ਜ਼ਰੂਰੀ ਉਸਾਰੀਆਂ (ਚੌੜੀਆਂ ਸੜਕਾਂ, ਹੋਟਲਾਂ ਆਦਿ) ਉੱਤੇ ਪਾਬੰਦੀ ਲਗਾਉਣੀ ਚਾਹੀਦੀ ਹੈ।

ਨਦੀਆਂ ਉੱਤੇ ਬਹੁ-ਮੁੱਖੀ ਪਰਿਯੋਜਨਾਵਾਂ ਦੀ ਉਸਾਰੀ ਵੀ ਪਹਾੜੀ ਖੇਤਰਾਂ ਦੀ ਸਮਰੱਥਾ ਅਨੁਸਾਰ ਹੋਣੀ ਚਾਹੀਦੀ ਹੈ। ਤੱਟਵਰਤੀ ਖੇਤਰਾਂ ਨੂੰ ਤਾਪਮਾਨ ਦੇ ਵਾਧੇ ਦੀ ਮਾਰ ਤੋਂ ਬਚਾਉਣ ਲਈ ਉਨ੍ਹਾਂ ਖੇਤਰਾਂ ਦੀਆਂ ਰਾਜ ਸਰਕਾਰਾਂ ਨੂੰ ਚਾਹੀਦਾ ਹੈ ਕਿ ਤੱਟਵਰਤੀ ਖੇਤਰਾਂ ਵਿਚਲੀ ਬਨਸਪਤੀ ਨੂੰ ਉਚੇਰੇ ਤੌਰ ਉੱਤੇ ਬਚਾਇਆ ਜਾਵੇ ਕਿਉਂਕਿ ਉਹ ਕੁਦਰਤੀ ਆਫ਼ਤ-ਨਿਰੋਧਕ ਹੁੰਦੇ ਹਨ ਜੋ ਇਨ੍ਹਾਂ ਖੇਤਰਾਂ ਨੂੰ ਅਤੇ ਇੱਥੇ ਵੱਸੇ ਲੋਕਾਂ ਨੂੰ ਕੁਦਰਤੀ ਆਫ਼ਤਾਂ ਤੋਂ ਬਚਾਉਂਦੇ ਹਨ। ਦੇਸ ਦੇ ਹਰ ਖੇਤਰ ਵਿੱਚ ਸ਼ੀਸ਼ੇ ਅਤੇ ਕੰਕਰੀਟ ਦੀਆਂ ਇਮਾਰਤਾਂ ਬਣਾਉਣ ਦੀ ਥਾਂ ਉੱਤੇ ਸਥਾਨਕ ਤਕਨੀਕ ਅਤੇ ਲੋੜਾਂ ਦੇ ਅਨੁਸਾਰ ਹੀ ਇਮਾਰਤਾਂ ਬਣਾਉਣੀਆਂ ਚਾਹੀਦੀਆਂ ਹਨ। ਕੇਂਦਰ ਸਰਕਾਰ ਨੂੰ ਅੰਤਰਰਾਸ਼ਟਰੀ ਪੱਧਰ ਉੱਤੇ ਵੀ ਗਰੀਨਹਾਊਸ ਗੈਸਾਂ ਦੀ ਨਿਕਾਸੀ ਨੂੰ ਘੱਟ ਕਰਨ ਲਈ ਕੀਤੇ ਵਾਅਦਿਆਂ ਨੂੰ ਪੂਰਾ ਕਰਨ ਦੇ ਭਰਪੂਰ ਉਪਰਾਲੇ ਕਰਨੇ ਚਾਹੀਦੇ ਹਨ ਅਤੇ ਆਪਣੀ ਬਣਦੀ ਜ਼ਿੰਮੇਵਾਰ ਨਿਭਾਉਣੀ ਚਾਹੀਦੀ ਹੈ।

## ਲੋਕ ਸਾਹਿਤ ਸੰਗਮ ਦੀ ਸਾਹਿਤਕ ਬੈਠਕ ਵਿਚ ਗਰਮ ਫ਼ਿਜ਼ਾ 'ਚ ਸਕੂਨ ਦਾ ਅਹਿਸਾਸ

**ਰਾਜਪੁਰਾ (ਡਾ ਗੁਰਵਿੰਦਰ ਅਮਨ)**- ਲੋਕ ਸਾਹਿਤ ਸੰਗਮ ਦੀ ਬੈਠਕ ਰੋਟਰੀ ਭਵਨ ਰਾਜਪੁਰਾ ਦੇ ਮੀਟਿੰਗ ਹਾਲ ਵਿਚ ਡਾ ਗੁਰਵਿੰਦਰ ਅਮਨ ਦੀ ਪ੍ਰਧਾਨਗੀ ਹੇਠ ਹੋਈ। ਸਭਾ ਦਾ ਆਗਾਜ਼ ਲੋਕ ਕਵੀ ਕਰਮ ਸਿੰਘ ਹਕੀਰ ਨੇ ਵਿਦੇਸ਼ਾ ਵਿਚ ਚਲੇ ਗਏ ਬੱਚਿਆਂ ਦਾ ਸੰਤਾਪ ਭੋਗ ਰਹੇ ਮਾਪਿਆਂ ਦਾ ਦੁੱਖ ਜ਼ਾਹਿਰ ਕਰਦਿਆਂ ਕਿਹਾ ' ਤੇਰੇ ਵਾਪਿਸ ਆਉਂਦਿਆਂ ਤਿਕ ਪੁੱਤਰਾ, ਮੈਂ ਹੋਣਾਂ ਕਿ ਨਹੀਂ ਹੋਣਾ ਵੇ ',ਸੁਣਾਕੇ ਕੀਤਾ। ਪੰਜਾਬੀ ਯੂਨੀਵਰਸਿਟੀ ਦੇ ਵਿਦਿਆਰਥੀ ਹਰਸੁਬੇਗ ਸਿੰਘ ਨੇ 'ਕੀਤੇ ਵਾਂਗ ਪਾਣੀ ਕੀਤੇ ਵਾਂਙ ਬਰਫ਼ ' ਸੁਣਾਕੇ ਰੰਗ ਬੰਨਿਆ। ਗਗਨਦੀਪ ਸਿੰਘ ਨੇ ਆਪਣੀ ਕਵਿਤਾ ਨਾਲ ਸਾਂਝ ਕੀਤੀ। ਸ਼ਰਤ ਚੰਦਰ ਭਾਵੁਕ ਨੇ ਕਿਹਾ 'ਜਿਨਕਾ ਤਨ ਭਾਰੀ ਹੋਤਾ ਹੈ, ਮਨ ਉਨਕਾ ਭੀ ਉੱਡਤਾ ਹੈ। ਗੀਤਕਾਰ ਸੁਰਿੰਦਰ ਸਿੰਘ ਸੋਹਣਾ "ਰਾਜੇਮਾਜਰੀਆ 'ਨੇ ਟੀਵੀ ਨੇ ਸਿਆਣੇ ਕੀ ਨਿਆਣੇ ਸਾਰੇ ਪੁੱਟ ਤੇ, ਗਿਆਰਾਂ ਵਜੇ ਸੋਂਦੇ ਤੇ ਸਤਾਰਾਂ ਵਜੇ ਉੱਠਦੇ "। ਸੂਫ਼ੀ ਗਾਇਕਾ ਸੁਰਿੰਦਰ ਕੌਰ ਬਾੜਾ ਨੇ ' ਪੱਥਰਾਂ ਦੇ ਸ਼ਹਿਰ ਵਿਚ, ਜਾਵਾਂ ਤਾਂ ਕਿਸ ਤਰ੍ਹਾਂ '। ਪ੍ਰਸਿੱਧ ਗ਼ਜ਼ਲਗੋ ਅਵਤਾਰ ਪੁਆਰ ' ਕੀ ਕੀ ਦਸਾਂ ਸਾਰਾਂ ਮੇਰੇ ਦੇਸ਼ ਦੀਆਂ ,ਸੁਣ ਲਓ ਕੋਈ ਪੁਕਾਰਾਂ ਮੇਰੇ ਦੇਸ਼ ਦੀਆਂ' ਬਹੁਤ ਵਧੀਆ ਸੀ ਅਤੇ ਸਭਾ ਦੀ ਕਾਰਵਾਈ ਨੂੰ ਬਾਖੂਬੀ ਚਲਾਇਆਂ। ਸਭਾ ਦੇ ਪ੍ਰਧਾਨ ਡਾ ਗੁਰਵਿੰਦਰ ਅਮਨ ਨੇ ਕਵਿਤਾ 'ਪਰਵਾਜ਼ ' ਅਤੇ ਮਿੰਨੀ ਕਹਾਣੀ 'ਅਧਿਕਾਰ" ਸੁਣਾਕੇ ਅਜੋਕੀ ਸਮਾਜਿਕ ਪ੍ਰਣਾਲੀ ਤੇ ਕਟਾਕਸ਼ ਕੀਤਾ। ਉਨ੍ਹਾਂ ਕਿਹਾ ਨੌਜਵਾਨ ਲੇਖਕਾਂ ਨੂੰ ਲੇਖਕ ਸਭਾਵਾਂ ਸਕੂਲਿੰਗ ਦਾ ਕੰਮ ਕਰਦੀਆਂ ਹਨ। ਸਭਾਵਾਂ ਵਿਚ ਹਰ ਲੇਖਕ ਕੁੱਝ ਨਾ ਕੁੱਝ ਸਿੱਖਕੇ ਹੀ ਜਾਂਦਾ ਹੈ। ਇਸ ਮੌਕੇ ਸਾਰੇ ਲੇਖਕਾਂ ਦਾ ਧੰਨਵਾਦ ਵੀ ਕੀਤਾ ਗਿਆ।






ਲੋਕ ਸਭਾ ਉਮੀਦਵਾਰ ਸ਼੍ਰੀ ਅਨੰਦਪੁਰ ਸਾਹਿਬ ਤੋਂ ਉਮੀਦਵਾਰ ਤੇ ਬਸਪਾ ਦੇ ਸੂਬਾ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਵੋਟ ਪਾਉਣ ਤੋਂ ਬਾਅਦ ਆਪਣੇ ਪਰਿਵਾਰ ਨਾਲ ਯਾਦਗਾਰੀ ਫੋਟੋ ਕਰਵਾਉਂਦੇ ਹੋਏ।

**ਫਗਵਾੜਾ - ਫੋਟੋ ਤੇ ਵੇਰਵੇ ਬੀ. ਕੇ. ਰੱਤੂ**

# ਬਾਬੂ ਮੰਗੂ ਰਾਮ ਮੂਗੋਵਾਲੀਆ ਅਤੇ ਆਦਿ ਧਰਮ ਅੰਦੋਲਨ



ਫਤਿਹਜੰਗ ਸਿੰਘ
ਸਾਬਕਾ ਸੰਯੁਕਤ ਡਾਇਰੈਕਟਰ, ਪੰਜਾਬ
91-98726-70278

ਡਾ. ਅੰਬੇਡਕਰ ਨੇ ਕਿਹਾ ਸੀ ਕਿ ''ਸਾਡੇ ਸਮਾਜ ਦੇ ਦੋ ਮੁੱਖ ਭਾਗ ਰਹੇ ਹਨ। ਇਕ ਰਾਜ ਕਰਨ ਵਾਲਿਆਂ ਦਾ ਹੈ ਤੇ ਦੂਜਾ ਉਹਨਾਂ ਦੀ ਪਰਜਾ ਦਾ। ਸਦੀਆਂ ਤੋਂ ਇਹ ਵਿਵਸਥਾ ਚਲੀ ਆ ਰਹੀਹੈ ਪਰ ਇਹ ਸਦੀਵੀ ਨਹੀਂ ਰਹਿਣੀ ਚਾਹੀਦੀ।'' ਇਸ ਅਵਸਥਾ ਨੂੰ ਬਦਲਣ ਲਈ ਹੀ ਬਾਬਾ ਸਾਹਿਬ ਨੇ ਤਾ-ਉਮਰ ਸੰਘਰਸ਼ ਕੀਤਾ। ਰਾਜ ਕਰਨ ਵਾਲੀ ਸ਼੍ਰੇਣੀ ਨੇ ਆਪਣੇ ਨਿਜੀ ਘਟੀਆ ਸਵਾਰਥਾਂ ਕਾਰਨ ਸਮਾਜ ਦੇ ਇਕ ਵੱਡੇ ਹਿੱਸੇ ਨੂੰ ਜਾਤਪਾਤ ਤੇ ਊਚ-ਨੀਚ ਦੀਆਂ ਵੰਡੀਆਂ ਪਾ ਕੇ ਲੀਰੋ ਲੀਰ ਕਰੀ ਰੱਖਿਆ, ਜਿਸ ਕਰਕੇ ਕੁਦਰਤੀ ਸਾਧਨਾਂ ਵਿਚ ਸਰਵ ਸੰਪੰਨ ਇਹ ਦੇਸ਼ ਕਮਜ਼ੋਰ ਤੇ ਗਰੀਬ ਹੀ ਬਣਿਆ ਰਿਹਾ। ਸਦੀਆਂ ਤੱਕ ਸਮਾਜ ਦੇ ਇਸ ਹਿੱਸੇ ਨੂੰ ਸ਼ੂਦਰ ਦਾ ਨਾਂ ਦੇ ਕੇ ਰੱਬ ਅਤੇ ਧਰਮ ਦੇ ਅੰਧ ਵਿਸ਼ਵਾਸੀ ਕਰੂਰ ਡੰਡੇ ਦੇ ਜ਼ੋਰ ਨਾਲ ਅਜਿਹਾ ਲੁੱਟਿਆ ਅਤੇ ਨਿਚੋੜਿਆ ਗਿਆ ਕਿ ਇਸਦੇ ਵਾਸੀ ਭੁੱਲ ਹੀ ਗਏ ਕਿ ਉਹ ਵੀ ਮਨੁੱਖ ਹੀ ਹਨ। ਮਨੁੱਖਾਂ ਦੇ ਅਧਿਕਾਰ ਦੀ ਗੱਲ ਸੋਚਣੀ ਤਾਂ ਬਹੁਤ ਦੂਰ ਵੀ ਗੱਲ ਸੀ। ਅਜਿਹੀ ਹਾਲਤ ਦੇ ਝੰਬੇ ਸਮਾਜ ਦੇ ਲੋਕਾਂ ਨੂੰ ਅੱਜ ਵੀ ਆਜ਼ਾਦੀ ਤੇ ਲੋਕਰਾਜ ਸਥਾਪਤੀ ਦੀ ਲਗਭਗ ਪੌਣੀ ਸਦੀ ਆਜ਼ਾਦੀ ਜਾਂ ਮਨੁੱਖੀ ਅਧਿਕਾਰਾਂ ਦਾ ਪੂਰਨ ਅਹਿਸਾਸ ਕਰਵਾਉਣ ਵਿਚ ਅਸਫਲ ਰਹੀ ਹੈ। ਅਜਿਹੀ ਵਿਵਸਥਾ ਦੀਆਂ ਸਥਾਪਤ ਕੀਤੀਆਂ ਗਲਤ ਕਦਰਾਂ ਕੀਮਤਾਂ ਦੇ ਖਿਲਾਫ ਜਦੋਂ ਬਾਬਾ ਸਾਹਿਬ ਸਾਰੇ ਦੇਸ਼ ਵਿਚ ਆਪਣੇ ਘੋਲ ਦੀਆਂ ਜੜ੍ਹਾਂ ਫੈਲਾ ਰਹੇ ਸਨ ਤਾਂ ਉਹਨਾਂ ਦੇ ਹੀ ਸਮਕਾਲੀ ਬਾਬੂ ਮੰਗੂ ਰਾਮ ਮੂਗੋਵਾਲੀਆ ਪੰਜਾਬ ਵਿਚ ਆਪਣੇ ਆਦਿ ਧਰਮ ਅੰਦੋਲਨ ਦੇ ਜ਼ਰੀਏ ਇਸ ਵਿਵਸਥਾ ਵਿਰੁੱਧ ਜੰਗ ਲੜ ਰਹੇ ਸਨ। ਉਹਨਾਂ ਨੇ ਬਾਬੂ ਸਾਹਿਬ ਦੇ ਘੋਲ ਦਾ ਸਮਰਥਨ ਕੀਤਾ ਤੇ ਸਮੇਂ-ਸਮੇਂ 'ਤੇ ਡਟਕੇ ਪੂਰਾ ਸਹਿਯੋਗ ਵੀ ਦਿੱਤਾ। ਇਹ ਉਹਨਾਂ ਵੱਲੋਂ ਤਿਆਰ ਕੀਤੀ ਹੋਈ ਜ਼ਮੀਨ ਹੀ ਸੀ, ਜਿਸ ਵਿਚ ਬਾਬਾ ਸਾਹਿਬ ਦਾ ਅੰਦੋਲਨ ਪੰਜਾਬ ਵਿਚ ਠਾਠਾਂ ਮਾਰ ਵਧਣ ਲੱਗਾ ਸੀ।

ਇਸ ਸੰਘਰਸ਼ਸ਼ੀਲ ਸ਼ਖਸੀਅਤ ਬਾਬੂ ਮੰਗੂ ਰਾਮ ਮੂਗੋਵਾਲੀਆ ਨੇ 14 ਜਨਵਰੀ 1886 ਨੂੰ ਮੂਗੋਵਾਲ (ਹੁਸ਼ਿਆਰਪੁਰ) ਵਿਚ ਸ੍ਰੀ ਹਰਨਾਮ ਦਾਸ ਇਕ ਦਲਿਤ ਦੇ ਘਰ ਜਨਮ ਲਿਆ। ਪੰਜਾਬ ਉਤੇ ਅੰਗਰੇਜ਼ਾਂ ਦਾ ਕਬਜ਼ਾ ਬਾਕੀ ਦੇਸ਼ ਨਾਲੋਂ ਬਹੁਤ ਦੇਰ ਬਾਅਦ ਹੋਇਆ ਸੀ। ਅੰਗਰੇਜ਼ਾਂ ਦੇ ਆਉਣ ਨਾਲ ਜੋ ਵਿਦਿਆ ਸਦੀਆਂ ਤੱਕ ਅਛੂਤ ਸਮਾਜ ਤੋਂ ਦੂਰ ਰਹੀ, ਉਹ ਅੰਗਰੇਜ਼ਾਂ ਕਾਰਨ ਸ਼ੁਰੂ ਤਾਂ ਹੋ ਗਈ ਪਰ ਛੂਤਛਾਤ ਦਾ ਪਰਛਾਵਾਂ ਸਕੂਲਾਂ ਤੇ ਵੀ ਬੁਰੀ ਤਰ੍ਹਾਂ ਛਾਇਆ ਹੋਇਆ ਸੀ। ਬੁਰੇ ਵਿਵਹਾਰ ਦੇ ਹੁੰਦਿਆਂ ਵੀ ਬਾਬੂ ਮੰਗੂ ਰਾਮ ਵਰਗੇ ਵਿਰਲੇ ਟਾਂਵੇ ਸਕੂਲਾਂ ਵਿਚ ਦਾਖਲ ਹੋ ਹੀ ਰਹੇ ਸਨ। ਛੂਤਛਾਤ ਦਾ ਇਹ ਹਾਲ ਸੀ ਕਿ ਬਾਬੂ ਜੀ ਆਪਣਾ ਵੱਖਰਾ ਟਾਟ ਅਤੇ ਇਕ ਛਤਰੀ ਨਾਲ ਲੈ ਕੇ ਜਾਂਦੇ ਸਨ। ਗਰਮੀਆਂ ਵਿਚ ਬਾਕੀ ਵਿਦਿਆਰਥੀ ਛਾਵੇਂ ਬੈਠੇ ਹੁੰਦੇ ਪਰ ਬਾਬੂ ਮੰਗੂ ਰਾਮ ਧੁੱਪ ਵਿਚ ਆਪਣੀ ਛਤਰੀ ਲੈ ਕੇ ਬੈਠਣ ਲਈ ਮਜਬੂਰ ਹੁੰਦੇ। ਸਰਦੀਆਂ ਵਿਚ ਬਾਕੀ ਧੁੱਪ ਵਿਚ ਬੈਠਦੇ ਤਾਂ ਇਹਨਾਂ ਨੂੰ ਛਾਂ ਵਿਚ ਗਰਮ ਕੱਪੜਿਆਂ ਦੀ ਅਣਹੋਂਦ ਕਾਰਨ ਠੁਰ ਠੁਰ ਕਰਦਿਆਂ ਪੜ੍ਹਨਾ ਪੈਂਦਾ। ਫਿਰ ਇਕ ਦਿਨ ਤਾਂ ਇੰਤਹਾ ਹੀ ਹੋ ਗਈ ਜਦੋਂ ਤੂਫਾਨ ਤੇ ਗੜ੍ਹਿਆਂ ਕਾਰਨ ਛਤਰੀ ਟੁੱਟ ਗਈ। ਇਹ ਦੌੜ ਕੇ ਕਮਰੇ ਅੰਦਰ ਮਨਾਹੀ ਦੇ ਬਾਵਜੂਦ ਵੀ ਜਾ ਵੜੇ। ਮਾਸਟਰ ਨੇ ਇਸ ਅਵੱਗਿਆ ਕਾਰਨ ਬਹੁਤ ਬੁਰੀ ਤਰ੍ਹਾਂ ਕੁੱਟਿਆ ਤੇ ਨਾਲ ਹੀ ਆਖ ਰਿਹਾ ਸੀ ਕਿ ਜੇ ਇਹ ਚਮਾਰ-ਚੂਹੜੇ ਪੜ੍ਹਨ ਲੱਗ ਪਏ ਤਾਂ ਸਾਡੀਆਂ ਬੁੱਤੀਆਂ ਕੌਣ ਕਰੇਗਾ? ਅਗਲੇ ਦਿਨ ਸਾਰੇ ਕਮਰੇ ਨੂੰ ਗੰਗਾਜਲ ਨਾਲ ਪਵਿੱਤਰ ਕੀਤਾ ਗਿਆ। ਬਾਬੂ ਮੰਗੂ ਰਾਮ ਦੇ ਦਿਲ 'ਤੇ ਗਹਿਰੀ ਸੱਟ ਲੱਗੀ। ਸਕੂਲ ਜਾਣਾ ਬੰਦ ਕਰ ਦਿੱਤਾ ਤੇ ਨਿਰਾਸ਼ ਰਹਿਣ ਲੱਗ ਪਏ।

ਉਹਨਾਂ ਦਿਨਾਂ ਵਿਚ ਬਾਹਰ ਜਾਣ ਲਈ ਪਾਸਪੋਰਟ ਜਾਂ ਵੀਜ਼ੇ ਦੀ ਲੋੜ ਨਹੀਂ ਸੀ ਹੁੰਦੀ। ਰੁਜ਼ਗਾਰ ਲਈ ਲੋਕੀ ਦੂਰ-ਦੂਰ ਤੱਕ ਦੂਜੇ ਦੇਸ਼ਾਂ ਵਿਚ ਚਲੇ ਜਾਂਦੇ ਸਨ। ਬਾਬੂ ਜੀ ਵੀ 1909 ਵਿਚ ਅਮਰੀਕਾ ਚਲੇ ਗਏ। ਉਥੇ ਲਾਲਾ ਹਰਦਿਆਲ ਨਾਲ ਮੇਲ ਹੋਇਆ ਤਾਂ ਉਹਨਾਂ ਦੀ ਗਦਰ ਪਾਰਟੀ ਲਈ ਕੰਮ ਕਰਦੇ ਰਹੇ। ਉਥੋਂ ਦੇ ਜਾਤਪਾਤ ਰਹਿਤ ਸਮਾਜ ਤੋਂ ਉਹ ਬਹੁਤ ਪ੍ਰਭਾਵਿਤ ਹੋਏ। ਫਿਰ 1915 ਵਿਚ ਲਾਲਾ ਹਰਦਿਆਲ ਤੇ ਸੋਹਨ ਸਿੰਘ ਭਕਨਾ ਦੀ ਸਲਾਹ ਨਾਲ ਆਜ਼ਾਦੀ ਦੀ ਜੰਗ ਤੇਜ਼ ਕਰਨ ਲਈ ਉਹ ਚਾਰ ਸਾਥੀਆਂ ਸਮੇਤ ਜਹਾਜ਼ ਵਿਚ ਹਥਿਆਰ ਭਰ ਕੇ ਭਾਰਤ ਲਿਆ ਰਹੇ ਸਨ ਕਿ ਅਮਰੀਕਨਾਂ ਨੇ ਛਾਪਾ ਮਾਰ ਕੇ ਫੜ ਲਿਆ। ਮੌਤ ਦੀ ਸਜ਼ਾ ਹੋ ਗਈ ਪਰ ਰਾਜ ਬਿਹਾਰੀ ਬੋਸ ਅਤੇ ਕੁਝ ਜਰਮਨਾਂ ਦੀ ਮਦਦ ਨਾਲ ਜੇਲ੍ਹ ਵਿਚੋਂ ਭੱਜ ਨਿਕਲੇ। ਮਨੀਲਾ ਤੇ ਫਿਲਪਾਈਨ ਆਦਿ ਤੋਂ ਹੁੰਦੇ ਹੋਏ ਲੁਕਦੇ ਛਿਪਦੇ 1925 ਵਿਚ ਭਾਰਤ ਪੁੱਜ ਗਏ। ਇੱਥੇ ਜਾਤਪਾਤੀ ਵਿਤਕਰਾ ਜਿਉਂ ਦੀ ਤਿਉਂ ਵੇਖ ਕੇ ਉਹ ਹੋਰ ਉਦਾਸ ਹੋ ਗਏ। ਫਿਰ ਇਕ ਦਿਨ ਇਹਨਾਂ ਦੇ ਸਾਹਮਣੇ ਇਕ ਜ਼ਿੰਮੀਦਾਰ ਦੇ ਖੇਤ ਦੇ ਲਾਗਿਉਂ ਇਕ ਅਛੂਤ ਨੂੰ ਖਾਲ ਵਿਚੋਂ ਪੱਠੇ ਵੱਢਣ ਕਾਰਨ ਜ਼ਿੰਮੀਦਾਰ ਵੱਲੋਂ ਉਸਨੂੰ ਬਹੁਤ ਮਾਰ ਪਈ ਜੋ ਉਹਨਾਂ ਦਿਨਾਂ ਵਿਚ ਆਮ ਹੋ ਗਈ ਸੀ। ਬਾਬੂ ਜੀ ਦਾ ਦਿਲ ਸਹਾਰ ਨਾ ਸਕਿਆ। ਨਿਰਾਸ਼ਤਾ ਵਿਚ ਪੰਜਾਬ ਤਿਆਗ ਦਿੱਤਾ। ਲਾਲਾ ਹਰਦਿਆਲ ਨੂੰ ਲਿਖਿਆ ਕਿ ਜਦੋਂ ਤੱਕ ਸਮਾਜ ਵਿਚ ਛੂਤਛਾਤ ਦਾ ਬੋਲਬਾਲਾ ਰਹੇਗਾ ਦੇਸ਼ ਕਦੇ ਵੀ ਆਜ਼ਾਦ ਨਹੀਂ ਹੋ ਸਕੇਗਾ। ਫਿਰ ਬੰਬਈ, ਸਿਤਾਰਾ, ਪੂਨਾ, ਨਾਗਪੁਰ, ਮਦਰਾਸ, ਕਲਕੱਤਾ, ਮਥਰਾ, ਦੇਹਰਾਦੂਨ ਆਦਿ ਥਾਵਾਂ ਤੇ ਗਏ ਅਤੇ ਵੇਖਿਆ ਕਿ ਦੇਸ਼ ਦੇ ਕਈ ਹਿੱਸਿਆਂ ਵਿਚ ਅਛੂਤ ਉਧਾਰ ਦੇ ਅੰਦੋਲਨ ਚੱਲ ਰਹੇ ਹਨ। ਮਹਾਂਰਾਸ਼ਟਰ ਵਿਚ ਡਾ. ਅੰਬੇਡਕਰ ਦੀ 'ਬਹਿਸ਼ਕ੍ਰਿਤ ਹਿਤਕਾਰਨੀ ਸਭਾ'ਦੇ ਕੰਮ ਤੋਂ ਬਹੁਤ ਪ੍ਰਭਾਵਿਤ ਹੋਏ। ਸਭਾ ਵੱਲੋਂ ਅਛੂਤ ਵਿਦਿਆਰਥੀਆਂ ਲਈ ਇਕ ਹੋਸਟਲ ਚਲਾਇਆ ਜਾ ਰਿਹਾ ਸੀ, ਜਿਸ ਵਿਚ ਰਿਹਾਇਸ਼, ਖਾਣਾ ਤੇ ਕੱਪੜਾ ਮੁਫਤ ਦਿੱਤਾ ਜਾਂਦਾ ਸੀ। ਇਸ ਤੋਂ ਉਹ ਹੋਰ ਵੀ ਪ੍ਰਭਾਵਿਤ ਹੋ ਗਏ।

ਇਸ ਉਪਰੰਤ ਵਾਪਸ ਘਰ ਪਰਤ ਆਏ। ਪਿੰਡ ਪਿੰਡ ਘੁੰਮ ਕੇ ਅਛੂਤ ਉਧਾਰ ਦੇ ਪ੍ਰੋਗਰਾਮ ਸ਼ੁਰੂ ਕੀਤੇ। ਇਹਨਾਂ ਦੀ ਸਿਖਰ ਇਹ ਸੀ ਕਿ 11-12 ਜੂਨ 1926 ਨੂੰ ਸਾਰੀਆਂ ਅਛੂਤ ਜਾਤੀਆਂ ਨਾਲ ਸਬੰਧਤ ਲੋਕਾਂ ਦੀ ਇਕ ਬਹੁਤ ਵੱਡੀ ਕਾਨਫਰੰਸ ਪਿੰਡ ਮੂਗੋਵਾਲ (ਹੁਸ਼ਿਆਰਪੁਰ) ਵਿਚ ਸੱਦੀ ਗਈ। ਇਹ ਇਕ ਨਿਵੇਕਲਾ ਤੇ ਇਨਕਲਾਬੀ ਕਦਮ ਸੀ। ਇਸ ਵਿਚ ਹਿੰਦੂ ਧਰਮ ਦੇ ਜਾਤਪਾਤੀ ਵਿਤਕਰੇ ਤੋਂ ਛੁਟਕਾਰਾ ਪਾਉਣ ਲਈ ਇਕ ਵੱਖਰੇ ਧਰਮ 'ਆਦਿ ਧਰਮ' ਦੀ ਨੀਂਹ ਰੱਖੀ ਗਈ। ਸਾਰੀਆਂ ਅਛੂਤ ਜਾਤੀਆਂ ਨੂੰ ਪ੍ਰੇਰਿਤ ਕੀਤਾ ਗਿਆ ਕਿ ਉਹ ਆਪਣੇ ਹੋਰ ਧਰਮ ਭੁਲਾ ਕੇ ਇਸ ਇਕੋ ਧਰਮ ਨੂੰ ਅਪਣਾਉਣ ਅਤੇ ਆਪਸ ਵਿਚ ਭਰਾਤਰੀ ਪ੍ਰੇਮ ਭਾਵ ਪੈਦਾ ਕਰਨ। ਹਿੰਦੂ ਧਰਮ ਵੱਲੋਂ ਫੈਲਾਏ ਅੰਧ ਵਿਸ਼ਵਾਸ, ਫਜ਼ੂਲ ਦੇ ਰਸਮੋ-ਰਿਵਾਜ਼ ਅਤੇ ਵਹਿਮਾਂ ਭਰਮਾਂ ਨੂੰ ਤਿਲਾਂਜਲੀ ਦੇ ਕੇ ਸਾਦਾ ਤੇ ਸਹੀ ਸੋਚ ਵਾਲਾ ਜੀਵਨ ਬਤੀਤ ਕੀਤਾ ਜਾਵੇ। ਉਸ ਵਿਚ ਪਾਸ ਕੀਤੇ ਕੁੱਲ 25 ਮਤਿਆਂ ਦਾ ਨਿਚੋੜ ਇਸ ਤਰ੍ਹਾਂ ਸੀ:

ਆਦਿ ਧਰਮ ਮੰਡਲ ਦੀ ਸਥਾਪਨਾ ਹੋ ਚੁੱਕੀ ਹੈ,



BABA MANGU RAM MUGGOWALIA JI
14-01-1886 - 22-04-1980
FOUNDER: AD-Dharam Mandal, Punjab

ਜਿਸਦਾ ਗ੍ਰੰਥ 'ਆਦਿ ਪ੍ਰਕਾਸ਼', ਪਵਿੱਤਰ ਸ਼ਬਦ 'ਸੋਹੰ' ਹੈ। ਹੁਣ ਸਭ ਨੇ ਆਪਸ ਵਿਚ ਮਿਲਣ ਉਤੇ 'ਜੈ ਗੁਰਦੇਵ' ਹੀ ਕਹਿਣਾ ਹੈ। ਇਸਦਾ ਮੁੱਖ ਦਫਤਰ ਜਲੰਧਰ ਵਿਚ ਹੋਵੇਗਾ। ਇਸਦੇ ਬਾਨੀ ਵਾਲਮੀਕ ਜੀ, ਰਵਿਦਾਸ ਜੀ, ਕਬੀਰ ਜੀ, ਨਾਮਦੇਵ ਜੀ ਹਨ। ਆਦਿ-ਧਰਮ ਵਿਚ ਸਭ ਇਕਮੁੱਠ ਹੋ ਕੇ ਭੀੜ ਪੈਣ ਤੇ ਇਕ ਦੂਜੇ ਦੀ ਰੱਖਿਆ ਕਰਨਗੇ। ਜੋ ਗ੍ਰੰਥ ਅਤੇ ਸ਼ਾਸਤਰ ਅਛੂਤਾਂ ਨੂੰ ਗੁਲਾਮ ਦੱਸਦੇ ਹਨ, ਉਹਨਾਂ ਦਾ ਬਾਈਕਾਟ ਕੀਤਾ ਜਾਵੇਗਾ। ਅਛੂਤ ਬੱਚੇ ਘੱਟੋ-ਘੱਟ ਪ੍ਰਾਇਮਰੀ ਵਿੱਦਿਆ ਜ਼ਰੂਰ ਗ੍ਰਹਿਣ ਕਰਨਗੇ। ਗਰੀਬੀ ਕਾਰਨ ਕਿਉਂਕਿ ਮਾਪੇ ਪੜ੍ਹਾਉਣਦੇ ਸਮਰੱਥ ਨਹੀਂ ਹਨ, ਇਸ ਲਈ ਸਿੱਖਿਆ ਮੰਤਰੀ ਲਾਹੌਰ ਨੂੰ ਵਜੀਫਿਆਂ ਅਤੇ ਗਰਾਂਟਾਂ ਆਦਿ ਦਾ ਪ੍ਰਬੰਧ ਕਰਨ ਲਈ ਆਖਿਆ ਜਾਵੇਗਾ। ਇਸੇ ਤਰ੍ਹਾਂ ਸਰਕਾਰ ਨੂੰ ਕਿਹਾ ਜਾਵੇਗਾ ਕਿ ਖਾਲੀ ਜ਼ਮੀਨ ਅਛੂਤਾਂ ਵਿਚ ਵੰਡਣ ਅਤੇ ਰਈਅਤਨਾਮਾ (ਜਿਸਦੇ ਅਧੀਨ ਅਛੂਤ ਦੇ ਮਕਾਨ ਦੀ ਜ਼ਮੀਨ 'ਤੇ ਉਸਦੀ ਮਲਕੀਅਤ ਨਹੀਂ ਸੀ ਹੁੰਦੀ), ਖਤਮ ਕਰਕੇ ਅਛੂਤਾਂ ਨੂੰ ਆਪਣੇ ਮਕਾਨਾਂ ਦੇ ਮਾਲਕ ਬਣਾਇਆ ਜਾਵੇ। ਜਨਗਣਨਾ ਵਿਚ 'ਆਦਿ ਧਰਮ' ਨੂੰ ਵੱਖ ਧਰਮ ਲਿਖਿਆ ਜਾਵੇ। ਨੌਕਰੀਆਂ, ਵਿਧਾਨ ਸਭਾਵਾਂ, ਪੁਲਿਸ ਅਤੇ ਫੌਜ ਵਿਚ ਬਣਦੀ ਨੁਮਾਇੰਦਗੀ ਦਿੱਤੀ ਜਾਵੇ। ਅਛੂਤਾਂ ਨੂੰ ਦੂਜਿਆਂ ਦੇ ਬਰਾਬਰ ਲਿਆਉਣ ਤੱਕ ਦੇਸ਼ ਨੂੰ ਸਵਰਾਜ ਨਾ ਦਿੱਤਾ ਜਾਵੇ। 'ਦਇਆ ਨੰਦ ਦਲਿਤ ਉਧਾਰ ਮੰਡਲ', 'ਪਤਿਤ ਉਧਾਰ ਮੰਡਲ', 'ਅੰਤਜ ਉਧਾਰ ਮੰਡਲ', 'ਅਛੂਤ ਉਧਾਰ ਮੰਡਲ' ਆਦਿ ਅਸਲ ਵਿਚ ਅਛੂਤਾਂ ਦੇ ਉਧਾਰ ਲਈ ਨਹੀਂ ਹਨ ਸਗੋਂ ਉਹਨਾਂ ਨਾਲ ਧੋਖਾ ਹੈ, ਇਸ ਲਈ ਇਹਨਾਂ ਨੂੰ ਸਰਕਾਰ ਸਾਡੇ ਨੁਮਾਇੰਦੇ ਨਾ ਸਮਝੇ। ਉਚ ਜਾਤੀਆਂ ਵੱਲੋਂ ਅਛੂਤਾ ਦੇ ਲਾਲ ਰੰਗ ਪਹਿਨਣ ਉਤੇ ਲੱਗੀ ਪਾਬੰਦੀ ਉਠਾਈ ਜਾਵੇ। ਮਨੂੰ ਸਿਮਰਤੀ ਵਰਗੇ ਅਛੂਤਾਂ ਨੂੰ ਗੁਲਾਮ ਮੰਨਦੇ ਗ੍ਰੰਥਾਂ ਉਤੇ ਪਾਬੰਦੀ ਲਗਾਈ ਜਾਵੇ। ਬੇਗਾਰ ਬੰਦ ਕੀਤੀ ਜਾਵੇ। ਅਜਿਹਾ ਕਰਨ ਵਾਲੀ ਸਰਕਾਰ ਦੇ ਹੀ ਅਛੂਤ ਸ਼ੁਭਚਿੰਤਕ ਰਹਿਣਗੇ।

ਇੰਝ ਆਦਿ ਧਰਮ ਮੰਡਲ ਨੇ ਬਾਬੂ ਮੰਗੂ ਰਾਮ ਦੀ ਅਗਵਾਈ ਵਿਚ 11-12 ਜੂਨ 1926 ਨੂੰ ਇਹ ਇਕ ਇਨਕਲਾਬੀ ਕਦਮ ਚੁੱਕਿਆ, ਜਿਸ ਕਰਕੇ ਆਦਿ ਧਰਮ ਇਕ ਧਰਮ ਨਾ ਹੋ ਕੇ ਜ਼ਬਰਦਸਤ ਅੰਦੋਲਨ ਦੀ ਸ਼ੁਰੂਆਤ ਹੋ ਨਿਬੜਿਆ। ਅਛੂਤਾਂ ਵਿਚ ਇਕ ਨਵਾਂ ਜੋਸ਼, ਨਵੀਂ ਉਮੰਗ ਠਾਠਾਂ ਮਾਰਨ ਲੱਗੀ। ਜਿੱਥੇ ਵੀ ਜਾਂਦੇ ਜਾਂ ਮੋਰਚਾ ਲਾਉਂਦੇ ਲਾਲ ਪੱਗਾਂ ਦਾ ਹੜ੍ਹ ਜਿਹਾ ਆ ਜਾਂਦਾ। ਵਿਰੋਧੀ ਬੁਰੀ ਤਰ੍ਹਾਂ ਘਬਰਾ ਗਏ। ਅੰਦੋਲਨ ਦੇ ਪ੍ਰਚਾਰ ਪ੍ਰਸਾਰ ਲਈ ਇਕ ਪੰਜਾਬੀ ਅਤੇ ਉਰਦੂ ਵਿਚ ਹਫਤਾਵਾਰੀ ਅਖਬਾਰ 'ਆਦਿ ਡੰਕਾ' ਸ਼ੁਰੂ ਕੀਤਾ, ਜਿਸਨੇ ਅਛੂਤਾਂ ਵਿਚ ਇਕ ਨਵੀਂ ਹੀ ਸੋਚ ਭਰ ਦਿੱਤੀ। ਅਛੂਤਾਂ ਦੀ ਬਗਾਰ ਵਿਰੁੱਧ ਧਰਮਸ਼ਾਲਾ (ਹਿਮਾਚਲ) ਵਿਚ ਮੋਰਚਾ ਲਾਇਆ ਗਿਆ, ਜਿਸਦੇ ਫਲਸਰੂਪ ਬੇਗਾਰ ਬੰਦ ਹੋਈ ਅਤੇ ਮਜ਼ਦੂਰੀ ਇਕ ਆਨੇ ਤੋਂ ਡੇਢ ਰੁਪਿਆ ਕਰ ਦਿੱਤੀ ਗਈ।

ਬਾਬੂ ਮੰਗੂ ਰਾਮ ਨੇ ਅਛੂਤਾਂ ਨਾਲ ਸਬੰਧਤ ਸਥਾਨਕ ਅਤੇ ਕੌਮੀ ਮੁੱਦਿਆਂ ਉਤੇ ਮੋਰਚੇ ਅਤੇ ਕਾਨਫਰੰਸਾਂ ਨਾਲ ਹਮਲਾ ਬੋਲ ਦਿੱਤਾ। 1928 ਵਿਚ ਸਾਈਮਨ ਕਮਿਸ਼ਨ ਅੱਗੇ ਡੈਪੂਟੇਸ਼ਨ ਲੈ ਕੇ ਪੇਸ਼ ਹੋਏ ਅਤੇ ਅਛੂਤਾਂ ਦੀਆਂ ਤਕਲੀਫਾਂ ਸਾਹਮਣੇ ਰੱਖੀਆਂ। ਉਹਨਾਂ ਨੇ ਕਮਿਸ਼ਨ ਨੂੰ ਅਹਿਸਾਸ ਕਰਵਾਇਆ ਕਿ ਅਛੂਤਾਂ ਨੂੰ ਕੋਈ ਹੱਕ ਨਹੀਂ ਦਿੱਤਾ ਗਿਆ। ਉਹਨਾਂ ਨੂੰ ਕੁੱਤੇ ਬਿੱਲਿਆਂ ਤੋਂ ਵੀ ਭੈੜਾ ਗਿਣਿਆ ਜਾਂਦਾ ਹੈ। ਅਛੂਤ ਵੱਖਰੇ ਧਰਮ ਦੇ ਅਨੁਯਾਈ ਹਨ, ਉਹਨਾਂ ਨੂੰ ਹਿੰਦੂ, ਮੁਸਲਿਮ ਜਾਂ ਇਸਾਈ ਨਾ ਸਮਝਿਆ ਜਾਵੇ ਅਤੇ ਵੱਖਰਿਆਂ ਰੱਖ ਕੇ ਹੀ ਬਰਾਬਰ ਦੇ ਅਧਿਕਾਰ ਦਿੱਤੇ ਜਾਣ। ਫਿਰ 1929 ਵਿਚ ਬਾਬੂ ਜੀ ਗਵਰਨਰ ਪੰਜਾਬ ਨੂੰ 300 ਦਾ ਜਥਾ ਲੈ ਕੇ ਉਹਨਾਂ ਨੂੰ ਜਲੰਧਰ ਆਉਣ 'ਤੇ ਮਿਲੇ ਅਤੇ ਅਛੂਤਾਂ ਨੂੰ ਦਰਪੇਸ਼ ਔਕੜਾਂ ਸਬੰਧੀ ਇਕ ਯਾਦਪੱਤਰ ਦਿੱਤਾ। 1931 ਦੀ ਮਰਦਮਸ਼ੁਮਾਰੀ ਵਿਚ ਬਾਬੂ ਜੀ ਦੇ ਅੰਦੋਲਨ ਕਰਕੇ ਵੱਖਰਾ ਧਰਮ 'ਆਦਿ ਧਰਮ'ਲਿਖਵਾਉਣ ਸਦਕਾ ਦੇਸ਼ ਦੇ 7 ਕਰੋੜ ਅਛੂਤ ਜਿਹਨਾਂ ਨੂੰ ਹਿੰਦੂ ਅਤੇ ਮੁਸਲਮਾਨਾਂ ਵਿਚ ਵੰਡਣ ਦੀ ਸਾਜਿਸ਼ ਰਚੀ ਗਈ ਸੀ, ਉਹ ਸਾਜਿਸ਼ ਫੇਲ੍ਹ ਹੋ ਗਈ।

ਬਾਬੂ ਮੰਗੂ ਰਾਮ ਨੇ ਹੁਣ ਉਹ ਮੁਕਾਮ ਹਾਸਲ ਕਰ ਲਿਆ ਸੀ ਕਿ ਪੰਜਾਬ ਦੇ ਅਛੂਤ ਉਹਨਾਂ 'ਤੇ ਅਥਾਹ ਵਿਸ਼ਵਾਸ ਕਰਨ ਲੱਗ ਪਏ, ਜਿਸ ਕਰਕੇ ਉਹ ਜਿੱਧਰ ਵੀ ਮੂੰਹ ਕਰਦੇ ਸਫਲਤਾ ਹੀ ਸਫਲਤਾ ਮਿਲਣ ਲੱਗੀ। ਉਹਨਾਂ ਦੀ ਇਕ ਬਹੁਤ ਵੱਡੀ ਪ੍ਰਾਪਤੀ ਇਹ ਵੀ ਸੀ ਕਿ ਉਹਨਾਂ ਨੇ ਡਾ. ਅੰਬੇਡਕਰ ਦੇ ਅੰਦੋਲਨ ਨੂੰ ਸਹੀ ਅਰਥਾਂ ਵਿਚ ਸਮਝ ਕੇ ਉਹਨਾਂ ਦਾ ਭਰਵਾਂ ਸਾਥ ਦਿੱਤਾ। ਅੰਗਰੇਜ਼ੀ ਸਰਕਾਰ ਵੱਲੋਂ ਭਾਰਤ ਦੇ ਹਕੂਮਤੀ ਢਾਂਚੇ ਵਿਚ ਕੁਝ ਵੱਡੀਆਂ ਤਬਦੀਲੀਆਂ ਕਰਨ ਦੇ ਇਰਾਦੇ ਨਾਲ ਲਾਰਡ ਲੋਥੀਅਨ ਦੀ ਪ੍ਰਧਾਨਗੀ ਹੇਠ ਫਰੈਂਚਾਈਜ਼ ਕਮੇਟੀ ਬਣਾਈ ਗਈ ਸੀ, ਜਿਸਨੇ ਹਿੰਦੂ, ਸਿੱਖ, ਇਸਾਈ, ਅਛੂਤ ਅਤੇ ਮੁਸਲਮਾਨਾਂ ਦੇ ਨੁਮਾਇੰਦਿਆਂ ਨਾਲ ਗੱਲਬਾਤ ਕਰਕੇ ਕੁਝ ਨਿਰਣੇ ਕਰਨੇ ਸਨ। ਅਛੂਤਾਂ ਵੱਲੋਂ ਡਾ. ਅੰਬੇਡਕਰ ਨੂੰ ਨੁਮਾਇੰਦਾ ਲਿਆ ਗਿਆ ਸੀ। ਜਦੋਂ ਇਹ ਕਮੇਟੀ ਪੰਜਾਬ ਆਈ ਤਾਂ ਅਛੂਤਾਂ ਦੀ ਨਿਘਰੀ ਹੋਈ ਭਿਆਨਕ ਹਾਲਤ ਬਿਆਨ ਕਰਨ ਲਈ 'ਆਦਿ ਧਰਮ ਮੰਡਲ' ਵੱਲੋਂ ਬਾਬੂ ਮੰਗੂ ਰਾਮ ਪ੍ਰਧਾਨ, ਉਪ ਪ੍ਰਧਾਨ ਬਾਬੂ ਹੰਸ ਰਾਜ ਤੇ ਜਨਰਲ ਸਕੱਤਰ ਹਜ਼ਾਰਾ ਰਾਮ ਦੀ ਰਹਿਨੁਮਾਈ ਵਿਚ ਮੁਲਾਕਾਤ ਲਈ ਗਏ, ਨਾਲ 10 ਮੈਂਬਰੀ ਕਮੇਟੀ ਵੀ ਸੀ। ਇਹਨਾਂ ਵੱਲੋਂ ਫਰੈਂਚਾਈਜ਼ ਕਮੇਟੀ ਦੇ ਸੁਆਲਾਂ ਦੇ ਬੜੀ ਦ੍ਰਿੜ੍ਹਤਾ ਨਾਲ ਵਿਸਥਾਰ ਵਿਚ ਢੁਕਵੇਂ ਜਵਾਬ ਦਿੱਤੇ ਗਏ ਅਤੇ ਕਮੇਟੀ ਨੂੰ ਇਹ ਮੰਨਣ ਲਈ ਮਜਬੂਰ ਕਰ ਦਿੱਤਾ ਕਿ ਅਛੂਤ ਅਸਲ ਵਿਚ ਹੀ ਹਿੰਦੂ ਧਰਮ ਦਾ ਅੰਗ ਨਹੀਂ ਹਨ। ਸਗੋਂ ਇਹ ਤਾਂ ਉਹ ਲੋਕ ਹਨ ਜੋ ਹਿੰਦੂਆਂ ਹੱਥੋਂ ਹੀ ਅਣਮਨੁੱਖੀ ਵਰਤਾਓ ਕਾਰਨ ਲਗਾਤਾਰ ਅਨਿਆ ਤੇ ਅਤਿਆਚਾਰ ਸਹਿੰਦੇ ਆ ਰਹੇ ਹਨ। ਉਹਨਾਂ ਨੇ ਆਦਿ ਧਰਮ ਮੰਡਲ ਦੀ ਵੀ ਵੱਖਰੇ ਰੀਤੀ-ਰਿਵਾਜ, ਵੱਖਰਾ ਧਾਰਮਿਕ ਗ੍ਰੰਥ, ਵੱਖਰੇ ਰਹਿਬਰ ਦਰਸਾ ਕੇ ਉਸਦੀ ਵੱਖਰੀ ਪਛਾਣ ਸਾਬਤ ਕਰ ਦਿੱਤੀ। ਉਹਨਾਂ ਨੇ ਅਸੈਂਬਲੀ ਦੀ ਚੋਣ ਲਈ ਵੋਟਰ ਦੀਆਂ ਅਛੂਤਾਂ ਦੇ ਪ੍ਰਤੀਕੂਲ ਮੁਸ਼ਕਿਲ ਸ਼ਰਤਾਂ ਬਦਲ ਕੇ ਅਛੂਤਾਂ ਦੇ ਅਨੁਕੂਲ ਬਣਾਉਣ ਲਈ ਨਵੀਆਂ ਸ਼ਰਤਾਂ ਪੇਸ਼ ਕੀਤੀਆਂ। ਪਹਿਲੀਆਂ ਸ਼ਰਤਾਂ ਅਨੁਸਾਰ ਜ਼ੈਲਦਾਰ, ਸਫੈਦਪੋਸ਼ ਜਾਂ ਘੱਟੋ ਘੱਟ ਦਸ ਏਕੜ ਦਾ ਮਾਲਕ ਜ਼ਿੰਮੀਦਾਰ ਜਾਂ ਦਸਵੀਂ ਪਾਸ ਜਾਂ ਤਿੰਨ ਹਜ਼ਾਰ ਰਿਹਾਇਬੀ ਮਕਾਲ ਦੀ ਮਲਕੀਅਤ ਵਾਲਾ ਜਾਂ ਟੈਕਸ ਭਰਨ ਵਾਲਾ ਹੀ ਵੋਟਰ ਬਣ ਸਕਦਾ ਸੀ। ਇਹਨਾਂ ਵਿਚੋਂ ਅਛੂਤ ਕੋਈ ਵੀ ਸ਼ਰਤ ਪੂਰੀ ਨਹੀਂ ਸੀ ਕਰਦਾ, ਜਿਸ ਕਰਕੇ ਉਸਨੂੰ ਵੋਟ ਪਾਉਣ ਦਾ ਅਧਿਕਾਰ ਹੀ ਨਹੀਂ ਸੀ। ਨਵੀਆਂ ਸ਼ਰਤਾਂ ਵਿਚ ਪੇਸ਼ ਕੀਤਾ ਗਿਆ ਕਿ ਜਿਸਦੇ ਮਕਾਨ ਦਾ ਮਲਬਾ ਘੱਟੋ ਘੱਟ ਪੰਜਾਹ ਰੁਪਏ ਦਾ ਹੋਵੇ ਜਾਂ ਜੋ ਆਪਣੇ ਦਸਤਖਤ ਕਰ ਸਕਦਾ ਹੋਵੇ ਜਾਂ ਜੋ ਹੈਸੀਅਤ ਟੈਕਸ ਦਿੰਦਾ ਹੋਵੇ ਉਹ ਵੋਟਰ ਬਣ ਸਕਦਾ ਹੈ।

ਬਾਬੂ ਮੰਗੂ ਰਾਮ ਦੀ ਇਹ ਗੱਲ ਹਮੇਸ਼ਾ ਯਾਦ ਰੱਖਣਯੋਗ ਹੋਵੇਗੀ ਕਿ ਜਦੋਂ 1931 ਵਿਚ ਅਛੂਤਾਂ ਨੂੰ ਹੱਕ ਦਿੱਤੇ ਜਾਣ ਲਈ ਲੰਡਨ ਵਿਚ ਦੂਜੀ ਗੋਲਮੇਜ਼ ਕਾਨਰੰਸ ਹੋਣ ਵਾਲੀ ਸੀ ਤ ਅਛੂਤਾਂ ਦੇ ਨੁਮਾਇੰਦੇ ਦੇ ਸਵਾਲ ਤੇ ਹੋਏ ਬਵਾਲ ਵਿਚ ਬਾਬੂ ਜੀ ਨੇ ਡਾ. ਅੰਬੇਡਕਰ ਦਾ ਡਟ ਕੇ ਸਾਥ ਦਿੱਤਾ। ਕਾਂਗਰਸ ਵੱਲੋਂ ਮਹਾਤਮਾ ਗਾਂਧੀ ਨੂੰ ਅਛੂਤਾਂ ਦਾ ਨੁਮਾਇੰਦਾ ਬਣਾ ਕੇ ਭੇਜਿਆ ਗਿਆ ਸੀ, ਜਦੋਂ ਕਿ ਡਾ. ਅੰਬੇਡਕਰ ਪਹਿਲੀ ਕਾਨਫਰੰਸ ਵਿਚ ਅਛੂਤਾਂ ਦੀ ਵਧੀਆ ਨੁਮਾਇੰਦਗੀ ਕਰ ਚੁੱਕੇ ਸਨ ਤੇ ਹੁਣ ਫਿਰ ਅਛੂਤਾਂ ਦੇ ਨੁਮਾਇੰਦੇ ਵਜੋਂ ਪੇਸ਼ ਹੋ ਰਹੇ ਸਨ ਤੇ ਹੁਣ ਫਿਰ ਅਛੂਤਾਂ ਦੇ ਨੁਮਾਇੰਦੇ ਵਜੋਂ ਪੇਸ਼ ਹੋ ਰਹੇ ਸਨ। ਝਗੜੇ ਕਾਰਨ ਫੈਸਲਾ ਵੋਟਾਂ ਤੇ ਰੱਖਿਆ ਗਿਆ। ਬਾਬੂ ਜੀ ਵੱਲੋਂ ਤੁਰੰਤ ਕਾਰਵਾਈ ਕਰਕੇ 'ਆਦਿ ਧਰਮ ਮੰਡਲ' ਵੱਲੋਂ ਥਾਂ-ਥਾਂ ਤੋਂ ਡਾ. ਅੰਬੇਡਕਰ ਦੇ ਹੱਕ ਵਿਚ ਤਾਰਾਂ ਭਿਜਵਾਈਆਂ ਗਈਆਂ ਕਿ ਸਾਡਾ ਨੁਮਾਇੰਦਾ ਡਾ. ਅੰਬੇਡਕਰ ਹੀ ਹੈ। ਨਤੀਜੇ ਵਜੋਂ ਹੋਰ ਵੋਟਾਂ ਦੇ ਨਾਲ ਨਾਲ 'ਆਦਿ ਧਰਮ' ਦੀਆਂ ਵੋਟਾਂ ਵੀ ਪੈਣ ਕਰਕੇ ਡਾ. ਅੰਬੇਡਕਰ ਜਿੱਤ ਗਏ ਅਤੇ ਉਹਨਾਂ ਨੇ ਹੀ ਕਾਨਫਰੰਸ ਵਿਚ ਸ਼ਮੂਲੀਅਤ ਕੀਤੀ। ਗਾਂਧੀ ਅੱਗ ਬਬੂਲਾ ਹੋ ਕੇ ਭਾਰਤ ਵਾਪਸ ਪਰਤ ਆਏ। ਇਹਨਾਂ ਕਾਨਫਰੰਸਾਂ ਵਿਚ ਹੀ ਡਾ. ਅੰਬੇਡਕਰ ਨੇ ਅੰਗਰੇਜ਼ਾਂ ਨੂੰ ਆਪਣੀਆਂ ਅਕੱਟ ਦਲੀਲਾਂ ਨਾਲ ਮਨਵਾ ਕੇ ਅਛੂਤਾਂ ਲਈ ਕਮਿਊਨਲ ਐਵਾਰਡ ਪ੍ਰਾਪਤ ਕੀਤਾ। ਇਸ ਸੰਘਰਸ਼ ਵਿਚ ਬਾਬੂ ਜੀ ਦੇ ਇਸ ਯੋਗਦਾਨ ਨੂੰ ਭੁਲਾਇਆ ਨਹੀਂ ਜਾ ਸਕਦਾ। ਕਮਿਊਨਲ ਐਵਾਰਡ ਦੇ ਵਿਰੁੱਧ ਗਾਂਧੀ ਨੇ ਮਰਨ ਵਰਤ ਰੱਖ ਦਿੱਤਾ ਕਿ ਉਹ ਅਛੂਤਾਂ ਨੂੰ ਵੱਖਰੇ ਅਧਿਕਾਰ ਨਹੀਂ ਲੈਣ ਦੇਣਗੇ ਕਿਉਂਕਿ ਉਹ ਹਿੰਦੂ ਸਮਾਜ ਦਾ ਹੀ ਇਕ ਅੰਗ ਹਨ। ਪਰ ਡਾ. ਅੰਬੇਡਕਰ ਨੇ ਅੰਗਰੇਜ਼ਾਂ ਤੋਂ ਇਹ ਗੱਲ ਮਨਵਾ ਲਈ ਸੀ ਕਿ ਅਛੂਤ ਹਿੰਦੂ ਨਹੀਂ ਹਨ, ਇਹਨਾਂ ਨੂੰ ਵੱਖਰੇ ਅਧਿਕਾਰ ਦਿੱਤੇ ਜਾਣ ਕਿਉਂਕਿ ਇਹ ਇਕ ਲੰਬੇ ਸਮੇਂ ਤੋਂ ਹਿੰਦੂਆਂ ਦੇ ਹੱਥੋਂ ਹੀ ਅੱਤਿਆਚਾਰਾਂ ਦੇ ਸ਼ਿਕਾਰ ਹੁੰਦੇ ਆ ਰਹੇ ਹਨ। ਗਾਂਧੀ ਦੇ ਮਰਨ ਵਰਤ ਦੇ ਐਲਾਨ ਦੇ ਵਿਰੋਧ ਵਿਚ ਬਾਬੂ ਮੰਗੂ ਰਾਮ ਨੇ ਵੀ ਮਰਨ ਵਰਤ ਦੀ ਧਮਕੀ ਦੇ ਦਿੱਤੀ। ਬਹੁਤ ਦੇਰ ਦੀ ਜੱਦੋ-ਜਹਿਦ ਤੋਂ ਬਾਅਦ ਉਪਜੇ ਅਣਸੁਖਾਵੇਂ ਹਾਲਾਤ ਕਾਰਨ ਡਾ. ਅੰਬੇਡਕਰ ਨੂੰ ਕੁਝ ਮਜਬੂਰੀਆਂ ਕਾਰਨ ਗਾਂਧੀ ਨਾਲ 'ਪੂਨਾ ਪੈਕਟ' ਕਰਨਾ ਪਿਆ। ਇਸਦੇ ਅਧੀਨ ਪੰਜਾਬ ਦੇ ਹਿੱਸੇ 8 ਰਾਖਵੀਆਂ ਸੀਟਾਂ ਆਈਆਂ ਜੋ ਸਾਰੀਆਂ 'ਆਦਿ ਧਰਮ' ਵੱਲੋਂ ਜਿੱਤ ਲਈਆਂ ਗਈਆਂ।

ਬਾਬੂ ਮੰਗੂ ਰਾਮ ਜੀ ਦੀਆਂ ਘਾਲਣਾਵਾਂ ਦਾ ਜ਼ਿਕਰ ਕਰਦਿਆਂ ਬਹੁਜਨ ਨੇਤਾ ਕਾਂਸ਼ੀ ਰਾਮ ਜੀ ਨੇ ਵੀ ਇਕ ਵਾਰ ਆਖਿਆ ਸੀ ਕਿ ''ਬਾਬੂ ਜੀ ਵੱਲੋਂ ਚਲਾਈ ਆਦਿ ਧਰਮ ਲਹਿਰ ਦੀ ਸਮਾਜ ਨੂੰ ਦੇਣ ਨੂੰ ਕਦੇ ਭੁਲਾਇਆ ਨਹੀਂ ਜਾ ਸਕਦਾ। ਮੈਨੂੰ ਉਹਨਾਂ ਬਾਰੇ ਬਹੁਤੀ ਜਾਣਕਾਰੀ ਨਹੀਂ ਸੀ ਪਰ ਬਾਅਦ ਵਿਚ ਪਤਾ ਚੱਲਿਆ ਕਿ ਉਹਨਾਂ ਨੇ ਜੰਗਲਾਂ, ਸਮੁੰਦਰਾਂ ਵਿਚ ਭੁੱਖੇ ਪਿਆਸੇ ਰਹਿ ਕੇ ਤਰ੍ਹਾਂ ਤਰ੍ਹਾਂ ਦੀਆਂ ਔਕੜਾਂ ਨਾਲ ਸਾਹਮਣਾ ਕੀਤਾ। ਜਦੋਂ ਬਾਬਾ ਸਾਹਿਬ ਡਾ. ਅੰਬੇਡਕਰ ਗੋਲਮੇਜ ਕਾਨਫਰੰਸਾਂ ਵਿਚ ਸਾਡੇ ਹੱਕਾਂ ਦੀ ਲੜਾਈ ਲੜ ਰਹੇ ਸਨ ਤਾਂ ਬਾਬੂ ਮੰਗੂ ਰਾਮ ਜੀ ਪੰਜਾਬ ਤੋਂ ਇਸ ਸੰਘਰਸ਼ ਵਿਚ ਆਪਣੀ ਲਹਿਰ ਰਾਹੀਂ ਪੂਰਾ ਯੋਗਦਾਨ ਪਾ ਰਹੇ ਸਨ।'' ਕਾਂਸ਼ੀ ਰਾਮ ਜੀ ਨੇ ਇਕ ਮੌਕੇ ਤੇ ਗੱਲ ਕਰਦਿਆਂ 'ਕੌਮੀ ਉਡਾਰੀਆਂ' ਦੇ ਸੰਪਾਦਕ ਸ੍ਰੀ ਸੀ. ਐਲ. ਚੁੰਬਰ (ਹੁਣ ਜਿਉਂਦੇ ਨਹੀਂ) ਅਤੇ 'ਦੇਸ਼ ਦੁਆਬਾ' ਦੇ ਹੁਣ ਦੇ ਸੰਪਾਦਕ ਸ੍ਰੀ ਪੀ. ਕੇ. ਚੁੰਬਰ ਨੂੰ ਇਹ ਵੀ ਦੱਸਿਆ ਸੀ ਕਿ ''ਜੇ ਮੈਨੂੰ ਬਾਬੂ ਮੰਗੂ ਰਾਮ ਜੀ ਬਾਰੇ ਜ਼ਿਆਦਾ ਜਾਣਕਾਰੀ ਪਹਿਲਾਂ ਹੀ ਹੁੰਦੀ ਤਾਂ ਮੈਂ ਉਹਨਾਂ ਦਾ ਜ਼ਿਕਰ ਬੜੇ ਆਦਰ ਸਹਿਤ ਆਪਣੀ ਪੁਸਤਕ 'ਚਮਚਾ ਯੁੱਗ' ਵਿਚ ਜ਼ਰੂਰ ਕਰਨਾ ਸੀ।''

(ਹਵਾਲਾ ਪੰਮੀ ਲਾਲੋਮਜਾਰਾ ਦੀ ਪੁਸਤਕ 'ਮੈਂ ਕਾਂਸ਼ੀ ਰਾਮ ਬੋਲਦਾ ਹਾਂ- ਸਫਾ 173)

ਇਸ ਤਰ੍ਹਾਂ ਬਾਬੂ ਮੰਗੂ ਰਾਮ ਜੀ ਸਾਰੀ ਉਮਰ ਸੰਘਰਸ਼ ਕਰਦਿਆਂ ਆਪਣੇ ਸਮਾਜ ਨੂੰ ਜਾਗ੍ਰਿਤ ਕਰਦਿਆਂ, ਇਕ ਸਦੀਵੀ ਸੇਧ ਦਿੰਦਿਆਂ 94 ਸਾਲ ਦੀ ਉਮਰ ਵਿਚ 22 ਅਪ੍ਰੈਲ 1980 ਨੂੰ ਸਦੀਵੀ ਵਿਛੋੜਾ ਦੇ ਗਏ। ਪਰ ਉਹਨਾਂ ਵੱਲੋਂ ਪਾਈਆਂ ਗਈਆਂ ਪੈੜਾਂ ਮਿਟਾਈਆਂ ਨਹੀਂ ਜਾ ਸਕਣਗੀਆਂ, ਜੋ ਆਉਣ ਵਾਲੇ ਪਾਂਧੀ ਨੂੰ ਹਮੇਸ਼ਾ ਦਿਸ਼ਾ ਨਿਰਦੇਸ਼ ਦਿੰਦੀਆਂ ਰਹਿਣਗੀਆਂ।

# ਦਲਿਤ ਸਮਾਜ ਦੇ ਉਹਨਾਂ ਦਿੱਗਜਾਂ ਦੇ ਨਾਂ ਜੋ ਅੱਜ ਫਿਰ ਇਕ ਵਾਰੀ ਔਖੇ ਵੇਲੇ ਸਮਾਜ ਨੂੰ ਧੋਖਾ ਦੇ ਗਏ



**ਫਤਿਹਜੰਗ ਸਿੰਘ**
ਸਾਬਕਾ ਸੰਯੁਕਤ ਡਾਇਰੈਕਟਰ, ਪੰਜਾਬ
91-98726-70278

ਇਕ ਸਮਾਂ ਸੀ ਬਾਬਾ ਸਾਹਿਬ ਅੰਬੇਡਕਰ ਨੇ ਅੰਗਰੇਜ਼ਾਂ ਨਾਲ ਲੜ ਕੇ ਦਲਿਤ ਸਮਾਜ ਦੇ ਕੁਝ ਪੜ੍ਹੇ-ਲਿਖੇ ਬੰਦਿਆਂ ਨੂੰ ਉਚੇਰੀ ਪੜ੍ਹਾਈ ਲਈ ਬਾਹਰ ਭਿਜਵਾਇਆ ਸੀ। ਉਹਨਾਂ ਦਾ ਵਿਚਾਰ ਸੀ ਕਿ ਇਹ ਬੰਦੇ ਉਚੇਰੀ ਵਿੱਦਿਆ ਦੇ ਨਾਲ-ਨਾਲ ਬਾਹਰ ਦੀ ਆਜ਼ਾਦੀ, ਸਮਾਨਤਾ ਤੇ ਖੁੱਲ੍ਹੇ ਸਭਿਆਚਾਰ ਵਾਲਾ ਸਮਾਜ ਵੇਖ ਕੇ ਮੁੜ ਆਪਣੇ ਸਮਾਜ ਲਈ ਵੀ ਕੁਝ ਕਰਨਗੇ- ਉਸ ਸਮਾਜ ਲਈ ਜਿਸ ਨੂੰ ਸਦੀਆਂ ਤੋਂ ਅਸਹਿ ਤੇ ਅਕਹਿ ਤਸੀਹਿਆਂ ਨਾਲ ਭੁਲਾ ਹੀ ਦਿੱਤਾ ਗਿਆ ਸੀ ਕਿ ਆਜ਼ਾਦੀ ਜਾਂ ਸਮਾਨਤਾ ਕੀ ਹੁੰਦੀ ਹੈ। ਪਰ ਅਫਸੋਸ ਉਹ ਉਚ ਵਿੱਦਿਆ ਪ੍ਰਾਪਤ ਕਰਕੇ ਦੇਸ਼ ਪਰਤੇ ਤਾਂ ਉਹ ਵੱਡੀਆਂ ਵੱਡੀਆਂ ਨੌਕਰੀਆਂ ਵਿਚ ਅਜਿਹੇ ਗਲਤਾਨ ਹੋਏ ਕਿ ਉਹ ਸਮਾਜ ਦੀ ਗੱਲ ਤਾਂ ਭੁੱਲ ਹੀ ਗਏ। ਬਾਬਾ ਸਾਹਿਬ ਇਹ ਵੇਖ ਕੇ ਰੋ ਪਏ ਸਨ ਤੇ ਉਹਨਾਂ ਆਖਿਆ ਸੀ ਕਿ ਮੈਨੂੰ ਪੜ੍ਹੇ ਲਿਖਿਆਂ ਨੇ ਧੋਖਾ ਦਿੱਤਾ ਹੈ। ਉਹ ਸੋਚਦੇ ਸਨ ਕਿ ਜਿਵੇਂ ਉਹਨਾਂ ਨੂੰ ਖੁਦ ਬਾਹਰ ਜਾ ਕੇ ਵਿੱਦਿਆ ਪ੍ਰਾਪਤ ਕਰਕੇ ਇਕ ਨਵੀਂ ਸੋਚ ਮਿਲੀ ਹੈ, ਇਹ ਬੰਦੇ ਵੀ ਨਵੀਂ ਸੋਚ ਨਾਲ ਮੇਰੇ ਨਾਲ ਆ ਕੇ ਕੰਮ ਕਰਨਗੇ ਤਾਂ ਮੇਰਾ ਪੱਛੜਿਆ ਸਮਾਜ ਛੇਤੀ ਤਰੱਕੀ ਦੀ ਲੀਹ 'ਤੇ ਪੈ ਜਾਵੇਗਾ। ਉਹਨਾਂ ਦੀ ਕਾਰਗੁਜ਼ਾਰੀ ਤੋਂ ਨਿਰਾਸ਼ ਹੋ ਕੇ ਬਾਬਾ ਸਾਹਿਬ ਫਿਰ ਵੀ ਉਸੇ ਤਰ੍ਹਾਂ ਲਗਾਤਾਰ ਕੰਮ ਕਰਦੇ ਰਹੇ ਅਤੇ ਆਪਣੀਆਂ ਕੋਸ਼ਿਸ਼ਾਂ ਨੂੰ ਆਪਣੇ ਸਮਾਜ ਦੇ ਹਿੱਤਾਂ ਲਈ ਸੰਵਿਧਾਨ ਨਿਰਮਾਣ ਤੱਕ ਲੈ ਗਏ ਤਾਂ ਜੋ ਉਹਨਾਂ ਦੇ ਚਲੇ ਜਾਣ ਤੋਂ ਬਾਅਦ ਵੀ ਸਮਾਜ ਦੇ ਹਿੱਤ ਸੁਰੱਖਿਅਤ ਰਹਿਣ ਅਤੇ ਵਿਕਾਸ ਦੀ ਗੱਲ ਤੁਰਦੀ ਰਹੇ। ਵਿਕਾਸ ਦੀ ਗੱਲ ਤੁਰੀ ਜ਼ਰੂਰ ਪਰ ਉਹਨਾਂ ਦੀ ਹੀ ਤੁਰੀ ਜਿਨ੍ਹਾਂ ਨੇ ਸੰਵਿਧਾਨਕ ਅਧਿਕਾਰਾਂ ਦੀ ਮਲਾਈ ਖਾਧੀ ਪਰ ਸਮਾਜ ਨੂੰ ਕੁਝ ਨਾ ਦਿੱਤਾ। ਨਤੀਜੇ ਵਜੋਂ ਨਿਗੂਣੀ ਜਿਹੀ ਵਸੋਂ ਹੀ ਥੋੜ੍ਹੀ-ਬਹੁਤ ਸੁਧਾਰ ਵੱਲ ਤੁਰੀ ਉਹ ਵੀ ਸਿਰਫ ਨੌਕਰੀਆਂ ਵਿ। ਬਾਬਾ ਸਾਹਿਬ ਦੀ ਦੇਣ ਕਾਰਨ ਭਾਵੇਂ ਸਾਡੇ ਐਮ. ਐਲ. ਏ./ਐਮ. ਪੀ./ ਮੰਤਰੀ ਅਤੇ ਬਿਊਰੋਕ੍ਰੇਟਸ ਤਾਂ ਪੂਰੇ ਬਣਦੇ ਰਹੇ ਪਰ ਉਹ ਇਸ ਦੇਣ ਪਿੱਛੇ ਬਾਬਾ ਸਾਹਿਬ ਦੀ ਭਾਵਨਾ ਨਾ ਸਮਝ ਸਕੇ, ਉਹਨਾਂ ਦੀ ਤੜਪ ਮਹਿਸੂਸ ਨਾ ਕਰ ਸਕੇ, ਉਹਨਾਂ ਦੀ ਇੱਛਿਆ 'ਤੇ ਫੁੱਲ ਨਾ ਚੜ੍ਹਾ ਸਕੇ।

ਫਿਰ ਬਾਬਾ ਸਾਹਿਬ ਨੇ ਵੱਡੇ ਅਹੁਦਿਆਂ ਤੋਂ ਥੋੜ੍ਹਾ ਹੇਠਾਂ ਆ ਕੇ ਸੋਚਿਆ ਅਤੇ ਕਿਹਾ ਕਿ ਜਿਸ ਕੌਮ ਵਿਚ 20 ਡਾਕਟਰ ਤੇ 10 ਵਕੀਲ ਪੈਦਾ ਹੋ ਜਾਣ ਉਹ ਕੌਮ ਪਿਛੜੀ ਹੋਈ ਰਹਿ ਹੀ ਨਹੀਂ ਸਕਦੀ। ਪਰ ਅਸੀਂ ਤਾਂ ਸ਼ਾਇਦ ਬਾਬਾ ਸਾਹਿਬ ਨੂੰ ਪਿਛਾੜਨ 'ਤੇ ਲੱਗੇ ਪਏ ਹਾਂ ਪਰ ਉਹਨਾਂ ਦੀ ਕੋਈ ਗੱਲ ਮੰਨਣ ਤੋਂ ਇਨਕਾਰੀ ਹਾਂ। ਇਹੀ ਕਾਰਨ ਹੈ ਕਿ ਅੱਜ ਹਜ਼ਾਰਾਂ ਦੀ ਗਿਣਤੀ ਵਿਚ ਇੰਜੀਨੀਅਰ ਅਤੇ ਡਾਕਟਰ ਤਾਂ ਪੈਦਾ ਹੋ ਗਏ ਪਰ ਉਹ ਕਦੋਂ ਪੈਦਾ ਹੋਣਗੇ ਜੋ ਕੌਮ ਦੇ ਪਿਛੜੇਪਣ ਦਾ ਮੁਲੰਕਣ ਵੀ ਕਰ ਸਕਣਗੇ ਕਦੇ?

ਜੇਕਰ ਸਕਦੇ ਤਾਂ ਅੱਜ ਨੌਕਰੀਆਂ ਤੇ ਸਿਆਸਤ ਵਿਚ ਮਿਲੀ ਹਿੱਸੇਦਾਰੀ ਨੂੰ ਅਸਲੀ ਮਾਅਨਿਆਂ ਵਿਚ ਸਮਝ ਕੇ ਦੇਸ਼ ਦੇ ਹਰ ਉਤਪਾਦਨ ਸਾਧਨ 'ਤੇ ਵੀ ਹਿੱਸੇਦਾਰੀ ਲਈ ਹੁੰਦੀ,



ਜਿਸਨੇ ਪਿਛੜੇ ਸਮਾਜ ਦੇ ਉਥਾਨ ਦਾ ਜਾਮਨ ਬਣਿਆ ਹੋਇਆ ਸੀ।

ਬਾਬਾ ਸਾਹਿਬ ਨੇ ਪਿਛੜ ਸਮਾਜ ਦੇ ਉਥਾਨ ਲਈ ਓਦੁਚਅਟੲ, ਓਗਟਿਅਟੲ, ੌਰਗਅਨਸਿੲ ਦਾ ਫਾਰਮੂਲਾ ਦਿੱਤਾ ਸੀ ਪਰ ਅਸੀਂ ਬਾਬਾ ਸਾਹਿਬ ਦੇ ਫਾਰਮੂਲੇ ਨੂੰ ਡਿਗਰੀਆਂ ਵਾਲੀ ਐਜੂਕੇਸ਼ਨ ਨਾਲ ਹੀ ਬੰਨ੍ਹ ਦਿੱਤਾ। ਇਹ ਐਜੂਕੇਸ਼ਨ ਤਾਂ ਬਹੁਤ ਹੋ ਗਈ ਫਿਰ ਸਾਡਾ ਪਾਰ ਉਤਾਰਾ ਕਿਉਂ ਨਹੀਂ ਹੋ ਰਿਹਾ? ਬਾਬਾ ਸਾਹਿਬ ਦਾ ਐਜੂਕੇਸ਼ਨ ਦਾ ਭਾਵ ਵਿੱਦਿਆ ਦੇ ਨਾਲ-ਨਾਲ ਹੀ ਸਮਾਜ ਦਾ ਅਧਿਐਨ, ਆਪਣੇ ਇਤਿਹਾਸ ਦੀ ਜਾਣਕਾਰੀ, ਆਪਣੇ ਦੁੱਖਾਂ ਦਾ ਪਿਛੋਕੜ, ਆਪਣੀ ਭੁੱਖਮਰੀ ਦੀ ਕਹਾਣੀ, ਆਪਣੀ ਬੇਇਜ਼ਤੀਆਂ ਦੀ ਦਾਸਤਾਨ, ਨੰਗੇ ਪਿੰਡਿਆਂ ਦਾ ਦਰਦ ਜਾਨਣਾ ਵੀ ਤਾਂ ਐਜੂਕੇਸ਼ਨ ਵਿਚ ਸ਼ਾਮਲ ਹੋਣਾ ਚਾਹੀਦਾ ਹੈ। ਐਜੀਟੇਟ ਤੇ ਔਰਗੇਨਾਈਜ਼ ਦੀ ਗੱਲ ਤਾਂ ਹਾਲੇ ਛੇੜੀ ਹੀ ਨਹੀਂ, ਗੱਲ ਲੰਬੀ ਹੋ ਜਾਵੇਗੀ। ਪਰ ਜੇ ਐਜੂਕੇਸ਼ਨ ਨੂੰ ਸਮਝ ਲਿਆ ਹੁੰਦਾ ਤਾਂ ਅਗਲਾ ਕੰਮ ਆਪੇ ਹੋ ਜਾਣਾ ਸੀ।

ਬਾਬਾ ਸਾਹਿਬ ਨੇ ਸੰਵਿਧਾਨ ਲਾਗੂ ਹੋਣ 'ਤੇ ਆਖਿਆ ਸੀ ਕਿ ਅਸੀਂ 26 ਜਨਵਰੀ 1950 ਨੂੰ ਦੋਹਰੀ ਸਥਿਤੀ ਵਿਚ ਦਾਖਲ ਹੋ ਰਹੇ ਹੋਵਾਂਗੇ। ਅਸੀਂ ਸਿਆਸਤ ਵਿਚ ਇਕ ਮਨੁੱਖ ਇਕ ਵੋਟ ਦੀ ਬਰਾਬਰੀ ਤਾਂ ਪ੍ਰਾਪਤ ਕਰ ਲਵਾਂਗੇ ਪਰ ਆਰਥਿਕ ਤੇ ਸਮ-ਾਜਿਕ ਬਰਾਬਰੀ ਲਈ ਹੋਰ ਸੰਘਰਸ਼ ਕਰਨਾ ਪਵੇਗਾ। ਉਹਨਾਂ ਨੇ ਇਹ ਵੀ ਅਗਾਹ ਕੀਤਾ ਸੀ ਕਿ ਇਹ ਗੈਰ-ਬਰਾਬਰੀ ਜ਼ਿਆਦਾ ਦੇਰ ਤੱਕ ਨਹੀਂ ਚੱਲਣੀ ਚਾਹੀਦੀ। ਸਾਡੇ ਸਮਾਜ ਦੀ ਕਰੀਮ, ਬੁੱਧੀ-ਜੀਵੀ ਵਰਗ ਜੋ ਵੱਡੇ-ਵੱਡੇ ਅਹੁਦਿਆਂ ਦੇ ਮਾਲਕ ਰਹੇ, ਉਹਨਾਂ ਨੂੰ ਪੁੱਛਣਾ ਬਣਦਾ ਹੈ ਕਿ ਸੂਝਵਾਨ ਧੜਾਧੜ ਉਸ ਖੇਮੇ ਵਿਚ ਕਿਉਂ ਦਾਖਲ ਹੋ ਰਹੇ ਹਨ, ਜਿਸ ਖੇਮੇ ਨੇ ਹੁਣ ਤੱਕ ਉਹਨਾਂ ਦੇ ਸਮਾਜ ਨੂੰ ਵੰਡ ਦਰ ਵੰਡ ਕਰਦਿਆਂ ਲੀਰੋ ਲੀਰ ਕਰੀ ਰੱਖਿਆ। ਉਹਨਾਂ ਨੂੰ ਪੁੱਛਣਾ ਬਣਦਾ ਹੈ ਕਿ ਕੀ ਉਹਨਾਂ ਨੂੰ ਚੀਂ ਮੁੱਚੀਂ ਇਸ ਸਥਿਤੀ ਦੀ ਸਮਝ ਨਹੀਂ ਜਾਂ ਉਹ ਸਮਝਣਾ ਨਹੀਂ ਚਾਹੁੰਦੇ? ਕੀ ਇਸਦਾ ਨਤੀਜਾ ਇਹ ਕੱਢੀਏ ਕਿ ਉਹਨਾਂ ਨੂੰ ਸਮਾਜ ਨਾਲ ਕੋਈ ਲੈਣ ਦੇਣ ਨਹੀਂ? ਕੀ ਉਹ ਕੁਰਸੀ ਦਾ ਆਨੰਦ ਮਾਣ-ਮਾਣ ਕੇ ਇਸਦੇ ਇੰਨੇ ਗੁਲਾਮ ਹੋ ਗਏ ਹਨ ਕਿ ਹੁਣ ਉਹ ਇਸ ਬਿਨਾਂ ਰਹਿ ਹੀ ਨਹੀਂ ਸਕਦੇ? ਕੀ ਉਹਨਾਂ ਨੂੰ ਇਸ ਗੱਲ ਦਾ ਅਹਿਸਾਸ ਹੈ ਕਿ ਜੇ ਉਹ ਬਾਬਾ ਸਾਹਿਬ ਦੇ ਦਿੱਤੇ ਹੱਕ ਨਾ ਮਾਣਦੇ ਤਾਂ ਉਹਨਾਂ ਤੋਂ ਇਹੀ ਕੁਰਸੀ ਕੋਹਾਂ ਦੂਰ ਰਹਿਣੀ ਸੀ, ਸੁਫਨੇ ਵਿਚ ਵੀ ਪ੍ਰਾਪਤ ਨਹੀਂ ਸੀ ਹੋਣੀ? ਚਾਹੀਦਾ ਤਾਂ ਇਹ ਸੀ ਕਿ ਬਾਬਾ ਸਾਹਿਬ ਦਾ ਕਰਜ਼ਾ ਮੋੜਨ ਦੀ ਸੋਚ ਫੁਰਦੀ ਪਰ ਤੁਸੀਂ ਤਾਂ ਉਸ ਭੀੜ ਵਿਚ ਜਾ ਖਲੋਤੇ ਜੋ ਬਾਬਾ ਸਾਹਿਬ ਦੇ ਸਮਾਜ ਨੂੰ ਉਥੇ ਹੀ ਲਿਜਾਣਾ ਚਾਹੁੰਦੇ ਹਨ, ਜਿੱਥੋਂ ਬਾਬਾ ਸਾਹਿਬ ਨੇ ਲੱਖਾਂ ਮੁਸੀਬਤਾਂ ਝੱਲ ਕੇ ਬਾਹਰ ਕੱਢਿਆ ਸੀ। ਜ਼ਰਾ ਪੜ੍ਹ ਕੇ ਵੇਖਣਾ ਬਾਬਾ ਸਾਹਿਬ ਨੇ 32 ਡਿਗਰੀਆਂ ਲੈ ਕੇ ਵੀ ਕੁਰਸੀ ਦਾ ਮੋਹ ਨਹੀਂ ਕੀਤਾ ਪਰ ਸਾਡੀ ਚਿੰਤਾ ਕੀਤੀ। ਜ਼ਰਾ ਸੋਚਣਾ ਇਸ ਸੰਘਰਸ਼ ਵਿਚ ਉਹਨਾਂ ਦੇ ਚਾਰ ਬੱਚੇ ਬਿਨਾਂ ਦੇਖਭਾਲ ਤੇ ਇਲਾਜ ਦੇ ਖੁਣੋਂ ਮੌਤ ਦੇ ਮੂੰਹ ਚਲੇ ਗਏ ਪਰ ਉਹਨਾਂ ਆਉਣ ਵਾਲੇ ਕਰੋੜਾਂ ਬੱਚਿਆਂ ਦੇ ਭਵਿੱਖ ਦੀ ਚਿੰਤਾ ਕੀਤੀ। ਕੀ ਤੁਸੀਂ ਦੀਵਾਰ 'ਤੇ ਸਪਸ਼ਟ ਲਿਖਿਆ ਵੀ ਨਹੀਂ ਪੜ੍ਹ ਰਹੇ ਕਿ ਇਹ ਤੁਹਾਡੇ ਨਵੇਂ ਮਾਲਕ ਸਾਨੂੰ ਕਿੱਥੇ ਲਿਜਾਣਾ ਚਾਹੁੰਦੇ ਹਨ? ਕੀ ਤੁਹਾਨੂੰ ਯਾਦ ਹੈ ਕਿ ਉਹ ਦੌਰ ਜਦੋਂ ਸਾਡੇ ਗ.ਲਾਂ ਵਿਚ ਕੁੱਜੇ ਤੇ ਲੱਕ ਨਾਲ ਝਾੜੂ ਬੰਨ੍ਹੇ ਜਾਂਦੇ ਸਨ? ਇੰਨੇ ਵੀ ਦਿਸ਼ਾਹੀਣ ਨਾ ਬਣੋ ਕਿ ਤੁਹਾਨੂੰ ਪਤਾ ਹੀ ਨਾ ਲੱਗੇ ਕਿ ਕੌਣ ਤੁਹਾਨੂੰ ਕਿੱਥੇ ਲਿਜਾ ਰਿਹਾ ਹੈ।

ਬਾਬਾ ਸਾਹਿਬ ਦਾ ਕਰਜ਼ਾ ਲਾਹੁਣ ਲਈ ਕਾਂਸ਼ੀ ਰਾਮ ਜੀ ਨੇ ਕਸਮ ਖਾਧੀ ਸੀ ਤੇ ਉਹਨਾਂ ਨੇ ਉਸ ਪੜ੍ਹੇ-ਲਿਖੇ ਵਰਗ ਨੂੰ ਹੀ ਵੰਗਾਰਿਆ, ਜਿਸ ਵਰਗ ਨੇ ਬਾਬਾ ਸਾਹਿਬ ਨੂੰ ਰੋਣ ਲਾ ਦਿੱਤਾ ਸੀ। ਕਾਂਸ਼ੀ ਰਾਮ ਜੀ ਦੀ ਵੰਗਾਰ ਨਾਲ ਕੁਰਸੀਆਂ ਵਾਲੇ ਜਾਗੇ, ਅੱਖਾਂ ਮ.ਲੀਆਂ, ਅੰਗੜਾਈ ਲਈ ਤੇ ਬਾਬਾ ਸਾਹਿਬ ਦਾ ਕਰਜ਼ਾ ਲਾਹੁਣ ਲਈ ਵਹੀਰਾਂ ਘੱਤ ਕੇ ਤੁਰ ਪਏ। ਤੁਰਦੇ ਗਏ, ਕਾਫਲੇ ਬਣਦੇ ਗਏ ਤੇ ਫਿਰ ਤੁਰਦੇ ਗਏ ਤਾਂ ਉਹਨਾਂ ਨੇ ਇਕ ਵਾਰੀ ਤਾਂ ਅਨਹੋਣੀ ਨੂੰ ਹੋਣੀ ਬਣਾ ਕੇ ਵਿਖਾ ਦਿੱਤਾ। ਵੱਡੇ ਵੱਡੇ ਖਾਨਦਾਨੀ ਰਾਜਨੇਤਾਵਾਂ ਨੂੰ ਧੂਲ ਚਟਾ ਦਿੱਤੀ ਤੇ ਸੱਤ ਪੰਜਾਬਾਂ ਜਿੰਨੇ ਵੱਡੇ ਸੂਬੇ 'ਤੇ ਇਕ ਦਲਿਤ ਔਰਤ ਨੂੰ ਚਾਰ ਵਾਰੀ ਵਾਗਡੋਰ ਸੰਭਾਲ ਕੇ ਵਿਖਾ ਦਿੱਤੀ। ਅੱਗੋਂ ਉਹਨਾਂ ਨੂੰ ਤੁਹਾਡੇ ਵਰਗੇ ਤਜ਼ਰਬੇਕਾਰ, ਸਿਆਣੇ ਸ਼ਾਹ ਸਵਾਰਾਂ ਦੀ ਲੋੜ ਸੀ, ਜਿਸ ਦੇ ਨਾ ਹੋਣ ਕਰਕੇ ਕਾਫਲਾ ਸੁਸਤ ਹੁੰਦਾ ਜਾ ਰਿਹਾ ਸੀ। ਤੁਹਾਡੀ ਪਾਰਖੂ ਅੱਖ ਦੀ ਲੋੜ ਸੀ ਪਰ ਤੁਸੀਂ ਤਾਂ ਸਭ ਕੁਝ ਭੁਲਾ ਕੇ ਵਿਰੋਧੀਆਂ ਵਿਚ ਜਾ ਖਲੋਤੇ। ਇਸ ਨਾਲੋਂ ਤਾਂ ਚੰਗਾ ਹੁੰਦਾ ਤੁਸੀਂ ਕਿਤੇ ਵੀ ਨਾ ਜਾਂਦੇ ਭਾਵੇਂ ਆਪਣੇ ਤੱਕ ਹੀ ਸੀਮਤ ਰਹਿ ਜਾਂਦੇ ਸਮਾਜ ਲਈ ਉਹ ਦੁਖਦਾਈ ਨਹੀਂ ਸੀ ਹੋਣਾ। ਹੁਣ ਜੋ ਨੁਕਸਾਨ ਤੁਸੀਂ ਕਰੋਗੇ, ਆਪਣਾ ਵੀ ਤੇ ਸਮਾਜ ਦਾ ਵੀ, ਉਸਦੀ ਭਰਪਾਈ ਕੋਈ ਕਿਵੇਂ ਕਰੇਗਾ? ਇੰਨਾ ਕੁ ਹੀ ਸੋਚ ਲੈਂਦੇ? ਸ਼ਾਇਦ ਇਹੀ ਸੋਚ ਕੇ ਬਾਬਾ ਸਾਹਿਬ ਨੇ ਆਖਿਆ ਸੀ ਕਿ ਮੈਂ ਇਸ ਕਾਫਲੇ ਨੂੰ ਬੜੀਆਂ ਮੁਸੀਬਤਾਂ ਝੱਲ ਕੇ ਇੱਥੇ ਤੱਕ ਲਿਆਇਆ ਹਾਂ। ਆਉਣ ਵਾਲੀਆਂ ਨਸਲਾਂ ਨੂੰ ਮੇਰੀ ਬੇਨਤੀ ਹੈ ਕਿ ਜੇ ਇਸ ਨੂੰ ਤੁਸੀਂ ਅੱਗੇ ਨਹੀਂ ਲਿਜਾ ਸਕਦੇ ਤਾਂ ਕ੍ਰਿਪਾ ਕਰਕੇ ਇਸ ਨੂੰ ਇੱਥੇ ਹੀ ਰਹਿਣ ਦੇਣਾ ਤੇ ਪਿੱਛੇ ਨਾ ਆਉਣ ਦੇਣਾ। ਤੁਸੀਂ ਆਪਣੇ ਆਪ ਦਾ ਮੁਲਅੰਕਣ/ਵਿਸ਼ਲੇਸ਼ਣ ਕਰਕੇ ਵੇਖਣਾ ਕਿ ਤੁਸੀਂ ਅੱਜ ਉਸ ਕਾਫਲੇ ਨੂੰ ਪਿੱਛੇ ਧੱਕਣ ਵਾਲਿਆਂ ਨਾਲ ਨਹੀਂ ਖਲੋਤੇ? ਹੋਰ ਜ਼ਿਆਦਾ ਕੀ ਆਖੀਏ?

## ਗਲਤ ਤਰੀਕੇ ਨਾਲ ਪਾਸਪੋਰਟ ਡਿਲਿਵਰ ਕਰਨ 'ਤੇ ਨਿਊਜ਼ੀਲੈਂਡ ਪੋਸਟ ਨੇ ਮੰਗੀ ਮਾਫੀ




**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)**- ਨਿਊਜ਼ੀਲੈਂਡ ਦੇ ਵਿਚ ਡਾਕ ਵੰਡਣ ਦਾ ਕੰਮ ਵਾਲੀ ਸੰਸਥਾ 'ਨਿਊਜ਼ੀਲੈਂਡ ਪੋਸਟ' ਨੇ ਆਖਿਰ ਉਸ ਗੱਲ ਲਈ ਮਾਫੀ ਮੰਗ ਲਈ ਹੈ, ਜਿਸ ਦੇ ਚਲਦਿਆਂ ਇਕ ਵਿਅਕਤੀ ਦਾ ਪਾਸਪੋਰਟ ਤੇ ਵੀਜ਼ੇ ਵਾਲਾ ਲਿਫ਼ਾਫਾ ਘਰ ਦੇ ਕੁੱਤੇ ਦੇ ਗੇੜ ਵਿਚ ਆ ਗਿਆ ਸੀ ਅਤੇ ਕੁੱਤੇ ਨੇ ਉਸ ਦਾ ਇਕ ਹਿੱਸਾ ਚਬਾ ਲਿਆ ਸੀ। ਦਰਅਸਲ ਦਿੱਤੇ ਨਿਰਦੇਸ਼ਾਂ ਦੇ ਅਧਾਰ ਉਤੇ ਇਹ ਪਾਸਪੋਰਟ ਪ੍ਰਾਪਤ ਕਰਨ ਵਾਲੇ ਵਿਅਕਤੀ ਦੇ ਦਸਤਖਤਾਂ ਤੋਂ ਬਿਨਾਂ ਡਿਲਿਵਰ ਨਹੀਂ ਕਰਨਾ ਬਣਦਾ ਸੀ, ਪਰ ਡਿਲੀਵਰੀ ਕਰਨ ਵਾਲੇ ਨੇ ਇਸ ਨੂੰ ਦਰਵਾਜ਼ੇ ਮੂਹਰੇ ਰੱਖ ਦਿੱਤਾ। ਘਰ ਵਿਚ ਰੱਖੇ ਕੁੱਤੇ ਦੀ ਨਿਗ੍ਹਾ ਇਸ ਉਤੇ ਪੈ ਗਈ ਅਤੇ ਉਸਨੇ ਲਿਫ਼ਾਫਾ ਪਾੜ ਸੁਟਿਆ, ਪਾਸਪੋਰਟ ਇਕ ਖੂੰਜੇ ਤੋਂ ਚਬਾ ਲਿਆ ਅਤੇ ਯੂ। ਕੇ ਵਰਕ ਵੀਜ਼ੇ ਵਾਲਾ ਸਟਿੱਕਰ ਵੀ ਖਰਾਬ ਹੋ ਗਿਆ।

ਨਿਊਜ਼ੀਲੈਂਡ ਪੋਸਟ ਨੇ ਪਹਿਲਾਂ ਇਸ ਦੇ ਲਈ ਆਪਣੀ ਗਲਤੀ ਨਹੀਂ ਮੰਨੀ ਅਤੇ ਕੋਈ ਦੇਣਦਾਰੀ ਦੇਣ ਤੋਂ ਇਨਕਾਰ ਕੀਤਾ ਕਰ ਦਿੱਤਾ ਸੀ ਅਤੇ ਕਿਹਾ ਸੀ ਕਿ ਇਹ ਕੁੱਤੇ ਦੇ ਮਾਲਕ ਦੀ ਗਲਤੀ ਹੈ। ਜਿਸ ਵਿਅਕਤੀ ਦਾ ਵਰਕ ਵੀਜ਼ਾ ਸੀ ਉਸਨੇ ਅਗਲੇ ਤਿੰਨ ਹਫ਼ਤੇ ਦੇ ਵਿਚ ਇੰਗਲੈਂਡ ਜਾਣਾ ਸੀ ਅਤੇ ਉਸਨੂੰ ਇਹ ਨਵੀਂ ਮੁਸੀਬਤ ਪੈ ਗਈ ਸੀ। ਪਰ ਉਸਨੇ ਕਰ ਕਰਾ ਕੇ ਵੀਜ਼ਾ ਤਾਂ ਦੁਬਾਰਾ ਪ੍ਰਾਪਤ ਕਰ ਲਿਆ ਪਰ ਨਵਾਂ ਪਾਸਪੋਰਟ ਬਨਾਉਣ ਦੇ ਲਈ ਉਸਨੂੰ ਅਰਜੈਂਟ ਫੀਸ ਦੇ ਨਾਲ 430 ਡਾਲਰ ਖਰਚਣੇ ਪਏ। ਉਸਨੇ ਪੈਰਵੀ ਜਾਰੀ ਰੱਖੀ ਅਤੇ ਆਖਿਰ ਨਿਊਜ਼ੀਲੈਂਡ ਪੋਸਟ ਨੇ ਗਲਤੀ ਮੰਨ ਨੇ ਹੋਏ ਨੁਕਸਾਨ ਦੀ ਪੂਰਤੀ ਲਈ ਪੇਸ਼ਕਸ਼ ਕੀਤੀ। ਸੋ ਜਿਸ ਵਿਅਕਤੀ ਨੇ ਪੂਰੀ ਤਰ੍ਹਾਂ ਇੰਗਲੈਂਡ ਜਾਣ ਦੀ ਤਿਆਰੀ ਕੀਤੀ ਹੋਵੇ ਅਤੇ ਇਹ ਘਟਨਾ ਹੋ ਜਾਵੇ ਤਾਂ ਉਸਦੇ ਮੂੰਹੋਂ ਤਾਂ ਇਹੀ ਨਿਕਲੇਗਾ ਕਿ 'ਹਾਏ ਓਏ ਰੱਬਾ, ਰੁਲ ਚੱਲੀਆਂ ਸੀ ਰੀਝਾਂ-ਕੁੱਤਾ ਖਾ ਗਿਆ ਵੀਜ਼ਾ।''

## ਨਰਿੰਦਰ ਮੋਦੀ ਦੀ ਫੇਰੀ ਤੋਂ ਪਹਿਲਾਂ ਕਿਸਾਨ ਆਗੂਆਂ ਨੂੰ ਕੀਤਾ ਘਰਾਂ ਅੰਦਰ ਨਜ਼ਰਬੰਦ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)**- ਲੋਕ ਸਭਾ ਹਲਕਾ ਹੁਸ਼ਿਆਰਪੁਰ ਤੋਂ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਅਨੀਤਾ ਸੋਮ ਪ੍ਰਕਾਸ਼ ਦੇ ਹੱਕ ਵਿੱਚ ਰੈਲੀ ਨੂੰ ਸੰਬੋਧਨ ਕਰਨ ਲਈ ਵਿਸ਼ੇਸ਼ ਤੌਰ ਤੇ ਪਹੁੰਚੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਫੇਰੀ ਨੂੰ ਲੈ ਕੇ ਕਈ ਕਿਸਾਨ ਆਗੂਆਂ ਨੂੰ ਉਹਨਾਂ ਦੇ ਘਰਾਂ ਅੰਦਰ ਹੀ ਨਜ਼ਰਬੰਦ ਕੀਤੇ ਜਾਣ ਦੀ ਖਬਰ ਹੈ।



ਜਾਣਕਾਰੀ ਦਿੰਦਿਆ ਜਸਵੰਤ ਸਿੰਘ ਭੱਠਲ ਸੂਬਾ ਪ੍ਰਧਾਨ ਸ਼ੇਰੇ ਪੰਜਾਬ ਕਿਸਾਨ ਯੂਨੀਅਨ ਨੇ ਦੱਸਿਆ ਕਿ ਉਹਨਾਂ ਨੂੰ ਅੱਜ ਸਵੇਰ ਤੋਂ ਹੀ ਸਮੁੰਦੜਾ ਪੁਲਿਸ ਚੌਂਕੀ ਦੇ ਮੁਲਾਜਮ ਵਲੋਂ ਘਰ ਦੇ ਅੰਦਰ ਹੀ ਡੱਕ ਲਿਆ ਗਿਆ ਅਤੇ ਕਿਸੇ ਪਾਸੇ ਨੂੰ ਵੀ ਆਉਣ ਜਾਣ ਨਹੀਂ ਦਿੱਤਾ ਗਿਆ। ਉਹਨਾਂ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਕਿਸਾਨਾਂ ਤੋਂ ਰੋਸ ਪ੍ਰਦਰਸ਼ਨ ਅਤੇ ਵਿਚਾਰਾ ਦੇ ਪ੍ਰਗਟਾਵੇ ਦੀ ਅਜ਼ਾਦੀ ਦਾ ਹੱਕ ਖੋਹ ਰਹੀ ਹੈ। ਜਿਸ ਕਰਕੇ ਸੂਬੇ ਅੰਦਰ ਇਹਨਾਂ ਲੋਕ ਸਭਾ ਚੋਣਾਂ ਵਿੱਚ ਭਾਜਪਾ ਦੇ ਉਮੀਦਵਾਰਾ ਨੂੰ ਵੱਡੀ ਹਾਰ ਦਾ ਸਾਹਮਣਾ ਕਰਨਾ ਪਵੇਗਾ। ਇਸੇ ਤਰ੍ਹਾਂ ਯੂਨੀਅਨ ਦੇ ਜਨਰਲ ਸਕੱਤਰ ਪਰਮਜੀਤ ਸਿੰਘ ਬੱਬਰ ਨੂੰ ਵੀ ਉਹਨਾਂ ਦੇ ਘਰ ਅੰਦਰ ਹੀ ਪੁਲਸ ਵਲੋਂ ਬਿਨ੍ਹਾ ਵਜ੍ਹਾ ਸਾਰਾ ਦਿਨ ਨਜ਼ਰਬੰਦ ਕਰ ਰੱਖਿਆ ਗਿਆ ।

## ਰੁੱਖਾਂ ਨੂੰ ਨਾ ਸਾੜੋ

ਰੁੱਖਾਂ ਨੂੰ ਨਾ ਸਾੜੋ, ਬੰਦਿਓ ਰੱਬ ਦਿਓ
ਨਾ ਵਾਤਾਵਰਨ ਵਿਗਾੜੋ, ਬੰਦਿਓ ਰੱਬ ਦਿਓ

ਰੁੱਖ ਮਨੁੱਖ ਦਾ ਰਿਸ਼ਤਾ ਪੱਕਾ
ਪਰ ਤੂੰ ਸੱਜਣਾ ਕਰਦੈਂ ਧੱਕਾ
ਨਾ ਆਪਣਾ ਆਪ ਉਜਾੜੋ, ਬੰਦਿਓ ਰੱਬ ਦਿਓ
ਰੁੱਖਾਂ ਨੂੰ ਨਾ ਸਾੜੋ .....

ਕੀ ਮਿਲਦਾ ਤੈਨੂੰ ਅੱਗਾਂ ਲਾ ਕੇ
ਜੀਵ ਜੰਤੂ ਭੱਠੀ ਵਿੱਚ ਪਾ ਕੇ
ਨਾ ਵਰਕਾ ਧਰਮ ਦਾ ਪਾੜੋ, ਬੰਦਿਓ ਰੱਬ ਦਿਓ
ਰੁੱਖਾਂ ਨੂੰ ਨਾ ਸਾੜੋ .....

ਸਾਫ਼ ਹਵਾ ਤੇ ਰੱਖੋ ਪਾਣੀ
ਹੋਕਾ ਦਿੰਦੀ ਪੜ੍ਹ ਲਓ ਬਾਣੀ
ਨਾ ਫ਼ਿਤਰਤ ਰੱਬ ਦੀ ਤਾੜੋ, ਬੰਦਿਓ ਰੱਬ ਦਿਓ
ਰੁੱਖਾਂ ਨੂੰ ਨਾ ਸਾੜੋ .....

ਰੁੱਖ ਫੇਫੜੇ ਧਰਤੀ ਮਾਂ ਦੇ
ਇਹ ਰੁਤਬੇ ਨੇ ਠੰਡੀ ਛਾਂ ਦੇ
ਨਾ ਬਲੀ ਇਹਨਾਂ ਦੀ ਚਾੜ੍ਹੋ , ਬੰਦਿਓ ਰੱਬ ਦਿਓ
ਰੁੱਖਾਂ ਨੂੰ ਨਾ ਸਾੜੋ .....

'ਚੁੰਬਰਾ' ਵਾਤਾਵਰਨ ਸੰਭਾਲੋ
ਬੱਚਿਆਂ ਵਾਂਗ ਰੁੱਖਾਂ ਨੂੰ ਪਾਲੋ
ਗੱਲ ਖਾਨੇ ਅੰਦਰ ਵਾੜੋ, ਬੰਦਿਓ ਰੱਬ ਦਿਓ
ਰੁੱਖਾਂ ਨੂੰ ਨਾ ਸਾੜੋ .....



**- ਕੁਲਦੀਪ ਚੁੰਬਰ ਕਨੇਡਾ**
604-902-3237

# ਬਾਲੀਵੁੱਡ 'ਚ ਸਿਤਾਰਿਆਂ ਵਾਂਗ ਚਮਕਿਆ ਸੀ ਅਮਰੀਕਾ ਵੱਸਦਾ ਸ਼ਾਇਰ ਆਜ਼ਾਦ ਜਲੰਧਰੀ



ਜਦੋਂ ਦਰਦ, ਗ਼ਮ, ਖ਼ੁਸ਼ੀਆਂ, ਹਾਸੇ ਸ਼ਬਦਾਂ 'ਚ ਬੰਨ੍ਹ ਕੇ ਕਾਗਜ਼ 'ਤੇ ਝਰੀਟੇ ਜਾਣ ਤਾਂ ਸ਼ਾਇਰੀ ਜਨਮ ਲੈਂਦੀ ਹੈ ਤੇ ਜਦੋਂ ਆਵਾਮ ਦੀ ਗੱਲ ਹੋਵੇ, ਲੋਕਾਂ ਦੇ ਦਰਦ ਦੀ ਕਹਾਣੀ ਹੋਵੇ ਤਾਂ ਇਹ ਲੋਕ ਸ਼ਾਇਰੀ ਬਣ ਜਾਂਦੀ ਹੈ। ਜਿਵੇਂ ਧਰਮ 'ਚ ਜੈਕਾਰੇ ਹੁੰਦੇ ਨੇ, ਰਾਜਨੀਤੀ 'ਚ ਨਾਅਰੇ ਹੁੰਦੇ ਨੇ ਤੇ ਮੁਹੱਬਤ 'ਚ ਲਾਰੇ ਹੁੰਦੇ ਨੇ ਤੇ ਲਾਰਿਆਂ ਦੀ ਸਿੱਕ, ਤੜਫਣ ਤੇ ਉਡੀਕ ਗ਼ਜ਼ਲ ਬਣ ਜਾਂਦੀ ਹੈ।

88 ਵਰ੍ਹਿਆਂ ਦਾ ਕਿਹਰ ਚੰਦ ਸੁਮਨ ਜੋ ਹੁਣ ਸਿਰਫ ਆਜ਼ਾਦ ਜਲੰਧਰੀ ਦੇ ਨਾਂਅ ਨਾਲ ਜਾਣਿਆਂ ਜਾਂਦਾ ਸੀ। ਅਮਰੀਕਾ 'ਚ ਹੀ ਨਹੀਂ ਸਗੋਂ ਪੰਜਾਬੀ ਕਾਵਿ ਸਾਹਿਤ ਤੇ ਸੰਗੀਤ ਦੀ ਆਬੋ ਹਵਾ 'ਚ ਮਿਰਜ਼ਾ ਗ਼ਾਲਿਬ ਵਾਂਗ ਘੁਲਿਆ ਹੋਇਆ ਹੈ। ਉਹਦੀ ਬਾਲੀਵੁੱਡ 'ਚ ਤੂਤੀ ਬੋਲਦੀ ਸੀ, ਪੰਜਾਬੀ ਕਾਵਿ ਜਗਤ ਦਾ ਉਹ ਹਸਤਾਖਰ ਹੈ ਜਿਸ 'ਤੇ ਹਰ ਉਹ ਪੰਜਾਬੀ ਮਾਣ ਕਰਦਾ ਹੈ ਜਿਸ ਦੇ ਅੰਦਰ ਪੰਜਾਬੀਅਤ ਦਾ ਤੇ ਪੰਜਾਬੀ ਜ਼ੁਬਾਨ

**ਬੂਟਾ ਸਿੰਘ ਬਾਸੀ**

ਦਾ ਦਿਲ ਧੜਕਦਾ ਹੈ। ਉਹ ਆਪਣੇ ਸ਼ਬਦਾਂ ਵਿਚ ਆਖਦਾ ਹੈ ਕਿ ਬੜੇ ਲੋਕ ਨੇ ਜੋ ਅਮੀਰ ਤੇ ਵੱਡੇ ਹੋਣ ਲਈ ਪੈਸਾ ਕਮਾਉਣ ਤੱਕ ਕਾਰੋਬਾਰ ਕਰਦੇ ਹਨ ਪਰ ਮੈਂ ਵੀ ਸਫਲ ਕਾਰੋਬਾਰ ਕੀਤਾ ਹੈ, ਅਮਰੀਕਾ ਰਹਿ ਕੇ ਕੀਤਾ ਹੈ ਪਰ ਕੀਤਾ ਸਿਰਫ ਸ਼ਾਇਰੀ ਤੇ ਪੰਜਾਬੀ ਬੋਲੀ ਦਾ ਹੈ।

ਉਹਨੂੰ ਜਾਨਣ ਵਾਲੇ ਜਾਣਦੇ ਹਨ ਕਿ ਉਹ ਜਿੰਨਾ ਕਮਾਲ ਦਾ ਪੁਖਤਾ ਸ਼ਾਇਰ ਹੈ, ਉਸ ਤੋਂ ਕਈ ਗੁਣਾ ਵੱਡੀ ਇਨਸਾਨੀਅਤ ਦੀ ਬਹੁਰੰਗੀ ਤਸਵੀਰ ਸੀ। ਉਹ ਬੋਲਦਾ ਸੀ ਤਾਂ ਮਿਸ਼ਰੀ ਵੀ ਫਿੱਕੀ ਲੱਗਣ ਲੱਗ ਪੈਂਦੀ। ਉਹਦੇ ਸ਼ਬਦਾਂ ਦੀ ਮਿਠਾਸ ਪਹਿਲਾ ਗੁਣ ਹੈ ਤੇ ਚੰਗੇ ਭਲੇ ਇਨਸਾਨ ਦੇ ਧੁਰ ਅੰਦਰ ਆਜ਼ਾਦ ਜਲੰਧਰੀ ਦੇ ਨਾਂਅ ਨਾਲ ਉਤਰ ਜਾਂਦਾ। ਉਹ ਛੁਪ ਕੇ ਰਹਿਣ ਦੀ ਚਾਹਤ ਦਾ ਧਾਰਨੀ ਰਿਹਾ ਪਰ ਉਹਦੀ ਕਵਿਤਾ ਨੂੰ ਪਿਆਰ ਕਰਨ ਵਾਲੇ ਉਸ ਨੂੰ ਗਲ ਨਾਲ ਨਹੀਂ ਦਿਲ ਨਾਲ ਲਾਈ ਫਿਰਦੇ ਹਨ।

ਪੈਰਾਡਾਈਜ਼ ਆਰਟਸ ਕਲੱਬ ਦਿੱਲੀ ਦੀ ਜਦੋਂ ਉਸ ਨੇ ਸੱਠਵਿਆਂ ਦੇ ਦੌਰ 'ਚ ਸਥਾਪਨਾ ਕੀਤੀ ਤਾਂ ਪ੍ਰਸਿੱਧ ਗਾਇਕ ਭੁਪਿੰਦਰ ਸਿੰਘ ਉਸ ਕਲੱਬ ਲਈ ਗਿਟਾਰ ਵਜਾਉਂਦਾ ਹੁੰਦਾ ਸੀ, ਪ੍ਰਿਥਵੀ ਰਾਜ ਕਪੂਰ, ਅੰਮ੍ਰਿਤਾ ਪ੍ਰੀਤਮ, ਸੋਹਣ ਸਿੰਘ ਮੀਸ਼ਾ ਕਦੇ ਕਦੇ ਹਾਜ਼ਰ ਹੋ ਜਾਂਦੇ ਸਨ।

ਜਦੋਂ ਭੁਪਿੰਦਰ ਨੇ ਆਜ਼ਾਦ ਜਲੰਧਰੀ ਦਾ ਕਲਾਮ ਐਚ.ਐਮ.ਵੀ. ਵਿੱਚ ਗਾਇਆ

'ਜਬ ਛਲਕਤੇ ਹੈਂ ਤੇਰੀ ਆਖੋਂ ਸੇ ਜਾਮ ਫਿਰ ਸੰਭਲਤੇ ਹੀ ਨਹੀਂ ਰਿੰਦੋਂ ਕੇ ਜਾਮ'

ਤਾਂ ਆਵਾਜ਼ ਅਤੇ ਸ਼ਾਇਰੀ ਦਾ ਇਹ ਸਿਖਰ ਹੋ ਗਿਆ। ਇਹ ਉਹੀ ਗੀਤ ਹੈ ਜਿਸ ਨੂੰ ਏਅਰ ਇੰਡੀਆ ਆਪਣੀਆਂ ਕਈ ਉਡਾਨਾਂ ਵਿਚ ਮੈਗਜ਼ੀਨ ਰਾਹੀਂ ਵੇਰਵਾ ਦੇ ਕੇ ਮੁਸਾਫਿਰਾਂ ਨੂੰ ਸੁਣਨ ਲਈ ਪ੍ਰੇਰਿਤ ਕਰਦਾ ਸੀ। ਭੁਪਿੰਦਰ ਨੇ ਹੀ ਉਸ ਦੇ ਸ਼ਬਦਾਂ ਨੂੰ ਜ਼ੁਬਾਨ ਦੇ ਕੇ 'ਅਲਵਿਦਾ ਹੈ ਮੇਰੇ ਹਮਨਵਾਓ...।' ਨਾਲ ਦੱਸ ਦਿੱਤਾ ਸੀ ਕਿ ਕਿਸੇ ਵਕਤ ਆਜ਼ਾਦ ਜਲੰਧਰੀ ਵਰਗਾ ਕੋਈ ਸ਼ਾਇਰ ਦੂਸਰਾ ਨਹੀਂ ਸੀ।

ਸੁਰੇਸ਼ ਵਾਡੇਕਰ ਤੇ ਸਾਧਨਾ ਸਰਗਮ ਨੇ ਜਦੋਂ ਗਾਇਆ 'ਤੁਮਸਾ ਨਹੀਂ ਕੋਈ ਜ਼ਮਾਨੇ ਮੇਂ ਸਾਰੀ ਦੁਨੀਆ ਕੋ ਅਜ਼ਮਾਇਆ ਹੈ...',

ਅਲਕਾ ਯਾਗਨਿਕ ਨੇ 'ਆਇਆ ਸਪਨੋ ਮੇਂ ਕੋਈ ਸ਼ਹਿਜ਼ਾਦਾ।' ਗਾਇਆ ਤਾਂ ਲੱਗਾ ਸੀ ਕਿ ਪੰਜਾਬ ਕੋਲ ਵੀ ਇਕ ਅਨੰਦ ਬਖਸ਼ੀ ਜਾਂ ਬਸ਼ੀਰ ਬਦਰ ਵਾਂਗ ਇਕ ਆਜ਼ਾਦ ਜਲੰਧਰੀ ਹੈ। ਉਹ ਜ਼ਿੰਦਗੀ ਵਿਚ ਮਸਤ ਰਿਹਾ, ਉਸ ਦੀ ਚਾਲ ਮਸਤਾਨੀ ਸੀ, ਸਬਰ ਤੇ ਸੰਤੋਖ ਸੀ, ਇਸ ਕਰਕੇ ਉਹ ਮੜਕ ਨਾਲ ਹੀ ਤੁਰਿਆ ਰਿਹਾ ਵਰਨਾ ਕਲਾਵੇ 'ਚ ਬਹੁਤ ਕੁਝ ਘੁੱਟ ਸਕਦਾ ਸੀ। ਇਹ ਕਹਿਣ ਵਿਚ ਕੋਈ ਹਰਜ਼ ਨਹੀਂ ਕਿ ਕਿਸੇ ਵੇਲੇ ਬਾਲੀਵੁੱਡ ਦੇ ਗੀਤਾਂ ਦਾ ਇੰਤਕਾਲ ਆਜ਼ਾਦ ਜਲੰਧਰੀ ਦੇ ਨਾਮ ਹੋ ਸਕਦਾ ਸੀ ਪਰ ਫ਼ਿਲਮਾਂ ਦੀ ਚਕਾਚੌਂਧ ਵਾਲੀ ਦੁਨੀਆਂ ਤੋਂ ਕੋਰਾ ਤੇ ਸਾਦਗੀ ਤੇ ਨਿਮਰਤਾ ਵਾਲਾ ਹੋਣ ਕਰਕੇ ਉਹ ਪੈਸੇ ਨਾਲ ਮੋਹ ਪਾ ਹੀ ਨਹੀਂ ਸਕਿਆ। ਉਹ ਅੱਜ ਵੀ ਗੱਲ ਇਹ ਕਹਿ ਕੇ ਸ਼ੁਰੂ ਕਰਦਾ ਹੈ ਕਿ ਸ਼ੌਕ ਪਾਲਿਆ ਹੈ, ਜ਼ਿੰਦਗੀ ਮਾਣੀ ਹੈ, ਆਪਣੀ ਚਾਲ ਚੱਲੀ ਹੈ, ਕੁਝ ਬਣਿਆ ਹੈ ਜਾਂ ਨਹੀਂ, ਮੈਨੂੰ ਕੋਈ ਝੋਰਾ ਨਹੀਂ, ਹਾਲਾਂਕਿ ਇਕ ਪੰਜਾਬੀ ਸ਼ਾਇਰ ਦੇ ਹਿੱਸੇ ਇਹ ਆਇਆ ਹੋਵੇ ਕਿ ਉਸ ਨੇ 'ਵਾਪਸੀ ਸਾਜਨ ਕੀ', 'ਜ਼ਰਾ ਸੀ ਭੂਲ' (ਹਿੰਦੀ) ਤੇ 'ਚਿੱਟਾ ਲਹੂ' (ਪੰਜਾਬੀ) ਵਰਗੀਆਂ ਫ਼ਿਲਮਾਂ ਲਈ ਗੀਤ ਲਿਖੇ ਹੋਣ, ਗੀਤ ਹਿੱਟ ਹੋਏ ਹੋਣ ਪਰ ਪੈਰ ਨਾ ਛੱਡੇ ਹੋਣ, ਉਹ ਹਮੇਸ਼ਾਂ ਆਪਣੇ ਪੈਰਾਂ ਤੇ ਰਿਹਾ ਤੇ ਕਦੇ ਵੀ ਲਾਲਚ ਵਿਚ ਵਿਕਾਊ ਸਮਝੌਤੇ ਨਹੀਂ ਕੀਤੇ।

ਆਜ਼ਾਦ ਜਲੰਧਰੀ ਦੀ ਸੱਠਵਿਆਂ 'ਚ ਪਹਿਲੀ ਪੁਸਤਕ ਹਿੰਦੀ 'ਚ ਪ੍ਰਕਾਸ਼ਿਤ ਹੋਈ ਸੀ 'ਦੇਵ ਉਪਾਸਨਾ'। ਅਧਿਆਤਮਵਾਦ ਤੇ ਧਰਮ ਫ਼ਿਲਾਸਫ਼ੀ ਦਾ ਤਰਜ਼ਮਾਨੀ ਕਰਨ ਵਾਲੀ ਇਹ ਸ਼ਾਇਰਾਨਾ ਪੁਸਤਕ ਗ਼ੈਰ ਪੰਜਾਬੀ ਲੋਕਾਂ 'ਚ ਵੀ ਪ੍ਰਵਾਨ ਚੜ੍ਹੀ।

...ਝਲਕ ਦਿਖਾ ਦੇ ਯਹ ਮਾਂ ਤੇਰੀ ਮਿਹਰਬਾਨੀ ਹੈ,
ਤੇਰੇ ਪਿਆਰ ਕੀ ਦੁਨੀਆ ਹੂਈ ਦੀਵਾਨੀ ਹੈ।

ਇਸ ਨਾਲ ਇਹ ਧਾਰਨਾ ਬਣੀ ਸੀ ਕਿ ਪੰਜਾਬੀ ਸ਼ਾਇਰ ਆਜ਼ਾਦ ਜਲੰਧਰੀ ਹਿੰਦੀ ਕਾਵਿ-ਜਗਤ ਵਿਚ ਬਹੁਤ ਅੱਗੇ ਨਿਕਲ ਗਿਆ ਹੈ। ਉਹਦੀ ਸ਼ਰਧਾ ਤੇ ਚਾਹਤ 'ਚੋਂ ਹੀ ਲੋਕਾਂ ਦੀ ਭਲਾਈ, ਲੋੜਵੰਦਾਂ ਦੀ ਮਦਦ ਲਈ ਗਾਜ਼ੀਆਬਾਦ-ਮੇਰਠ ਰੋਡ 'ਤੇ ਸ੍ਰੀ ਮੰਨਣ ਧਾਮ ਬਣਿਆ ਜਿਸ ਨੂੰ ਪਰਉਪਕਾਰੀ ਕੇਂਦਰ ਬਣਾਉਣ ਵਿਚ ਆਜ਼ਾਦ ਦਾ ਬਹੁਤ ਵੱਡਾ ਯੋਗਦਾਨ ਸੀ। ਹੁਣ ਤੱਕ ਦਸ ਪੁਸਤਕਾਂ ਆਜ਼ਾਦ ਜਲੰਧਰੀ ਨੇ ਸਾਹਿਤ ਜਗਤ ਦੀ ਝੋਲੀ ਪਾਈਆਂ ਹਨ, ਇਨ੍ਹਾਂ 'ਚੋਂ ਅੱਠ ਪੰਜਾਬੀ, ਇਕ ਉਰਦੂ ਅਤੇ ਇਕ ਹਿੰਦੀ ਰੰਗ ਵਿਚ ਹੈ। ਇਨ੍ਹਾਂ 'ਚ ਮਨੁੱਖੀ ਕਿਰਦਾਰ, ਜੀਵਨ ਉਪਦੇਸ਼, ਜੀਵਨ ਮਿਸ਼ਨ, ਅਧਿਆਤਮ ਫ਼ਿਲਾਸਫ਼ੀ ਤੇ ਮਾਨਵ ਕਲਿਆਣ ਦੀ ਪ੍ਰੇਰਨਾ ਦਾ ਨਿਵੇਕਲਾ ਰੂਪ ਜਿਵੇਂ ਕਹਿੰਦੇ ਨੇ ਅਠੋਤਰੀ ਮਾਲਾ ਦੇ 108 ਮਣਕੇ ਹੁੰਦੇ ਹਨ, ਉਵੇਂ ਉਸ ਦੀ ਪਹਿਲੀ ਪੰਜਾਬੀ ਪੁਸਤਕ 'ਰੁਬਾਈ ਮਾਲਾ' 'ਚ 108 ਰੁਬਾਈਆਂ ਹਨ। ਇਹ ਕਾਵਿ ਮਣਕੇ ਪਾਠਕਾਂ ਨੇ ਪੜ੍ਹੇ ਹੀ ਨਹੀਂ ਸਗੋਂ ਪੂਜਾ ਵਾਂਗ ਧਿਆਏ ਹਨ। ਦੋ ਰੰਗ ਦੇਖੋ;

ਕੌਣ ਕਰੇ ਤੇਰੀ ਮਹਿਮਾ ਵਰਣਨ ਤੇਰੀਆਂ ਤੂਹੀਓਂ ਜਾਣੇ,
ਤੇਰਾ ਅੰਤ ਕਿਸੇ ਨਾ ਪਾਇਆ, ਹਾਰੇ ਚਤਰ ਸਿਆਣੇ,
ਮਿਹਰ ਤੇਰੀ ਜਦ ਹੋਵੇ ਦਾਤਾ, ਜੰਮਣ ਭੁੱਜੇ ਦਾਣੇ।

——

ਤੁੰਮਾ ਤੇ ਖਰਬੂਜ਼ਾ ਰੱਬ ਨੇ ਸੂਰਤ ਇਕ ਬਣਾਈ,
ਪਰ ਦੋਹਾਂ ਦੀ ਸੀਰਤ ਨੇ ਦੁਨੀਆਂ ਚੱਕਰਾਂ 'ਚ ਪਾਈ,
ਸੀਰਤ ਵੀ ਜੇ ਅੱਜ ਮਾਨਵ ਦੀ ਹੋ ਜਾਏ ਸੂਰਤ ਵਰਗੀ,
ਥਾਂ ਥਾਂ ਅੱਜ ਇਸ ਮਾਨਵਤਾ ਦੀ ਹੋਵੇ ਨਾ ਰੁਸਵਾਈ।

ਹਾਂ ਕਈ ਵਾਰ ਆਜ਼ਾਦ ਜਲੰਧਰੀ ਨੇ ਵਕਤ ਦੇ ਨਾਲ ਤੁਰਨ ਦਾ ਯਤਨ ਵੀ ਕੀਤਾ, ਅਭਿਜੀਤ ਨੇ ਜੋ ਉਸ ਦਾ ਲਿਖਿਆ ਗਾਇਆ ਉਹਦੇ 'ਚੋਂ ਆਧੁਨਿਕ ਪਿਆਰ ਦੀ ਤਸਵੀਰ, ਡਿਸਕੋ ਤੇ ਕਿਤੇ ਸੰਗੀਤਕ ਹੱਲਾ ਗੁੱਲਾ ਵੀ ਝਲਕਦਾ ਹੈ।

ਆਜ਼ਾਦ ਜਲੰਧਰੀ ਜੀ ਨੇ ਜਲੰਧਰ ਜ਼ਿਲ੍ਹੇ ਦੇ ਸ਼ਹਿਰ ਗੁਰਾਇਆ ਲਾਗੇ ਪੈਂਦੇ ਪਿੰਡ ਬੜਾ ਪਿੰਡ ਦੇ ਸ ਬਿਸ਼ਨ ਸਿੰਘ ਤੇ ਮਾਤਾ ਠਾਕੁਰ ਕੌਰ ਦੀ ਕੁੱਖੋਂ 12 ਜਨਵਰੀ 1933 ਨੂੰ ਜਨਮ ਲਿਆ। ਪਰਿਵਾਰ ਦਿਹਾੜੀਦਾਰ ਸੀ, ਪਰ ਕਹਿੰਦੇ ਨੇ ਧੁਰੋਂ ਲਿਖੇ ਲੇਖਾਂ ਨੇ ਚਮਕਾਰੇ ਮਾਰਨੇ ਹੀ ਹੁੰਦੇ ਨੇ।

ਬਾਪ ਨੇ ਆਪਣੇ ਪੁੱਤਰ ਦਾ ਨਾਮ ਤਾਂ ਕਿਹਰ ਚੰਦ ਸੁਮਨ ਰੱਖਿਆ ਸੀ ਪਰ ਸੱਚੀਂ ਉਹ ਆਪਣੇ ਰੋਟੀ ਦੇ ਓਹੜ ਪੋਹੜ ਤੋਂ ਵੀ ਅੱਗੇ ਨਿਕਲ ਕੇ ਦੁਨੀਆਂ 'ਚ ਵਸਦੇ ਉਨ੍ਹਾਂ ਪੰਜਾਬੀਆਂ ਦੀ ਮੁਹੱਬਤ ਭਰੀ ਬੁੱਕਲ 'ਚ ਜਾ ਵੜਿਆ ਜਿਹੜੇ ਉਸ ਨੂੰ ਸਿਰਫ ਆਜ਼ਾਦ ਜਲੰਧਰੀ ਦੇ ਨਾਮ ਨਾਲ ਹੀ ਜਾਣਦੇ ਹਨ।

ਦੇਸ਼ ਦੀ ਵੰਡ ਦੇ ਚੰਦਰੇ ਹਾਲਾਤ ਕਾਰਨ ਭਾਵੇਂ ਪੜ੍ਹਾਈ ਦਾ ਮਹੌਲ ਸਾਜ਼ਗਾਰ ਨਹੀਂ ਸੀ ਪਰ ਫਿਰ ਵੀ 1948 'ਚ ਰਾਮਗੜ੍ਹੀਆ ਸਕੂਲ ਫਗਵਾੜਾ ਤੋਂ ਆਜ਼ਾਦ ਨੇ ਅੱਠਵੀਂ ਪਾਸ ਕੀਤੀ ਅਤੇ 1950 'ਚ ਭਾਰਤ ਦੇ ਗ੍ਰਹਿ ਵਿਭਾਗ 'ਚ ਦਿੱਲੀ ਆ ਕੇ ਨੌਕਰੀ ਕਰ ਲਈ। ਇੱਥੇ ਆ ਕੇ ਪੈਰਾਡਾਈਜ਼ ਆਰਟਸ ਕਲੱਬ ਬਣਾਇਆ। ਸਾਹਿਤਕ ਤੇ ਸੰਗੀਤਕ ਮਹਿਫਲਾਂ ਦਾ ਮਾਹੌਲ ਸਿਰਜਿਆ ਤੇ ਇਸ ਰੰਗਲੇ ਮਾਹੌਲ ਨੂੰ ਛੱਡ ਕੇ ਉਹ 1978 'ਚ ਕੈਲੀਫੋਰਨੀਆ ਦੇ ਸਿਲੀਕਾਨ ਵੈਲੀ 'ਚ ਪੈਂਦੇ ਸੈਨਹੋਜ਼ੇ ਸ਼ਹਿਰ 'ਚ ਗੁਰਮੀਤ ਕੌਰ (ਸਵ.) ਨਾਲ ਵਿਆਹ ਕਰਵਾ ਕੇ ਵਸ ਗਿਆ, ਜਿਸ ਦੀ ਕੁੱਖੋਂ ਦੋ ਪੁੱਤਰਾਂ ਤੇ ਇਕ ਧੀ ਨੇ ਜਨਮ ਲਿਆ ਅਤੇ ਇਕ ਪੁੱਤਰ ਦਰਦ ਦੇ ਕੇ ਮੌਤ ਦੇ ਰਾਹ ਤੁਰ ਗਿਆ। ਆਜ਼ਾਦ ਸੰਭਲਿਆ ਤੇ ਉਸ ਨੇ ਅਮਰੀਕਾ ਆ ਕੇ ਵੀ ਆਪਣੇ ਅੰਦਰਲੇ ਸ਼ਾਇਰ ਨੂੰ ਮਰਨ ਨਹੀਂ ਦਿੱਤਾ। ਗੁਰੂਘਰ 'ਚ ਕੀਰਤਨ ਕੀਤਾ, ਮੁਸ਼ਾਇਰੇ ਕਰਵਾਏ।

ਇਹ ਕਹਿਣਾ ਪਵੇਗਾ ਕਿ ਆਜ਼ਾਦ ਜਲੰਧਰੀ ਅਮਰੀਕਾ ਵਸਦੇ ਸਾਹਿਤਕਾਰਾਂ, ਕਵੀਆਂ, ਗਾਇਕਾਂ ਤੇ ਗੀਤਕਾਰਾਂ ਲਈ ਇਕ ਪੂਜਣਯੋਗ ਨਾਮ ਸੀ ਤੇ ਰਹੇਗਾ ਵੀ। ਇੱਥੇ ਐਚ।ਐਸ। ਭਜਨ, ਤਰਲੋਕ ਸਿੰਘ, ਅਨੂਪ ਚੀਮਾ, ਸਤਪਾਲ ਦਿਓਲ ਤੇ ਸੁਖਦੇਵ ਸਾਹਿਲ ਨੇ ਉਸ ਦੀਆਂ ਕਾਵਿ ਰਚਨਾਵਾਂ ਨੂੰ ਆਵਾਜ਼ ਦਿੱਤੀ। ਇੰਗਲੈਂਡ ਦੇ ਮਸਤਾਨ ਹੀਰਾ ਨੇ ਡਾ। ਭੀਮ ਰਾਓ ਅੰਬੇਡਕਰ ਜੀ ਬਾਰੇ ਲਿਖੇ ਉਸ ਦੇ ਗੀਤਾਂ ਦੀ ਪੂਰੀ ਐਲਬਮ ਤਿਆਰ ਕੀਤੀ। ਜ਼ਿਕਰਯੋਗ ਹੈ ਕਿ ਉਹ ਡਾ। ਬੀ।ਆਰ। ਅੰਬੇਡਕਰ ਐਜੂਕੇਸ਼ਨਲ ਤੇ ਏਡ ਸੁਸਾਇਟੀ ਅਮਰੀਕਾ ਦਾ ਬਾਨੀ ਵੀ ਹੈ।

ਗਿਆਨੀ ਜੰਗ ਸਿੰਘ ਤੇ ਆਜ਼ਾਦ ਜਲੰਧਰੀ ਦਾ ਸਾਂਝਾ 'ਅਭਿਨੰਦਨ ਗ੍ਰੰਥ' ਪੜ੍ਹੋਗੇ ਤਾਂ ਆਜ਼ਾਦ ਜਲੰਧਰੀ ਦੇ ਪੂਰੇ ਦਰਸ਼ਨ ਦੀਦਾਰੇ ਹੋ ਜਾਣਗੇ। ਭਾਰਤ ਰਹਿੰਦਿਆਂ ਉਸ ਨੇ ਤ੍ਰੈਭਾਸ਼ਾਈ ਮੁਸ਼ਾਇਰਿਆਂ 'ਚ ਅਨੇਕਾਂ ਵਾਰ ਹਿੱਸਾ ਲਿਆ ਅਤੇ ਵੱਡੇ ਵੱਡੇ ਮਾਣ ਸਨਮਾਨ ਹਾਸਲ ਕੀਤੇ।

1997 ਦੇ ਨਵੇਂ ਸਾਲ ਅਤੇ ਕ੍ਰਿਸਮਿਸ ਮੌਕੇ ਅੰਗਰੇਜ਼ੀ 'ਚ ਲਿਖੀ ਅਮਰੀਕਾ ਬਾਰੇ ਕਵਿਤਾ ਜਦੋਂ ਤਤਕਾਲੀ ਰਾਸ਼ਟਰਪਤੀ ਬਿਲ ਕਲਿੰਟਨ ਤੱਕ ਪੁੱਜੀ ਤਾਂ ਉਸ ਨੂੰ ਵ੍ਹਾਈਟ ਹਾਊਸ ਤੋਂ ਮਿਲਿਆ ਪ੍ਰਸ਼ੰਸਾ ਪੱਤਰ ਸ਼ਾਇਦ ਉਸ ਦੀ ਜ਼ਿੰਦਗੀ ਦੀ ਇਕ ਜਾਇਦਾਦ ਬਣ ਗਈ। ਬੌਲੀਵੁੱਡ ਅਦਾਕਾਰਾ ਨਰਗਿਸ ਸੁਨੀਲ ਦੱਤ ਵਲੋਂ ਉਸ ਨੂੰ ਲਿਖੇ ਪੱਤਰਾਂ ਨੂੰ ਵੀ ਉਹ ਆਪਣੀ ਜ਼ਿੰਦਗੀ ਦਾ ਸਰਮਾਇਆ ਸਮਝਦਾ ਹੈ।

ਉਹ ਉਸਤਾਦ ਲਾਲ ਚੰਦ ਚਨਿਊਟੀ ਦਾ ਸ਼ਾਗਿਰਦ ਹੈ ਜਿਸ ਦੇ ਅਸ਼ੀਰਵਾਦ ਨਾਲ ਉਸ ਨੇ ਸਾਹਿਤ ਵਿਚ ਜੋ ਚਾਹਿਆ ਉਹ ਪਾਇਆ।

ਉਹ ਮਾਣ ਕਰਦਾ ਹੈ ਕਿ ਉਸ ਦੇ ਪੁੱਤਰ ਰਾਜ ਕੁਮਾਰ ਆਜ਼ਾਦ ਨੇ ਉਸ ਦੀ ਰੱਜ ਕੇ ਸੇਵਾ ਕੀਤੀ ਅਤੇ ਬੁਢਾਪਾ ਵੀ ਸਵਰਗ ਵਰਗਾ ਬਣਾ ਦਿੱਤਾ।

ਉਹ ਆਖਦਾ ਹੈ ਕਿ ਜੇ ਦੋਸਤ ਹੋਣ ਤਾਂ ਅਮਰੀਕ ਚੰਦ ਲਾਖਾ ਤੇ ਰਾਮ ਮੂਰਤੀ ਸਰੋਏ ਵਰਗੇ ਜਿਨ੍ਹਾਂ ਨੂੰ ਮੇਰੀ ਸ਼ਾਇਰੀ ਹੀ ਯਾਦ ਨਹੀਂ ਸਗੋਂ ਉਨ੍ਹਾਂ ਮੇਰੀਆਂ ਪੁਸਤਕਾਂ ਦੀ ਪ੍ਰਕਾਸ਼ਨਾ ਤੇ ਮੇਰੇ ਕਾਰਜਾਂ ਨੂੰ ਸੰਭਾਲਣ ਦਾ ਵੀ ਯਤਨ ਕੀਤਾ ਹੈ, ਉਹ ਮੇਰੇ ਸਾਹਾਂ ਦੇ ਸੰਗੀ ਹਨ।

## ਸਵਰਗੀ ਆਜ਼ਾਦ ਜਲੰਧਰੀ ਦੀ ਯਾਦ ਵਿਚ ਉਹਨਾਂ ਦੁਆਰਾ ਰਚਿਤ ਕੁਝ ਰਚਨਾਵਾਂ

### ਸੱਚ ਦਾ ਸੂਰਜ

ਕਾਲੀ ਰਾਤ ਦੀ ਭਲਾ ਔਕਾਤ ਕੀ ਏ
ਜਦੋਂ ਹੋਵੇ ਪ੍ਰਭਾਤ ਤੇ ਚੜ੍ਹੇ ਸੂਰਜ।

ਕਿਹੜਾ ਰੋਕ ਸਕਦਾ ਇਹਦੇ ਘੋੜਿਆਂ ਨੂੰ
ਕੌਣ ਅੰਬਰਾਂ ਤੇ ਜਾ ਕੇ ਫੜ੍ਹੇ ਸੂਰਜ।

ਚੀਰ ਦਿੰਦਾ ਜ਼ੁਲਮਾਤ ਦੇ ਨੇਹਰਿਆਂ ਨੂੰ
ਧਨੁਸ਼-ਬਾਣ ਜਦ ਕਿਰਨਾਂ ਦਾ ਫੜੇ ਸੂਰਜ।

ਸੁੱਤੇ ਆਲਸੀ ਲੋਕ ਭੀ ਜਾਗ ਪੈਂਦੇ
ਆ ਕੇ ਜਿਹੜਿਆਂ ਵਿਚ ਅੰਦਰ ਜਦ ਬੜੇ ਸੂਰਜ।

ਸੂਰਜ ਸੱਚ ਦਾ ਚੜ੍ਹਿਆ ਏ ਵਿਚ ਕਾਸ਼ੀ
ਜਾਤ ਪਾਤ ਦਾ ਨੇਹਰ ਮਿਟੌਣ ਦੇ ਲਈ।

ਕਾਂਸ਼ੀ ਵਿਚ ਰਵੀਦਾਸ ਅਵਤਾਰ ਆਏ
ਮੁਰਦਾ ਰੂਹਾਂ ਅੰਦਰ ਜਾਨ ਪੌਣ ਦੇ ਲਈ।

### ਗੀਤ/ ਧੰਨ ਤੇਰੀ ਵਡਿਆਈ

ਕਾਸ਼ੀ ਵਾਲੜਿਆ ਧੰਨ ਤੇਰੀ ਵਡਿਆਈ
ਜਾਮੇ ਵਿਚ ਰਵੀਦਾਸ ਗੁਰੂ ਦੇ ਜੋਤ ਇਲਾਹੀ ਆਈ।

ਘਰ ਸੰਤੋਖ ਪਿਤਾ ਦੇ ਵਾਲੀ ਕੁੱਲ ਦੁਨੀਆਂ ਦਾ ਆਇਆ
ਮਾਂ ਕਲਸੀ ਦੀ ਕੁੱਖ ਨੂੰ ਆ ਕੇ ਭਾਗ ਪ੍ਰਭੂ ਨੇ ਲਾਇਆ
ਹਰੀ ਨਾਮ ਦੀ ਬਰਖਾ ਕਰਕੇ ਜਗ ਤੇ ਠੰਡ ਵਰਤਾਈ। ਕਾਸ਼ੀ ...

ਦੁਖੜੇ ਸਹਿੰਦੇ ਸਹਿੰਦੇ ਜਿਸਨੂੰ ਬੀਤੇ ਸਾਲ ਹਜ਼ਾਰਾਂ
ਸੁਣ ਲਈਆਂ ਉਸ ਕੌਮ ਦੀਆਂ ਮਾਲਿਕ ਨੇ ਹਾਲ ਪੁਕਾਰਾਂ
ਸਦੀਆਂ ਪਿੱਛੋਂ ਮਜ਼ਲੂਮਾਂ ਦੀ ਰੱਬ ਨੇ ਸੁਣੀ ਦੁਹਾਈ। ਕਾਸ਼ੀ ...

ਊਚ ਨੀਚ ਨਾ ਕੋਈ ਏਥੇ ਸਭ ਕੁਦਰਤ ਦੇ ਬੰਦੇ
ਇਕ ਨੂਰ ਤੋਂ ਸਾਰੇ ਉਪਜੇ ਕੌਣ ਭਲੇ ਕੌਣ ਮੰਦੇ
ਚੌਂਹ ਵਰਨਾਂ ਨੇ ਤੇਰੇ ਦਰ ਤੇ ਗਰਦਨ ਆਣ ਝੁਕਾਈ। ਕਾਸ਼ੀ ...

ਹਰ ਸੋ ਹੀਰਾ ਮੂਲ ਨਾ ਵੱਢੋ ਸੁੱਤੇ ਭਾਗ ਜਗਾਵੇ
ਤਰ ਜਾਵੇ 'ਆਜ਼ਾਦ' ਉਹ ਬੰਦਾ ਜੋ ਹਰ ਨਾਮ ਧਿਆਵੇ
ਭੁੱਲੀ ਭਟਕੀ ਦੁਨੀਆਂ ਬੇਗਮਪੁਰ ਦੇ ਰਾਹੇ ਪਾਈ।
ਕਾਸ਼ੀ ਵਲੜਿਆ ਧੰਨ ਤੇਰੀ ਵਡਿਆਈ।

# ਸਮਾਜ ਦੇ ਹਮਦਰਦ ਸੰਤਾਂ ਨੇ ਬਸਪਾ ਉਮੀਦਵਾਰਾਂ ਨੂੰ ਦਿੱਤਾ ਅਸ਼ੀਰਵਾਦ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)-** ਅੱਜ ਜਿਹੜੀਆਂ ਗੱਲਾਂ ਬਹੁਜਨ ਸਮਾਜ ਪਾਰਟੀ ਚਾਹੁੰਦੀ ਸੀ ਅੱਜ ਸ਼ਾਇਦ ਉਹ ਸਭ ਗੱਲਾਂ ਸੱਚੀਆਂ ਹੋ ਰਹੀਆਂ ਹਨ ਕਿਉਂਕਿ ਸਾਡੇ ਸੰਤ ਮਹਾਂਪੁਰਸ਼ ਵੀ ਬਸਪਾ ਉਮੀਦਵਾਰਾ ਨੂੰ ਹੀ ਨਹੀਂ ਪੂਰੀ ਬਹੁਜਨ ਸਮਾਜ ਪਾਰਟੀ ਨੂੰ ਆਪਣਾ ਆਪਣਾ ਆਸ਼ੀਰਵਾਦ ਦੇ ਰਹੇ ਹਨ ਕਿ ਇਸ ਵਾਰ ਮੌਕਾ ਬਸਪਾ ਪਾਰਟੀ ਨੂੰ ਦੇ ਕੇ ਦੇਖ ਲਓ ਕਿਉਂਕਿ ਕਿ ਇਹ ਪਾਰਟੀ ਹੀ ਗਰੀਬਾਂ ਦੀ ਸਹਾਇਤਾ ਕਰਦੀ ਹੈ ਜਾਣਕਾਰੀ ਕਿ ਜਿਥੇ ਕਿਤੇ ਕਿਸੇ ਗਰੀਬ ਜਾਂ ਜਾਤੀ ਵਿਤਕਰਾ ਹੁੰਦਾ ਹੈ ਹੋਰ ਕੋਈ ਵੀ ਪਾਰਟੀ ਨਜ਼ਰ ਨਹੀਂ ਆਉਂਦੀ ਪਰ ਬਹੁਜਨ ਸਮਾਜ ਪਾਰਟੀ ਜ਼ਰੂਰ ਨਜ਼ਰ ਆਉਂਦੀ ਹੈ ਅਤੇ ਉਸ ਗਰੀਬ ਦੀ ਸਹਾਇਤਾ ਕਰਦੀ ਹੈ। ਇਹ ਪਾਰਟੀ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਨੇ ਬਣਾਈ ਇਸ ਕਰਕੇ ਹੀ ਹੈ ਕਿ ਤੁਸੀਂ ਗਰੀਬਾਂ ਅਤੇ ਮਜ਼ਲੂਮਾਂ ਦੀ ਸਹਾਇਤਾ ਕਰੋਗੇ ਤਾਂ ਗਰੀਬ ਸਮਾਜ ਵੋਟਾਂ ਵੇਲੇ ਤੁਹਾਡੀ ਸਹਾਇਤਾ ਕਰਨਗੇ। ਆਵਾਜ਼ੇ ਕੌਮ ਅਤੇ ਇਨਕਲਾਬੀ ਸੰਤ ਕ੍ਰਿਸ਼ਨ ਨਾਥ ਚਹੇੜੂ ਵਾਲੇ ਹਮੇਸ਼ਾ ਹੀ ਬਸਪਾ ਦੀ ਸਹਾਇਤਾ ਕਰਦੇ ਰਹਿੰਦੇ ਹਨ। ਸਾਡੇ ਸੰਤ ਮਹਿੰਦਰਪਾਲ ਜੀ ਪੰਡਵਾ ਵਾਲਿਆਂ ਨੇ ਵੀ ਇਸ ਵਾਰ ਬਸਪਾ ਪਾਰਟੀ ਨੂੰ ਜਿਤਾਉਣ ਲਈ ਆਪਣੇ ਸ਼ਰਧਾਲੂਆਂ ਨੂੰ ਹੁਕਮ ਕੀਤਾ ਹੈ ਕਿ ਤੁਸੀਂ ਇਸ ਵਾਰ ਬਸਪਾ ਪਾਰਟੀ ਨੂੰ ਮੌਕਾ ਦੇਣਾ ਚਾਹੀਦਾ ਹੈ। ਉਨ੍ਹਾਂ ਤੋਂ ਬਾਅਦ



ਸੰਤ ਕੁਲਵੰਤ ਰਾਮ ਜੀ ਭਰੋ ਮਜਾਰਾ ਵਾਲਿਆਂ ਨੇ ਵੀ ਖੁੱਲ੍ਹ ਕੇ ਐਲਾਨ ਕੀਤਾ ਹੈ ਕਿ ਇਸ ਵਾਰ ਬਸਪਾ ਨੂੰ ਮੌਕਾ ਦੇਣਾ ਚਾਹੀਦਾ ਹੈ ਕਿਉਂਕਿ ਕਿ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਨੇਂ ਸਾਨੂੰ ਬਾਬਾ ਸਾਹਿਬ ਡਾ ਅੰਬੇਡਕਰ ਜੀ ਅਤੇ ਅਨੇਕਾਂ ਮਹਾਂਪੁਰਸ਼ਾਂ ਦੇ ਵਾਰੇ ਦੱਸਿਆ ਹੈ। ਹੋਰ ਕਈ ਸੰਤ ਮਹਾਂਪੁਰਸ਼ ਵੀ ਬਸਪਾ ਦੀ ਸਹਾਇਤਾ ਕਰਦੇ ਹਨ। ਇਸ ਲਈ ਸਾਨੂੰ ਸਾਰਿਆਂ ਨੂੰ ਇੱਕ ਮੁੱਠ ਹੋਕੇ ਬਸਪਾ ਦੇ ਉਮੀਦਵਾਰਾਂ ਦੀ ਸਹਾਇਤਾ ਕਰਨੀ ਚਾਹੀਦੀ ਹੈ।

# ਮੁਕਾਬਲੇ ਦੀ ਪ੍ਰੀਖਿਆ ਵਿੱਚ ਫੇਲ੍ਹ ਹੋਣਾ ਸੰਸਾਰ ਦਾ ਅੰਤ ਨਹੀਂ ਹੈ



ਵਿਜੈ ਗਰਗ (ਪੀ.ਈ.ਐਸ.)
ਸਾਬਕਾ ਪ੍ਰਿੰਸੀਪਲ

ਜ਼ਿੰਦਗੀ ਇੱਕ ਸਖ਼ਤ ਟੈਂਪਲੇਟ ਦੀ ਪਾਲਣਾ ਨਹੀਂ ਕਰਦੀ ਜਾਂ ਇੱਕ-ਆਕਾਰ-ਫਿੱਟ-ਸਾਰੇ ਫਾਰਮੂਲੇ ਦੀ ਪੇਸ਼ਕਸ਼ ਨਹੀਂ ਕਰਦੀ ਹੈ ਜੋ ਸੰਭਾਵਤ ਤੌਰ 'ਤੇ ਹਰ ਕਿਸੇ ਲਈ ਸਫਲਤਾ ਲਈ ਇੱਕ ਨਿਸ਼ਚਤ-ਸ਼ਾਟ ਮਾਰਗ ਦੀ ਪੇਸ਼ਕਸ਼ ਕਰ ਸਕਦੀ ਹੈ। ਟੈਂਪਲੇਟਾਂ ਤੋਂ ਮੁਕਤ ਜੀਵਨ ਜੀਣਾ ਕੋਈ ਆਸਾਨ ਵਿਕਲਪ ਨਹੀਂ ਹੈ ਕਿਉਂਕਿ ਅਸੀਂ ਯੋਗਤਾ ਦੇ ਯੁੱਗ ਵਿੱਚ ਜੀ ਰਹੇ ਹਾਂ। ਹਾਲਾਂਕਿ ਮੈਰੀਟੋਕਰੇਸੀ ਆਪਣੇ ਆਪ ਵਿੱਚ ਇੱਕ ਨੁਕਸਦਾਰ ਸੰਕਲਪ ਨਹੀਂ ਹੈ, ਪਰ ਇਸਦੀ ਵਧੇਰੇ ਡੂੰਘਾਈ ਨਾਲ ਜਾਂਚ ਕੀਤੀ ਜਾਣੀ ਜ਼ਰੂਰੀ ਹੈ। ਇੱਕ ਸੋਸ਼ਲ ਮੀਡੀਆ ਦੀ ਸਮਝ ਰੱਖਣ ਵਾਲੇ ਉਦਯੋਗਪਤੀ ਦੁਆਰਾ ਇੱਕ ਤਾਜ਼ਾ ਟਵੀਟ ਨੇ ਅਕਾਦਮਿਕ ਜਗਤ ਵਿੱਚ ਸਭ ਤੋਂ ਚੁਣੌਤੀਪੂਰਨ ਦਾਖਲਾ ਪ੍ਰੀਖਿਆਵਾਂ ਬਾਰੇ ਇੱਕ ਬਹਿਸ ਛੇੜ ਦਿੱਤੀ ਹੈ। ਇਸ ਨੇ ਇਹ ਤੱਥ ਵੀ ਸਾਹਮਣੇ ਲਿਆਂਦਾ ਹੈ ਕਿ ਵਿਸ਼ਵ ਭਰ ਵਿੱਚ ਕ੍ਰੈਕ ਕਰਨ ਲਈ 10 ਸਭ ਤੋਂ ਮੁਸ਼ਕਲ ਪ੍ਰੀਖਿਆਵਾਂ ਵਿੱਚੋਂ ਤਿੰਨ ਭਾਰਤ ਵਿੱਚ ਸਾਲਾਨਾ ਆਯੋਜਿਤ ਕੀਤੀਆਂ ਜਾਂਦੀਆਂ ਹਨ। ਵਿਸ਼ਵ ਰੈਂਕਿੰਗ ਵੈਬਸਾਈਟ ਦੇ ਅਨੁਸਾਰ, ਆਈਆਈਟੀ ਜੇਈਈ (ਸੰਯੁਕਤ ਦਾਖਲਾ ਪ੍ਰੀਖਿਆ), ਸਿਵਲ ਸੇਵਾਵਾਂ ਪ੍ਰੀਖਿਆ, ਅਤੇ ਇੰਜੀਨੀਅਰਿੰਗ ਵਿੱਚ ਗ੍ਰੈਜੂਏਟ ਐਪਟੀਟਿਊਡ ਟੈਸਟ ਨੂੰ ਕ੍ਰਮਵਾਰ ਦੁਨੀਆ ਵਿੱਚ ਦੂਜੇ, ਤੀਜੇ ਅਤੇ ਅੱਠਵੇਂ ਸਭ ਤੋਂ ਔਖੇ ਇਮਤਿਹਾਨਾਂ ਵਿੱਚ ਦਰਜਾ ਦਿੱਤਾ ਗਿਆ ਹੈ। ਇਸ ਲੇਖ ਵਿੱਚ, ਆਓ ਵਿਦਿਆਰਥੀਆਂ ਅਤੇ ਮਾਪਿਆਂ ਵਿੱਚ ਇਸਦੀ ਪ੍ਰਸਿੱਧੀ ਅਤੇ ਉੱਚ ਕੁਸ਼ਲ ਮਨੁੱਖੀ ਸ਼ਕਤੀ ਦੀ ਇੱਕ ਸਦੀਵੀ ਪਾਈਪਲਾਈਨ ਬਣਾਉਣ ਵਿੱਚ ਇਸਦੀ ਭੂਮਿਕਾ ਦੇ ਮੱਦੇਨਜ਼ਰ ਆਈਆਈਟੀ-ਜੇਈਈ 'ਤੇ ਧਿਆਨ ਕੇਂਦਰਤ ਕਰੀਏ।

ਟੈਸਟ ਰਚਨਾ ਹਰ ਸਾਲ, ਲਗਭਗ 1-1.2 ਮਿਲੀਅਨ ਨੌਜਵਾਨ ਭਾਰਤੀ ਇਸ ਇਮਤਿਹਾਨ ਵਿੱਚ ਹਿੱਸਾ ਲੈਂਦੇ ਹਨ, ਇਹ ਚੰਗੀ ਤਰ੍ਹਾਂ ਜਾਣਦੇ ਹੋਏ ਕਿ ਲਗਭਗ 7-12% ਦੇ ਕੋਲ 23 IITs ਵਿੱਚੋਂ ਇੱਕ ਵਿੱਚ ਦਾਖਲਾ ਲੈਣ ਦੀ ਅਸਲ ਸੰਭਾਵਨਾ ਹੈ। ਸਫਲਤਾ ਦੀਆਂ ਅਜਿਹੀਆਂ ਘੱਟ ਸੰਭਾਵਨਾਵਾਂ ਇਸ ਨੂੰ ਇੱਕ ਮਜ਼ਬੂਤ ਅਕਾਦਮਿਕ ਬੁਨਿਆਦ ਬਣਾਉਣ ਦੇ ਵਾਜਬ ਮੌਕੇ ਨਾਲੋਂ ਇੱਕ ਲਾਟਰੀ ਜਿੱਤਣ ਵਰਗਾ ਲੱਗਦਾ ਹੈ ਜਿਸ 'ਤੇ ਭਵਿੱਖ ਦੇ ਕਰੀਅਰ ਬਣਾਏ ਜਾ ਸਕਦੇ ਹਨ। ਇਸ ਤੋਂ ਇਲਾਵਾ, ਇਹ ਸਿਰਫ਼ ਪਤਲੀਆਂ ਔਕੜਾਂ ਹੀ ਨਹੀਂ ਹਨ ਜੋ ਸਾਨੂੰ ਪਰੇਸ਼ਾਨ ਕਰਨੀਆਂ ਚਾਹੀਦੀਆਂ ਹਨ, ਪਰ ਪ੍ਰੀਖਿਆਵਾਂ ਦੀ ਰਚਨਾ ਆਪਣੇ ਆਪ ਵਿੱਚ।

ਹਾਲਾਂਕਿ ਜ਼ਿਆਦਾਤਰ ਚਾਹਵਾਨ ਵੱਖ-ਵੱਖ ਕਿਸਮਾਂ ਦੇ ਇੰਜੀਨੀਅਰ ਬਣਨਾ ਚਾਹੁੰਦੇ ਹਨ, ਪਰ ਟੈਸਟ ਇਹਨਾਂ ਖੇਤਰਾਂ ਨਾਲ ਸਬੰਧਤ ਵਿਸ਼ਿਆਂ ਲਈ ਯੋਗਤਾ ਦੀ ਜਾਂਚ ਕਰਨਾ ਜਾਰੀ ਰੱਖਦਾ ਹੈ। ਇਮਤਿਹਾਨਾਂ ਇੱਕ ਸਹੀ ਮੁਲਾਂਕਣ ਵਾਂਗ ਨਹੀਂ ਜਾਪਦੀਆਂ, ਇੱਕ ਵਿਦਿਆਰਥੀ ਦੀ ਬੁੱਧੀ ਜਾਂ ਸਮਰੱਥਾ ਦਾ ਇੱਕ ਨਿਰਪੱਖ ਮਾਪ ਛੱਡ ਦਿਓ। ਆਈਆਈਟੀ ਜੇਈਈ ਵਰਗੀਆਂ ਅਤਿਅੰਤ ਪ੍ਰਤੀਯੋਗੀ ਪ੍ਰਵੇਸ਼ ਪ੍ਰੀਖਿਆਵਾਂ ਇਹ ਵੀ ਯਕੀਨੀ ਬਣਾਉਂਦੀਆਂ ਹਨ ਕਿ ਹਰ ਕਿਸੇ ਕੋਲ ਇੱਕ ਸਮਾਨ ਕੋਚਿੰਗ ਰੁਟੀਨ ਹੋਵੇ, ਜਿਵੇਂ ਕਿ ਉਹ ਸਕੂਲਾਂ ਅਤੇ ਸੰਸਥਾਵਾਂ ਵਿਚਕਾਰ ਸ਼ਟਲ ਹੁੰਦੇ ਹਨ। ਕਈ ਤਾਂ ਰੈਗੂਲਰ ਸਕੂਲੀ ਪੜ੍ਹਾਈ ਵੀ ਛੱਡ ਦਿੰਦੇ ਹਨ ਅਤੇ ਆਪਣੀ ਜ਼ਿੰਦਗੀ ਦੇ ਤਿੰਨ ਤੋਂ ਚਾਰ ਸਾਲ ਆਈਆਈਟੀ ਜੇਈਈ ਨੂੰ ਪਾਸ ਕਰਨ ਲਈ ਸਮਰਪਿਤ ਕਰਦੇ ਹਨ। ਹਾਲਾਂਕਿ, ਇਹ ਕਰੀਅਰ ਬਣਾਉਣ ਜਾਂ ਕਿਸੇ ਦੇ ਜੀਵਨ ਨੂੰ ਆਕਾਰ ਦੇਣ ਲਈ ਇੱਕ ਟਿਕਾਊ ਪਹੁੰਚ ਨਹੀਂ ਹੈ। ਭਾਵੇਂ ਕੋਈ ਭਵਿੱਖ ਦੇ ਇੰਜੀਨੀਅਰਾਂ ਲਈ ਚੋਣ ਫਿਲਟਰ ਵਜੋਂ ਆਈਆਈਟੀ-ਜੇਈਈ ਦੀਆਂ ਅੰਦਰੂਨੀ ਖਾਮੀਆਂ ਤੋਂ ਪਰੇ ਦੇਖਣ ਲਈ ਤਿਆਰ ਹੈ, ਹੋਰ ਢੁਕਵੇਂ ਮੁੱਦੇ ਬਾਕੀ ਹਨ। ਆਈਆਈਟੀ ਦੀ ਅਕਾਦਮਿਕ ਉੱਤਮਤਾ ਜਾਂ ਚਾਰ ਸਾਲਾਂ ਦੇ ਪ੍ਰੋਗਰਾਮ ਨੂੰ ਪੂਰਾ ਕਰਨ ਲਈ ਲੋੜੀਂਦੀ ਕਠੋਰਤਾ 'ਤੇ ਬਹਿਸ ਦੀ ਕੋਈ ਥਾਂ ਨਹੀਂ ਹੈ। ਹਾਲਾਂਕਿ, ਵਿਕਲਪਾਂ 'ਤੇ ਵਿਚਾਰ ਕਰਨਾ ਵੀ ਬਰਾਬਰ ਮਹੱਤਵਪੂਰਨ ਹੈ। ਵਿਸ਼ਵ, ਅਤੇ ਖਾਸ ਤੌਰ 'ਤੇ ਭਾਰਤ, ਵਰਤਮਾਨ ਵਿੱਚ ਆਈਆਈਟੀ ਅਤੇ ਐਨ ਆਈ ਟੀ ਦੇ ਆਮ ਪ੍ਰੋਗਰਾਮਾਂ ਤੋਂ ਇਲਾਵਾ, ਰੋਬੋਟਿਕਸ, ਏਆਈ, ਸੈਮੀਕੰਡਕਟਰ, ਹਾਰਡਵੇਅਰ, ਅਤੇ ਹੋਰਾਂ ਸਮੇਤ ਵਿਭਿੰਨ ਧਾਰਾਵਾਂ ਵਿੱਚ ਵਿਕਲਪਕ ਸਿਖਲਾਈ ਪਲੇਟਫਾਰਮ ਅਤੇ ਪ੍ਰੋਗਰਾਮਾਂ ਦੀ ਇੱਕ ਭੀੜ ਪੇਸ਼ ਕਰਦਾ ਹੈ। ਇਹਨਾਂ ਵਿੱਚ ਅਕਸਰ ਬਰਾਬਰ ਮਜ਼ਬੂਤ, ਜੇ ਬਿਹਤਰ ਨਹੀਂ, ਅਤੇ ਵਧੇਰੇ ਕੇਂਦ੍ਰਿਤ ਦਾਖਲਾ ਪ੍ਰਕਿਰਿਆਵਾਂ ਹੁੰਦੀਆਂ ਹਨ ਅਤੇ ਕਰੀਅਰ ਦੇ ਬਰਾਬਰ ਫਲਦਾਇਕ ਨਤੀਜੇ ਲੈ ਸਕਦੀਆਂ ਹਨ। ਸੰਪੂਰਨ ਪਹੁੰਚ ਇਸ ਲਈ, "ਇਹ ਜਾਂ ਤਾਂ ਆਈਆਈਟੀ ਹੈ ਜਾਂ ਕੁਝ ਨਹੀਂ" ਵਰਗੀਆਂ ਗੈਰ-ਵਾਜਬ ਧਾਰਨਾਵਾਂ ਨੂੰ ਫੜਨ ਦੀ ਬਜਾਏ, ਵਿਦਿਆਰਥੀ ਅਤੇ ਉਹ ਜੋ ਉਹਨਾਂ ਨੂੰ ਉਹਨਾਂ ਦੇ ਵਿਦਿਅਕ ਕੰਮਾਂ ਵਿੱਚ ਮਾਰਗਦਰਸ਼ਨ ਕਰਦੇ ਹਨ, ਉੱਚ ਸਿੱਖਿਆ ਲਈ ਵਧੇਰੇ ਸੰਪੂਰਨ ਅਤੇ ਯਥਾਰਥਵਾਦੀ ਪਹੁੰਚ ਅਪਣਾਉਣ ਵਿੱਚ ਉਹਨਾਂ ਦੀ ਮਦਦ ਕਰਨ ਲਈ ਹੇਠਾਂ ਦਿੱਤੇ ਸੁਝਾਵਾਂ 'ਤੇ ਵਿਚਾਰ ਕਰਨਾ ਚਾਹ ਸਕਦੇ ਹਨ, ਕਰੀਅਰ, ਅਤੇ ਆਮ ਤੌਰ 'ਤੇ ਜੀਵਨ। ਸੰਭਾਵੀ ਦਿਲਚਸਪੀ ਵਾਲੇ ਖੇਤਰਾਂ/ਕੈਰੀਅਰ ਦੇ ਮੌਕਿਆਂ ਦੀ ਪਛਾਣ ਕਰੋ; ਵਿਕਲਪਕ ਵਿਦਿਅਕ ਪਲੇਟਫਾਰਮਾਂ ਅਤੇ ਐਡਟੈਕ ਪਲੇਅਰਾਂ ਦੀ ਖੋਜ ਕਰੋ ਜੋ ਤੁਹਾਡੇ ਕੈਰੀਅਰ ਦੀਆਂ ਯੋਜਨਾਵਾਂ ਦੇ ਅਨੁਕੂਲ ਪ੍ਰੋਗਰਾਮ ਪੇਸ਼ ਕਰਦੇ ਹਨ। ਪ੍ਰੋਜੈਕਟਾਂ ਨੂੰ ਲੈਣਾ ਅਤੇ ਤੁਹਾਡੇ ਲੋੜੀਂਦੇ ਖੇਤਰਾਂ ਵਿੱਚ ਇੰਟਰਨਸ਼ਿਪ; ਸਕੂਲ/ਕੋਚਿੰਗ ਸੰਸਥਾਵਾਂ ਦੇ ਬਜ਼ੁਰਗਾਂ ਨਾਲ ਨੈੱਟਵਰਕ, ਇਹ ਸਮਝਣ ਲਈ ਕਿ ਸਿੱਖਣ ਦੀ ਯਾਤਰਾ ਨੂੰ ਜਾਰੀ ਰੱਖਣ ਲਈ ਕਿਸੇ ਨੂੰ ਕਿਹੜੇ ਹੁਨਰ ਦੀ ਲੋੜ ਹੈ; ਪ੍ਰਚਲਿਤ ਤਕਨਾਲੋਜੀਆਂ ਬਾਰੇ ਜਾਣਨ ਲਈ ਅਤੇ ਮੁਫ਼ਤ ਸਰੋਤਾਂ/ਕੋਰਸਾਂ ਤੋਂ ਸਿੱਖਣ ਲਈ ਇੰਟਰਨੈੱਟ ਦੀ ਵਰਤੋਂ ਕਰੋ ਸਭ ਤੋਂ ਮਹੱਤਵਪੂਰਨ, ਕੁਝ ਸਮਾਂ ਕੱਢੋ। ਆਈਆਈਟੀ ਜੇਈਈ ਨੂੰ ਪਾਸ ਕਰਨ ਵਿੱਚ ਅਸਫਲ ਹੋਣਾ ਜਾਂ ਇਸਨੂੰ ਛੱਡਣਾ ਸੰਸਾਰ ਦਾ ਅੰਤ ਨਹੀਂ ਹੈ। ਅੱਜ ਦੇ ਸੰਸਾਰ ਵਿੱਚ ਸਫਲ ਕਰੀਅਰ ਬਣਾਉਣ ਦੇ ਬਹੁਤ ਸਾਰੇ ਤਰੀਕੇ ਹਨ। ਆਪਣੀਆਂ ਵਿਅਕਤੀਗਤ ਸ਼ਕਤੀਆਂ ਨੂੰ ਲੱਭਣ 'ਤੇ ਧਿਆਨ ਕੇਂਦਰਤ ਕਰੋ ਅਤੇ ਉਸ ਅਨੁਸਾਰ ਉਹਨਾਂ ਦੀ ਵਰਤੋਂ ਕਰਕੇ ਸਫਲ ਹੋਣ ਲਈ ਕਦਮਾਂ ਦਾ ਪਤਾ ਲਗਾਓ।

# ਸੁਆਦ ਗੁਆਉਣਾ

ਪ੍ਰਸ਼ਾਂਤ ਮਹਾਸਾਗਰ ਦੇ ਮੱਧ ਵਿੱਚ ਮਾਈਕ੍ਰੋਸਕੋਪਿਕ ਪਲਾਸਟਿਕ ਦੇ ਕਣਾਂ ਦਾ ਇੱਕ ਵਿਸ਼ਾਲ ਸੰਗ੍ਰਹਿ ਬਣਦਾ ਹੈ ਜਿਸਨੂੰ ਮਹਾਨ ਪ੍ਰਸ਼ਾਂਤ ਕੂੜਾ ਪੈਚ ਵਜੋਂ ਜਾਣਿਆ ਜਾਂਦਾ ਹੈ। ਸਮੁੰਦਰੀ ਧਾਰਾਵਾਂ ਅਤੇ ਪਰਵਾਸ ਕਰਨ ਵਾਲੀਆਂ ਮੱਛੀਆਂ ਸਮੁੰਦਰੀ ਪ੍ਰਦੂਸ਼ਕਾਂ ਨੂੰ ਦੂਰ-ਦੂਰ ਤੱਕ ਲੈ ਜਾਂਦੀਆਂ ਹਨ। ਹਵਾਵਾਂ ਇੱਕ ਪਰਮਾਣੂ ਰਿਐਕਟਰ ਤੋਂ ਅਚਾਨਕ ਛੱਡੇ ਗਏ ਰੇਡੀਓ ਐਕਟਿਵ ਪਦਾਰਥ ਨੂੰ ਚੁੱਕ ਸਕਦੀਆਂ ਹਨ ਅਤੇ ਇਸਨੂੰ ਦੁਨੀਆ ਭਰ ਵਿੱਚ ਖਿਲਾਰ ਸਕਦੀਆਂ ਹਨ। ਇੱਕ ਦੇਸ਼ ਦੀ ਫੈਕਟਰੀ ਦਾ ਧੂੰਆਂ ਦੂਜੇ ਦੇਸ਼ ਦੱਕ ਚਲਾ ਜਾਂਦਾ ਹੈ। ਪ੍ਰਦੂਸ਼ਣ ਦੀਆਂ ਕਈ ਕਿਸਮਾਂ ਹਨ ਜਿਨ੍ਹਾਂ ਵਿੱਚੋਂ ਪ੍ਰਮੁੱਖ ਜਲ ਪ੍ਰਦੂਸ਼ਣ, ਹਵਾ ਪ੍ਰਦੂਸ਼ਣ, ਸ਼ੋਰ ਪ੍ਰਦੂਸ਼ਣ ਆਦਿ ਹੈ। ਪ੍ਰਦੂਸ਼ਣ ਕਾਰਨ ਮਨੁੱਖੀ ਜੀਵਨ ਸਮੇਤ ਹੋਰ ਕਈ ਪ੍ਰਜਾਤੀਆਂ ਨੂੰ ਵੱਡਾ ਖਤਰਾ ਹੋ ਗਿਆ ਹੈ ਪਰ ਵਾਤਾਵਰਣ ਵਿੱਚ ਪ੍ਰਦੂਸ਼ਣ ਵਧਾਉਣ ਲਈ ਸਿਰਫ ਮਾਨਵ ਹੀ ਜਿੰਮੇਵਾਰ ਹੈ। ਵਧਦਾ ਸ਼ਹਿਰੀਕਰਣ ਅਤੇ ਉਦਯੋਗਿਕਰਣ ਵਾਤਾਵਰਣ ਲਈ ਵੱਡਾ ਖਤਰਾ ਬਣ ਰਹੇ ਹਨ। ਹਵਾ ਵਿੱਚ ਵਧ ਰਹੇ ਪ੍ਰਦੂਸ਼ਣ ਨੇ ਵਾਤਾਵਰਣ ਨੂੰ ਬਹੁਤ ਜ਼ਿਆਦਾ ਨੁਕਸਾਨ ਪਹੁੰਚਾਇਆ ਹੈ। ਹਵਾ ਵਿੱਚ ਪ੍ਰਦੂਸ਼ਣ ਉਦੋ ਵਧੱਦਾ ਹੈ ਜਦੋ ਵਾਯੂਮੰਡਲ ਵਿੱਚ ਗੈਸਾਂ, ਧਾਤੂਆਂ ਅਤੇ ਜੈਵਿਕ ਅਣੂਆਂ ਸਮੇਤ ਪਦਾਰਥਾਂ ਦੇ ਨੁਕਸਾਨਦਹੇ ਜਾਂ ਵੱਧ ਮਾਤਰਾ ਵਿੱਚ ਹੁੰਦੀਆਂ ਹਨ। ਇਸ ਨਾਲ ਮਨੁਖਾਂ ਸਮੇਤ ਹੋਰ ਜੀਵਾਂ ਨੂੰ ਐਲਰਜ਼ੀ ਸਮੇਤ ਕਈ ਖਤਰਨਾਕ ਰੋਗ ਲੱਗ ਸਕਦੇ ਹਨ ਅਤੇ ਮੌਤ ਹੋ ਸਕਦੀ ਹੈ। ਇਸਦੇ ਬਹੁਤ ਜ਼ਿਆਦਾ ਸਿਹਤ, ਸਮਾਜਿਕ ਅਤੇ ਆਰਥਿਕ ਪ੍ਰਭਾਵਾਂ ਦੇ ਬਾਵਜੂਦ, ਅੰਤਰ-ਰਾਸ਼ਟਰੀ ਵਿਕਾਸ ਏਜੰਡੇ ਵਿੱਚ ਪ੍ਰਦੂਸ਼ਣ ਰੋਕਥਾਮ ਨੂੰ ਵੱਡੇ ਪੱਧਰ ਤੇ ਨਜ਼ਰਅੰਦਾਜ਼ ਕੀਤਾ ਗਿਆ ਹੈ। ਪ੍ਰਦੂਸ਼ਣ ਨੂੰ ਰੋਕਣਾ ਜਲਵਾਯੂ ਪਰਿਵਰਤਨ ਨੂੰ ਵੀ ਹੌਲੀ ਕਰ ਸਕਦਾ ਹੈ। ਪ੍ਰਦੂਸ਼ਣ ਅਤੇ ਸਿਹਤ ਸਬੰਧੀ ਅੰਕੜਿਆਂ ਅਨੁਸਾਰ ਪ੍ਰਦੂਸ਼ਣ ਅੰਦਾਜ਼ਨ 90 ਲੱਖ ਮੌਤਾਂ ਲਈ ਜ਼ਿੰਮੇਵਾਰ ਹੈ। ਪ੍ਰਦੂਸ਼ਣ ਕਾਰਨ ਹੋਈਆਂ ਮੌਤਾਂ ਵਿੱਚੋਂ ਹਵਾ ਪ੍ਰਦੂਸ਼ਣ ਵਿਸ਼ਵ ਭਰ ਵਿੱਚ 6.67 ਮਿਲੀਅਨ ਮੌਤਾਂ ਲਈ ਸਭ ਤੋਂ ਵੱਧ ਜ਼ਿੰਮੇਵਾਰ ਹੈ। ਸਮੇਂ ਤੋਂ ਪਹਿਲਾਂ ਲੱਗਭੱਗ 1.36 ਮਿਲੀਅਨ ਮੌਤਾਂ ਲਈ ਪਾਣੀ ਦਾ ਪ੍ਰਦੂਸ਼ਣ ਜ਼ਿੰਮੇਵਾਰ ਹੈ। ਵਾਤਾਵਰਣ ਵਿਗਿਆਨੀਆਂ ਨੇ ਬੀਤੇ ਸਮੇਂ ਵਿੱਚ ਜੋ ਸ਼ੰਕੇ ਜਾਹਿਰ ਕੀਤੇ ਸਨ ਉਹ ਅੱਜ ਸੱਚ ਹੋਣ ਵੱਲ ਵੱਧ ਰਹੇ ਹਨ। ਓਜ਼ੋਨ ਪਰਤ ਵਿੱਚ ਛੇਕ ਹੋ ਜਾਣੇ, ਗਲੇਸ਼ੀਅਰਾਂ ਦਾ ਲਗਾਤਾਰ ਪਿਘਲਣਾ ਤੇ ਆਲਮੀ ਤਪਸ਼ ਦਾ ਵੱਧਣਾ ਇਸਦੇ ਮਾਰੂ ਪ੍ਰਭਾਵਾਂ ਦੇ ਸਪੱਸ਼ਟ ਲੱਛਣ ਹਨ। ਗਲੋਬਲ ਵਾਰਮਿੰਗ ਵਿੱਚ ਵਾਧਾ ਹੋ ਰਿਹਾ ਹੈ ਜਿਸ ਨਾਲ ਧਰੁਵਾਂ ਤੇ ਪਈ ਬਰਫ ਪਿਘਲ ਰਹੀ ਹੈ। ਜੇਕਰ ਇਸ ਪਾਸੇ ਹੁਣ ਵੀ ਧਿਆਨ ਨਾ ਦਿੱਤਾ ਤਾਂ ਸਮੁੰਦਰਾਂ ਦੇ ਪਾਣੀ ਦਾ ਪੱਧਰ ਉੱਚਾ ਹੋ ਜਾਵੇਗਾ ਅਤੇ ਤੱਟਵਰਤੀ ਇਲਾਕੇ ਇਸ ਵਿੱਚ ਡੁੱਬ ਜਾਣਗੇ। ਪੈਰਾਵੈਂਗਨੀ ਕਿਰਨਾਂ ਧਰਤੀ ਤੇ ਕੈਂਸਰ ਵਰਗੇ ਰੋਗ ਫੈਲਾ ਰਹੀਆਂ ਹਨ। ਗਰੀਨ ਹਾਊਸ ਪ੍ਰਭਾਵ ਵਿੱਚ ਵਾਧਾ ਹੋ ਰਿਹਾ ਹੈ। ਕਾਰਬਨਡਾਈਆਕਸਾਈਡ ਗੈਸ ਦੀ ਹਵਾ ਵਿੱਚ ਮਾਤਰਾ 0.03ਗ ਤੋਂ ਵੱਧ ਰਹੀ ਹੈ। ਇਹ ਗਰਮੀ ਨੂੰ ਵਧਾਉਣ ਦਾ ਵੱਡਾ ਕਾਰਨ ਬਣਦਾ ਜਾ ਰਿਹਾ ਹੈ। ਪੈਟ੍ਰੋਲੀਅਮ ਪਦਾਰਥਾਂ ਦੀ ਅਥਾਹ ਵਰਤੋਂ ਕਰਨ ਨਾਲ ਜ਼ਹਿਰੀਲੇ ਧੂੰਏ ਦੀ ਵੱਧ ਪੈਦਾਵਾਰ ਹੋ ਰਹੀ ਹੈ। ਫਰਿਜ਼ ਅਤੇ ਏਅਰ ਕੰਡੀਸ਼ਨਰਾਂ ਦੀ ਵੱਧ ਰਹੀ ਵਰਤੋਂ ਅਤੇ ਤੇਜ਼ੀ ਨਾਲ ਵੱਧ ਰਹੇ ਉਦਯੋਗੀਕਰਨ ਨਾਲ ਕਾਰਬਨ ਡਾਈਆਕਸਾਈਡ ਵਿੱਚ ਵਾਧਾ ਹੋ ਰਿਹਾ ਹੈ ਅਤੇ ਸੀ.ਐਫ.ਸੀ. ਗੈਸ ਦਾ ਰਿਸਾਵ ਹੋ ਰਿਹਾ ਹੈ। ਵਾਤਾਵਰਣ ਬਾਰੇ ਜੇਕਰ ਭਾਰਤ ਦੀ ਗੱਲ ਕਰੀਏ ਤਾ ਹਾਲਾਤ ਬਹੁਤੇ ਚੰਗੇ ਨਜ਼ਰ ਨਹੀਂ ਆਉਂਦੇ। ਭਾਰਤ ਦੁਨੀਆ ਦਾ ਦੂਜਾ ਸਭ ਤੋਂ ਪ੍ਰਦੂਸ਼ਿਤ ਦੇਸ਼ ਹੈ। ਹਵਾ ਪ੍ਰਦੂਸ਼ਣ ਇੱਕ ਔਸਤ ਭਾਰਤੀ ਦੀ ਜਿੰਦਗੀਦੀ ਸੰਭਾਵਨਾ ਨੂੰ 5.3 ਸਾਲ ਤੱਕ ਘਟਾ ਦਿੰਦਾ ਹੈ। ਭਾਰਤ ਦੇ ਕੁਝ ਖੇਤਰ ਔਸਤ ਨਾਲੋਂ ਬਹੁਤ ਮਾੜੇ ਹਨ ਜਿਸ ਵਿੱਚ ਦੁਨੀਆ ਦੇ ਸਭ ਤੋਂ ਵੱਧ ਪ੍ਰਦੂਸ਼ਿਤ ਸ਼ਹਿਰ ਦਿੱਲੀ ਦੇ ਰਾਸ਼ਟਰੀ ਰਾਜਧਾਨੀ ਖੇਤਰ ਵਿੱਚ ਹਵਾ ਪ੍ਰਦੂਸ਼ਣ ਨੇ ਜੀਵਨ ਨੂੰ 11.9 ਸਾਲ ਤੱਕ ਘਟਾ ਦਿੱਤਾ ਹੈ। ਭਾਰਤ ਦੇ 1.3 ਬਿਲੀਅਨ ਲੋਕ ਅਜਿਹੇ ਖੇਤਰਾਂ ਵਿੱਚ ਰਹਿੰਦੇ ਹਨ ਜਿੱਥੇ ਸਾਲਾਨਾ ਔਸਤ ਕਣ ਪ੍ਰਦੂਸ਼ਣ ਦਾ ਪੱਧਰ ਵਿਸ਼ਵ ਸਿਹਤ ਸੰਗਠਨ ਦੇ ਦਿਸ਼ਾ-ਨਿਰਦੇਸ਼ਾਂ ਤੋਂ ਵੱਧ ਹੈ। ਆਬਾਦੀ ਦਾ 67.4 ਪ੍ਰਤੀਸ਼ਤ ਅਜਿਹੇ ਖੇਤਰਾਂ ਵਿੱਚ ਰਹਿੰਦਾ ਹੈ ਜੋ ਦੇਸ਼ ਦੇ ਆਪਣੇ ਰਾਸ਼ਟਰੀ ਹਵਾ ਗੁਣਵੱਤਾ ਮਿਆਰ ਤੋਂ ਵੱਧ ਹਨ। ਜੀਵਨ ਸੰਭਾਵਨਾ ਦੇ ਸੰਦਰਭ ਵਿੱਚ ਮਾਪਿਆ ਗਿਆ ਕਣ ਪ੍ਰਦੂਸ਼ਣ ਭਾਰਤ ਵਿੱਚ ਮਨੁੱਖੀ ਸਿਹਤ ਲਈ ਸਭ ਤੋਂ ਵੱਡਾ ਖ਼ਤਰਾ ਹੈ, ਔਸਤ ਭਾਰਤੀ ਦੇ ਜੀਵਨ ਵਿੱਚ 5.3 ਸਾਲ ਦੀ ਕਮੀ ਹੈ। ਇਸਦੇ ਉਲਟ ਕਾਰਡੀਓਵੈਸਕੁਲਰ ਬਿਮਾਰੀਆਂ ਔਸਤ ਭਾਰਤੀ ਦੀ ਜੀਵਨ ਸੰਭਾਵਨਾ ਨੂੰ ਲਗਭਗ 4.5 ਸਾਲ ਘਟਾ ਦਿੰਦੀਆਂ ਹਨ ਜਦੋਂ ਕਿ ਬੱਚੇ ਅਤੇ ਮਾਵਾਂ ਦੀ ਕੁਪੋਸ਼ਣ ਜੀਵਨ ਸੰਭਾਵਨਾ ਨੂੰ 1.8 ਸਾਲ ਤੱਕ ਘਟਾਉਂਦੀ ਹੈ। ਸਾਲ 1998 ਤੋਂ 2021 ਤੱਕ ਔਸਤ ਸਾਲਾਨਾ ਹਵਾ ਦੇ ਪ੍ਰਦੂਸ਼ਣ ਵਿੱਚ 67.7 ਪ੍ਰਤੀਸ਼ਤ ਦਾ ਵਾਧਾ ਹੋਇਆ ਜਿਸ ਨਾਲ ਔਸਤ ਜੀਵਨ ਸੰਭਾਵਨਾ 2.3 ਸਾਲ ਘੱਟ ਗਈ। ਸਾਲ 2013 ਤੋਂ 2021 ਤੱਕ ਵਿਸ਼ਵ ਦੇ ਪ੍ਰਦੂਸ਼ਣ ਵਿੱਚ 59.1 ਪ੍ਰਤੀਸ਼ਤ ਵਾਧਾ ਭਾਰਤ ਤੋਂ ਹੀ ਆਇਆ ਹੈ। ਜੇਕਰ ਮੌਜੂਦਾ ਪ੍ਰਦੂਸ਼ਣ ਪੱਧਰ ਬਰਕਰਾਰ ਰਹਿੰਦਾ ਹੈ ਤਾਂ ਦੇਸ਼ ਦੇ ਸਭ ਤੋਂ ਵੱਧ ਪ੍ਰਦੂਸ਼ਿਤ ਖੇਤਰਉੱਤਰੀ ਮੈਦਾਨੀ ਖੇਤਰ ਵਿੱਚਭਾਰਤ ਦੀ ਲੱਗਭੱਗ 38.9 ਪ੍ਰਤੀਸ਼ਤ ਆਬਾਦੀ ਵਿਸ਼ਵ ਸਿਹਤ ਸੰਗਠਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਔਸਤਨ 8 ਸਾਲ ਅਤੇ ਰਾਸ਼ਟਰੀ ਮਿਆਰ ਦੇ ਅਨੁਸਾਰ 4.5 ਸਾਲ ਖਤਮ ਕਰਨ ਦੇ ਰਾਹ ਤੇ ਹੈ। ਸਾਲ 2019 ਵਿੱਚ ਭਾਰਤ ਨੇ "ਪ੍ਰਦੂਸ਼ਣ ਵਿਰੁੱਧ ਜੰਗ'' ਦਾ ਐਲਾਨ ਕੀਤਾ ਅਤੇ ਪ੍ਰਦੂਸ਼ਣ ਨੂੰ ਘਟਾਉਣ ਦੀ ਆਪਣੀ ਇੱਛਾ ਨੂੰ ਦਰਸਾਉਂਦੇ ਹੋਏ ਰਾਸ਼ਟਰੀ ਸਵੱਛ ਹਵਾ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਹੈ ਜਿਸਦਾ ਉਦੇਸ਼ 2024 ਤੱਕ 2017 ਦੇ ਪੱਧਰ ਦੇ ਮੁਕਾਬਲੇ ਰਾਸ਼ਟਰੀ ਪੱਧਰ ਤੇ 20-30 ਪ੍ਰਤੀਸ਼ਤ ਤੱਕ ਹਵਾ ਪ੍ਰਦੂਸ਼ਣ ਨੂੰ ਘਟਾਉਣਾ ਸੀ ਅਤੇ 102 ਸ਼ਹਿਰਾਂ ਤੇ ਧਿਆਨ ਕੇਂਦਰਿਤ ਕੀਤਾ ਗਿਆ ਸੀ ਜੋ ਭਾਰਤ ਦੇ ਰਾਸ਼ਟਰੀ ਮਿਆਰ ਨੂੰ ਪੂਰਾ ਨਹੀਂ ਕਰ ਰਹੇ ਸਨ। ਸਰਕਾਰ ਦੇ ਨਵੇਂ ਟੀਚੇ ਦਾ ਉਦੇਸ਼ 2025-26 ਤੱਕ 131 ਗੈਰ-ਪ੍ਰਾਪਤੀ ਸ਼ਹਿਰਾਂ ਦੀ ਵਿਸਤ੍ਰਿਤ ਸੰਖਿਆ ਲਈ 2017 ਦੇ ਪੱਧਰ ਦੇ ਮੁਕਾਬਲੇ ਹਵਾ ਦੇ ਪ੍ਰਦੂਸ਼ਣ ਵਿੱਚ 40 ਪ੍ਰਤੀਸ਼ਤ ਦੀ ਕਮੀ ਕਰਨਾ ਹੈ। ਦੇਸ਼ ਦੀਆਂ ਲੱਗਭੱਗ ਸਾਰੀਆਂ ਨਦੀਆਂ, ਦਰਿਆਵਾਂ ਅਤੇ ਪਾਣੀ ਦੇ ਹੋਰ ਕੁਦਰਤੀ ਸੋਮਿਆਂ ਵਿੱਚ ਕਿਸੇ ਨਾ ਕਿਸੇ ਤਰ੍ਹਾਂ ਫੈਕਟਰੀਆਂ ਤੇ ਸ਼ਹਿਰਾਂ ਦਾ ਜ਼ਹਿਰੀਲਾ ਤੇ ਗੰਦਾ ਪਾਣੀ ਸੁੱਟਿਆ ਜਾ ਰਿਹਾ ਹੈ ਜਿਸ ਕਾਰਨ ਇਹ ਪਾਣੀ ਦੇ ਸਰੋਤ ਖਤਰਨਾਕ ਸਾਬਤ ਹੋ ਰਹੇ ਹਨ। ਸਮੇਂ ਸਮੇਂ ਤੇ ਇਨ੍ਹਾਂ ਦਰਿਆਵਾਂ ਵਿੱਚ ਵੱਖ ਵੱਖ ਉਦਯੋਗਾਂ ਵਿੱਚ ਪੈ ਰਹੇ ਪ੍ਰਦੂਸ਼ਣ ਕਾਰਨ ਪਾਣੀ ਵਿੱਚ ਰਹਿਣ ਵਾਲੇ ਜੀਵ ਵੱਡੀ ਗਿਣਤੀ ਵਿੱਚ ਮਾਰੇ ਜਾਂਦੇ ਹਨ। ਪ੍ਰਦੂਸ਼ਤ ਪਾਣੀ ਕਾਰਨ ਲੋਕ ਕੈਂਸਰ ਤੇ ਕਾਲਾ ਪੀਲੀਆ ਵਰਗੀਆਂ ਭਿਆਨਕ ਬਿਮਾਰੀਆਂ ਦੇ ਸ਼ਿਕਾਰ ਹੋ ਰਹੇ ਹਨ। ਖੇਤਾਂ ਵਿੱਚ ਰਸਾਇਣਕ ਖਾਦਾਂ ਅਤੇ ਕੀਟ ਨਾਸ਼ਕ ਦਵਾਈਆਂ ਦੀ ਧੜੱਲੇ ਨਾਲ ਵਰਤੋਂ ਕੀਤੀ ਜਾ ਰਹੀ ਹੈ ਅਤੇ ਇਹ ਜ਼ਹਿਰ ਧਰਤੀ ਹੇਠਲੇ ਪਾਣੀ ਤੱਕ ਵੀ ਪਹੁੰਚ ਗਈ ਹੈ। ਖੇਤੀ ਰਹਿੰਦ ਖੂੰਹਦ ਜਲਾਉਣ ਅਤੇ ਉਦਯੋਗਾਂ ਵਲੋਂ ਹਵਾ ਵਿੱਚ ਛੱਡੇ ਜਾ ਰਹੇ ਜਹਰੀਲੇ ਧੂੰਏ ਅਤੇ ਗੈਸਾਂ ਕਾਰਨ ਕਈ ਵਾਰ ਸਾਹ ਲੈਣਾਂ ਵੀ ਮੁਸ਼ਕਿਲ ਹੋ ਜਾਂਦਾ ਹੈ। ਸਮਾਜਿਕ, ਧਾਰਮਿਕ, ਰਾਜਨੀਤਿਕ ਕਾਰਜਾਂ ਲਈ ਉੱਚੀ ਅਵਾਜ਼ ਵਿੱਚ ਵੱਜਦੇ ਸਪੀਕਰ ਅਵਾਜ਼ ਦੇ ਪ੍ਰਦੂਸ਼ਣ ਵਿੱਚ ਅਥਾਹ ਵਾਧਾ ਕਰ ਰਹੇ ਹਨ ਅਤੇ ਕਈ ਬਿਮਾਰੀਆਂ ਨੂੰ ਸੱਦਾ ਦੇ ਰਹੇ ਹਾਂ। ਰੁੱਖ ਜੋ ਸਾਡੇ ਜੀਵਨ ਅਤੇ ਵਾਤਾਵਰਣ ਦੇ ਸਭ ਤੋਂ ਅਹਿਮ ਕਾਰਕ ਹਨ ਉਹ ਲਗਾਤਾਰ ਖਤਮ ਹੁੰਦੇ ਜਾ ਰਹੇ ਹਨ ਜਿਸ ਕਾਰਨ ਧਰਤੀ ਦਾ ਪਰਿਵਰਤਨ ਚੱਕਰ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਿਹਾ ਹੈ। ਗੱਡੀਆਂ ਦਾ ਧੂੰਆਂ, ਕਾਰਖਾਨਿਆਂ ਦੀ ਗੰਦਗੀ, ਨਾਲੀਆਂ ਦਾ ਗੰਦਾ ਪਾਣੀ, ਇਹਨਾਂ ਸਭ ਨੇ ਸਾਡੇ ਜੀਵਨ ਦੀਆਂ ਜ਼ਰੂਰਤਾਂ ਹਵਾ, ਪਾਣੀ ਅਤੇ ਧਰਾਤਲ ਨੂੰ ਦੂਸ਼ਿਤ ਕਰਕੇ ਕਈ ਬਿਮਾਰੀਆਂ ਨੂੰ ਜਨਮ ਦਿੱਤਾ ਹੈ। ਉਦਯੋਗਿਕ ਕ੍ਰਾਂਤੀ ਤੋਂ ਬਾਦ ਵਾਯੂਮੰਡਲ ਵਿੱਚ ਕਾਰਬਨ ਡਾਈਆਕਸਾਈਡ ਦੀ ਮਾਤਰਾ ਵਿੱਚ 40 ਫੀਸਦੀ ਵਾਧਾ ਹੋਇਆ ਹੈ। ਲੋਕ ਵੱਡੀ ਮਾਤਰਾ ਵਿੱਚ ਕੁਦਰਤੀ ਸਾਧਨਾਂ ਦਾ ਦੁਰਉਪਯੋਗ ਕਰਦੇ ਹਨ। ਖੇਤੀ ਦੀ ਰਹਿੰਦ ਖੂਹੰਦ ਅੰਨੇਵਾਹ ਜਲਾਉਣ ਨਾਲ ਹੀ ਦੇਸ਼ ਦੇ ਕਈ ਭਾਗਾਂ ਵਿੱਚ ਕਈ ਦਿਨ ਅਸਮਾਨ ਵਿੱਚ ਧੂੰਏ ਦੇ ਕਾਲੇ ਬੱਦਲ ਹੀ ਨਜ਼ਰ ਆਂਦੇ ਹਨ। ਭਾਰਤ ਵਿੱਚ ਵਾਤਾਵਰਣ ਸੁਰੱਖਿਆ ਅਧਿਨਿਯਮ ਸਭ ਤੋਂ ਪਹਿਲਾਂ 19 ਨਵੰਬਰ, 1986 ਨੂੰ ਲਾਗੂ ਹੋਇਆ ਸੀ, ਜਿਸ ਵਿੱਚ ਵਾਤਾਵਰਣ ਦੀ ਗੁਣਵੱਤਾ ਦੇ ਮਾਣਕ ਨਿਰਧਾਰਤ ਕੀਤੇ ਗਏ ਸੀ ਪਰ ਸਿਰਫ ਕਾਨੂੰਨ ਬਣਾ ਦੇਣ ਨਾਲ ਹੀ ਵਾਤਾਵਰਣ ਨੂੰ ਪ੍ਰਦੂਸ਼ਣ ਤੋਂ ਨਹੀਂ ਬਚਾਇਆ ਜਾ ਸਕਦਾ ਹੈ। ਸਰਕਾਰ ਨੂੰ ਪ੍ਰਦੂਸ਼ਣ ਕਰਨ ਵਾਲੇ ਅਦਾਰਿਆਂ ਅਤੇ ਇਸ ਲਈ ਜਿੰਮੇਵਾਰ ਵਿਅਕਤੀਆਂ ਖਿਲਾਫ ਸੱਖਤ ਕਨੂੰਨੀ ਕਾਰਵਾਈ ਕਰਨੀ ਚਾਹੀਦੀ ਹੈ। ਵਾਤਾਵਰਣ ਵਿੱਚ ਵਧਦੇ ਪ੍ਰਦੂਸ਼ਣ ਨੂੰ ਰੋਕਣ ਲਈ ਸਰਕਾਰ ਵਲੋਂ ਨੈਸਨਲ ਗਰੀਨ ਟ੍ਰਿਬਿਉਨਲ, ਕੇਂਦਰੀ ਪ੍ਰਦੂਸ਼ਣ ਨਿੰਯਤਰਣ ਬੋਰਡ ਅਤੇ ਰਾਜਾਂ ਵਿੱਚ ਰਾਜ ਪ੍ਰਦੂਸ਼ਣ ਨਿੰਯਤਰਣ ਬੋਰਡ ਬਣਾਏ ਗਏ ਹਨ। ਇਨ੍ਹਾਂ ਮਹੱਤਵਪੂਰਨ ਅਦਾਰਿਆਂ ਵਿੱਚ ਸਟਾਫ ਦੀ ਘਾਟ ਕਾਰਨ ਇਨ੍ਹਾਂ ਅਦਾਰਿਆਂ ਨੂੰ ਕੰਮ ਕਰਨ ਵਿੱਚ ਭਾਰੀ ਮੁਸਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕੇਂਦਰੀ ਪ੍ਰਦੂਸ਼ਣ ਨਿੰਯਤਰਣ ਬੋਰਡ ਦੀ ਸਾਲਾਨਾ ਰਿਪੋਰਟ ਅਨੁਸਾਰ ਇਸ ਅਦਾਰੇ ਲਈ ਕੁੱਲ 521 ਪੋਸਟਾਂ ਮੰਨਜੂਰ ਹਨ ਜਿਨ੍ਹਾਂ ਵਿੱਚੋਂ 402 ਭਰੀਆਂ ਹੋਈਆਂ ਹਨ ਅਤੇ 39 ਪੋਸਟਾਂ ਖਤਮ ਕਰ ਦਿਤੀਆਂ ਗਈਆਂ ਹਨ ਜਦਕਿ 80 ਪੋਸਟਾਂ ਖਾਲੀ ਹਨ। ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਵਿੱਚ ਕੁੱਲ 648 ਅਸਾਮੀਆਂ ਹਨ ਜਿਹਨਾਂ ਵਿੱਚੋਂ 421 ਅਸਾਮੀਆਂ ਭਰੀਆਂ ਹੋਈਆਂ ਹਨ ਅਤੇ 227 ਅਸਾਮੀਆਂ ਖਾਲੀ ਹਨਇਨ੍ਹਾਂ ਅਦਾਰਿਆਂ ਵਿੱਚ ਅਸਾਮੀਆਂ ਖਾਲੀ ਹੋਣ ਤੇ ਪ੍ਰਦੂਸ਼ਣ ਤੇ ਨਿਯੰਤਰਣ ਕਿਸ ਤਰ੍ਹਾਂ ਕੀਤਾ ਜਾ ਸਕਦਾ ਹੈ ਇਹ ਸੋਚਣ ਵਾਲੀ ਗੱਲ ਹੈ। ਨੈਸਨਲ ਗਰੀਨ ਟ੍ਰਿਬਿਉਨਲ ਵਿੱਚ ਵੀ ਸਟਾਫ ਦੀ ਘਾਟ ਅਕਸਰ ਚਰਚਾ ਦਾ ਵਿਸ਼ਾ ਬਣੀ ਰਹਿੰਦੀ ਹੈ। ਲੱਗਭੱਗ 37666 ਮਾਮਲਿਆਂ ਵਿੱਚੋਂ ਲੱਗਭੱਗ 35405 ਮਾਮਲਿਆਂ ਦਾ ਨਿਪਟਾਰਾ ਕੀਤਾ ਗਿਆ ਹੈ। ਕੇਂਦਰੀ ਪ੍ਰਦੂਸ਼ਣ ਨਿੰਯਤਰਣ ਬੋਰਡ ਦੀ ਰਿਪੋਰਟ ਅਨੁਸਾਰ ਮਾਣਯੋਗ ਸੁਪਰੀਮ ਕੋਰਟ ਵਿੱਚ 131 ਕੇਸ, ਵੱਖ ਵੱਖ ਹਾਈ ਕੋਰਟਸ ਵਿੱਚ 269 ਅਤੇ ਨੈਸਨਲ ਗਰੀਨ ਟ੍ਰਿਬਿਉਨਲ ਵਿੱਚ 410 ਕੇਸ ਪੈਂਡਿਗ ਪਏ ਹਨ। ਪੰਜਾਬ ਪ੍ਰਦੂਸ਼ਣ ਨਿਯੰਤਰਣ ਬੋਰਡ ਦੀ ਸਾਲਾਨਾ ਰਿਪੋਰਟ ਅਨੁਸਾਰ ਵਾਤਾਵਰਣ ਪ੍ਰਦੂਸ਼ਣ ਸਬੰਧੀ 361 ਕੇਸ ਦਾਇਰ ਕੀਤੇ ਗਏ ਹਨ। ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ, ਮਾਣਯੋਗ ਸੁਪਰੀਮ ਕੋਰਟ ਅਤੇ ਨੈਸ਼ਨਲ ਗਰੀਨ ਟ੍ਰਿਬਿਊਨਲ ਵਿੱਚ ਵੀ ਕਈ ਕੇਸ ਚੱਲ ਰਹੇ ਹਨ। ਸਾਨੂੰ ਸਭਨੂੰਸਰਕਾਰ ਅਤੇ ਪ੍ਰਦੂਸ਼ਣ ਨਿਯੰਤਰਣ ਲਈ ਸਥਾਪਿਤ ਅਦਾਰਿਆਂ ਅਤੇ ਸਮਾਜਿਕ ਸੰਗਠਨਾ ਨਾਲ ਮਿਲਕੇ ਅਪਣੇ ਵਾਤਾਵਰਣ ਨੂੰ ਪ੍ਰਦੂਸ਼ਣ ਦੀ ਮਾਰ ਤੋ ਬਚਾਉਣ ਲਈ ਕੰਮ ਕਰਨਾ ਚਾਹੀਦਾ ਹੈ ਤਾਂ ਜੋ ਅਸੀਂ ਅਪਣੀਆਂ ਆਣ ਵਾਲੀਆਂ ਪੀੜ੍ਹੀਆਂ ਨੂੰ ਸਾਫ ਅਤੇ ਪ੍ਰਦੂਸ਼ਣ ਮੁੱਕਤ ਵਾਤਾਵਰਣ ਦੇ ਸਕੀਏ ਅਤੇ ਵਿਸ਼ਵ ਵਾਤਾਵਰਣ ਦਿਵਸ ਦੀ ਮਹੱਤਤਾ ਕਾਇਮ ਰਹਿ ਸਕੇ।

## ਇੰਦਰਵੀਰ ਸਿੰਘ ਨੇ 1600 ਮੀਟਰ ਦੀ ਦੌੜ ਵੱਡੀ ਲੀਡ ਨਾ.ਲ ਜਿੱਤੀ!

**ਨਿਊਜ਼ਰਸੀ (ਤਰਲੋਚਨ ਸਿੰਘ ਦੁਪਾਲ ਪੁਰ)** ਵਿਦੇਸ਼ਾਂ ਵਿੱਚ ਵੱਸਦੇ ਪ੍ਰਵਾਸੀ ਪੰਜਾਬੀਆਂ ਦੇ ਬੱਚੇ ਗੁਰਦੁਆਰਿਆਂ ਵਿੱਚ ਜਾ ਕੇ ਪੰਜਾਬੀ ਸਿੱਖਣ ਦੇ ਨਾ.ਲ ਨਾ.ਲ ਵਿਰਸੇ ਨਾ.ਲ ਵੀ ਜੁੜਦੇ ਹਨ ਉੱਥੇ ਹੀ ਸਕੂਲਾਂ ਕਾਲਜਾਂ ਵਿੱਚ ਹੋਣ



ਵਾ.ਲੀਆਂ ਖੇਡ੍ਹਾਂ ਵਿੱਚ ਵੀ ਮੱਲਾਂ ਮਾਰਦੇ ਹਨ।

ਕੁੱਝ ਦਿਨ ਪਹਿਲਾਂ ਇੱਥੇ ਐਡੀਸਨ ਡਿਸਟ੍ਰਿਕਟ ਦੀਆਂ ਖੇਡ੍ਹਾਂ ਵਿੱਚ ਕਾਰਟਰੇਟ ਸਿੰਘ ਸਭਾ ਗੁਰਦੁਆਰਾ (ਨਿਊਜ਼ਰਸੀ) ਦੇ ਸਾਬਕਾ ਪ੍ਰਧਾਨ ਭਾਈ ਪਿਆਰਾ ਸਿੰਘ ਸ਼ੇਖੂ ਪੁਰ ਦੇ ਪੋਤਰੇ ਕਾਕਾ ਇੰਦਰਵੀਰ ਸਿੰਘ (ਸਪੁਤਰ ਗੁਰਚਰਨ ਸਿੰਘ)ਨੇ 1600 ਮੀਟਰ ਦੀ ਦੌੜ ਬਹੁਤ ਵੱਡੇ ਫਰਕ ਨਾ.ਲ ਜਿੱਤ ਕੇ ਆਪਣੇ ਮਾਪਿਆਂ ਅਤੇ ਪੰਜਾਬ ਦਾ ਨਾਂ ਚਮਕਾਇਆ।ਕਾਕਾ ਇੰਦਰਵੀਰ ਸਿੰਘ ਜਿੱਥੇ ਆਪਣੀ ਉਮਰ ਦੇ ਵਰਗ ਦਾ ਫੁੱਟਬਾਲ ਦਾ ਵੀ ਚੰਗਾ ਖਿਡਾਰੀ ਹੈ,ਉੱਥੇ ਉਹ ਆਪਣੇ 'ਵੁਡਰੋ ਵਿਲਸਨ ਸਕੂਲ ਐਡੀਸਨ' ਸਾਇੰਸ ਦੇ ਟੈਸਟਾਂ ਵਿੱਚੋਂ ਵੀ ਫਸਟ ਗ੍ਰੇਡ ਮਾਣ ਸਨਮਾਨ ਲੈਂਦਾ ਆ ਰਿਹਾ ਹੈ।ਇਸੇ ਸਕੂਲ ਵਿੱਚ ਇਹ ਨੌਜਵਾਨ ਅੱਠਵੀਂ ਜਮਾਤ ਦਾ ਵਿਦਿਆਰਥੀ ਹੈ।ਸਥਾਨਕ ਪ੍ਰਵਾਸੀ ਪੰਜਾਬੀ ਭਾਈ ਪਿਆਰਾ ਸਿੰਘ ਅਤੇ ਇੰਦਰਵੀਰ ਸਿੰਘ ਦੇ ਨਾਨਾ ਜੀ ਭਾਈ ਗੁਰਚਰਨ ਸਿੰਘ 'ਮਿਸ਼ਨਰੀ' ਬਸਿਆ.ਲਾ ਜੀ ਨੂੰ ਵਧਾਈਆਂ ਦੇ ਰਹੇ ਹਨ।

# ਗੁਰੂ ਰਵਿਦਾਸ ਜੀ ਦੀ ਸੋਚ ਤੇ ਅਸੀਂ

ਜਸਵੀਰ ਸਿੰਘ ਮੋਰੋਂ
94172-62838

ਅੱਜ ਦੇ ਇਸ ਪ੍ਰੋਗਰਾਮ ਵਿੱਚ ਪਹੁੰਚੇ, ਗੁਰੂ ਰਵਿਦਾਸ ਜੀ ਦੇ ਨਾਮਲੇਵਾ ਸਮੂਹ ਸਾਧ ਸੰਗਤ ਜੀਓ ਅਤੇ ਇਸ ਪ੍ਰੋਗਰਾਮ ਦੇ ਪ੍ਰਬੰਧਕਾਂ, ਪਿੰਡ ਵਾਸੀਆਂ ਦਾ ਮੈਂ ਬਹੁਤ ਧੰਨਵਾਦੀ ਹਾਂ, ਜਿਹਨਾਂ ਨੇ ਮੈਨੂੰ ਆਪ ਜੀ ਦੇ ਸਨਮੁੱਖ ਆਪਣੇ ਵਿਚਾਰ ਪੇਸ਼ ਕਰਨ ਦਾ ਮੌਕਾ ਪ੍ਰਦਾਨ ਕੀਤਾ ਹੈ। ਦੱਸਿਆ ਗਿਆ ਹੈ ਕਿ ਸੰਗਤ ਵੱਲੋਂ ਪਿਛਲੇ ਕਈ ਦਿਨਾਂ ਤੋਂ ਪਿੰਡ ਵਿੱਚ ਪ੍ਰਭਾਤ ਫੇਰੀਆਂ ਦਾ ਆਯੋਜਨ ਕੀਤਾ ਜਾਂਦਾ ਰਿਹਾ ਹੈ। ਜਿਸ ਦੌਰਾਨ "ਜੋ ਬੋਲੇ ਸੋ ਨਿਰਭੈਅ, ਗੁਰੂ ਰਵਿਦਾਸ ਮਹਾਰਾਜ ਜੀ ਦੀ ਜੈ" ਅਤੇ "ਰਵਿਦਾਸ ਤੇਰੀ ਸੋਚ 'ਤੇ ਪਹਿਰਾ ਦਿਆਂਗੇ ਠੋਕ ਕੇ" ਦੇ ਜੈਕਾਰੇ ਅੰਮ੍ਰਿਤ ਵੇਲੇ ਪਿੰਡ ਦੀਆਂ ਗਲੀਆਂ ਵਿੱਚ ਗੂੰਜਦੇ ਰਹੇ ਹਨ। ਇਹ ਚੰਗੀ ਗੱਲ ਹੈ ਕਿ ਤੁਸੀਂ ਆਪਣੇ ਮਹਾਨ ਰਹਿਬਰ ਨੂੰ ਯਾਦ ਕਰ ਰਹੇ ਹੋ। ਆਪ ਜੀ ਵੱਲੋਂ ਪੰਡਾਲ ਬੜੇ ਸੁੰਦਰ ਢੰਗ ਨਾਲ ਸਜਾਇਆ ਹੋਇਆ ਹੈ। ਪੰਡਾਲ ਅੰਦਰ ਫੁੱਲਾਂ, ਲੜੀਆਂ ਅਤੇ ਝੰਡਿਆਂ ਦੇ ਨਾਲ-ਨਾਲ ਗੁਰੂ ਜੀ ਦੇ ਵਿਚਾਰਾਂ ਨੂੰ ਬੈਨਰਾਂ 'ਤੇ ਲਿਖਵਾ, ਛਪਵਾ ਕੇ ਵੀ ਸੁਸ਼ੋਭਿਤ ਕੀਤਾ ਹੋਇਆ ਹੈ। ਪਰ ਅੱਜ ਸਾਡੇ ਸਭ ਦੇ ਸਾਹਮਣੇ ਇਹ ਸਵਾਲ ਹੈ ਕਿ ਆਪਾਂ ਗੁਰੂ ਜੀ ਦੇ ਵਿਚਾਰਾਂ ਨੂੰ ਸਿਰਫ਼ ਜੈਕਾਰੇ ਲਾਉਣ, ਛਪਵਾਉਣ ਤੱਕ ਹੀ ਸੀਮਤ ਰੱਖਣਾ ਹੈ ਜਾਂ ਇਹਨਾਂ 'ਤੇ ਅਮਲ ਵੀ ਕਰਨਾ ਹੈ, ਪਰੰਤੂ ਅਜੇ ਅਸੀਂ ਇੱਥੇ ਤੱਕ ਹੀ ਸੀਮਤ ਰੱਖਣਾ ਹੈ ਜਾਂ ਇਹਨਾਂ 'ਤੇ ਅਮਲ ਵੀ ਕਰਨਾ ਹੈ? ਪਰੰਤੂ ਅਜੇ ਅਸੀਂ ਇੱਥੇ ਤੱਕ ਹੀ ਸੀਮਤ ਹਾਂ। ਹਰ ਸਾਲ ਇਕੱਠੇ ਹੋ ਕੇ ਕੁਝ ਦਿਨ ਜਨਮ-ਪੁਰਬ ਮਨਾਉਣ ਤੱਕ ਗੁਰੂ ਜੀ ਦੇ ਨਾਮ ਦਾ ਰੌਲਾ ਜਿਹਾ ਪਾ ਕੇ, ਫਿਰ ਸਾਲ ਭਰ ਲਈ ਚੁੱਪ ਹੋ ਜਾਂਦੇ ਹਾਂ। ਉਹਨਾਂ ਦੇ ਵਿਚਾਰਾਂ 'ਤੇ ਗੰਭੀਰਤਾ ਨਾਲ ਵਿਚਾਰ-ਚਰਚਾ ਨਹੀਂ ਕਰਦੇ। ਉਹਨਾਂ ਦੇ ਉਪਦੇਸ਼, ਉਦੇਸ਼ ਨੂੰ ਸਹੀ ਰੂਪ ਵਿੱਚ ਸਮਝਣ ਦੀ ਕੋਸ਼ਿਸ਼ ਨਹੀਂ ਕਰ ਰਹੇ। ਏਨਾ ਅਹਿਮ ਦਿਨ ਰਾਗੀਆਂ ਦੇ ਰਾਗ-ਰੰਗ, ਰਾਜਸੀ ਨੇਤਾਵਾਂ ਦੇ ਭਾਸ਼ਣ, ਲੰਗਰ ਦੀ ਮਹਿਕ ਤੇ ਸੁਆਦ ਅਤੇ ਪਟਾਕਿਆਂ ਦੇ ਸ਼ੋਰ ਵਿੱਚ ਗੁਆ ਦਿੰਦੇ ਹਾਂ।

ਉਂਝ ਅਸੀਂ ਵੀਰਵਾਰ, ਐਤਵਾਰ ਅਤੇ ਹੋਰ ਤਿੱਥ-ਤਿਉਹਾਰਾਂ ਮੌਕੇ ਮੜ੍ਹੀਆਂ 'ਤੇ ਦੀਵੇ ਜਗਾਉਣ ਤੋਂ ਨਹੀਂ ਉਕਦੇ, ਪਰ ਆਪਣੇ ਸਿਰਾਂ ਦੇ ਦੀਵੇ ਜਗਾਉਣ ਦੀ ਜ਼ਰੂਰਤ ਬਿਲਕੁਲ ਹੀ ਨਹੀਂ ਸਮਝਦੇ। ਸਾਨੂੰ ਆਪਣੇ ਦਿਮਾਗ਼ਾਂ ਨੂੰ ਰੋਸ਼ਨ ਕਰਨ ਦੀ ਵੱਡੀ ਜ਼ਰੂਰਤ ਹੈ। ਜੇਕਰ ਮੜ੍ਹੀਆਂ 'ਤੇ ਦੀਵੇ ਜਗਾਉਣ ਨਾਲ ਹੀ ਕਿਸੇ ਦਾ ਕੁੱਝ ਭਲਾ ਹੋਣਾ ਹੁੰਦਾ, ਤਾਂ ਹਰ ਘਰ ਅਤੇ ਧਾਰਮਿਕ ਸਥਾਨਾਂ 'ਤੇ ਬੱਲਬਾਂ ਦੀਆਂ ਲੜੀਆਂ ਜਗਾਉਣ ਵਾਲਾ ਬਿਜਲੀ ਬੋਰਡ ਕਦੇ ਵੀ ਉਜਾੜੇ ਦੇ ਰਾਹ ਨਾ ਪੈਂਦਾ। ਆਪਣੇ ਦਿਮਾਗ਼ ਦੇ ਦੀਵੇ 'ਚ ਗਿਆਨ ਦੀ ਬੱਤੀ ਬਾਲ ਕੇ ਚਾਨਣ ਕਰਨਾ ਪੈਣਾ ਹੈ। ਫਿਰ ਹੀ ਸਹੀ ਰਸਤਾ, ਸਹੀ ਦਿਸ਼ਾ ਦਿਖਾਈ ਦੇਵੇਗੀ। ਨਹੀਂ ਤਾਂ ਇੰਝ ਹੀ ਭੁਲੇਖਿਆਂ ਦੇ ਹਨ੍ਹੇਰ ਵਿੱਚ ਟੱਕਰਾਂ ਖਾਣ ਤੋਂ ਬਿਨਾਂ ਕੁੱਝ ਵੀ ਪ੍ਰਾਪਤ ਨਹੀਂ ਹੋਣਾ।

ਜੇ ਅਸੀਂ ਸੱਚਮੁੱਚ ਗੁਰੂ ਰਵਿਦਾਸ ਜੀ ਦੀ ਸੋਚ 'ਤੇ ਪਹਿਰਾ ਦੇਣ ਦਾ ਵਾਅਦਾ ਕਰਦੇ ਹਾਂ ਤਾਂ ਅੱਜ ਇਸ ਮੌਕੇ 'ਤੇ ਉਹਨਾਂ ਦੇ ਵਿਚਾਰਾਂ 'ਤੇ ਅਮਲ ਕਰਨ ਦਾ ਪ੍ਰਣ ਕਰਨਾ ਚਾਹੀਦਾ ਹੈ। ਸਾਲ ਭਰ ਲਈ ਕਾਰਜ ਤੈਅ ਕਰਨੇ ਚਾਹੀਦੇ ਹਨ। ਬੜੀ ਹੈਰਾਨੀ ਦੀ ਗੱਲ ਹੈ ਕਿ "ਰਵਿਦਾਸ ਤੇਰੀ ਸੋਚ 'ਤੇ ਪਹਿਰਾ ਦਿਆਂਗੇ ਠੋਕ ਕੇ" ਦਾ ਜੈਕਾਰਾ ਤਾਂ ਪੂਰਾ ਜ਼ੋਰ ਲਗਾ ਕੇ ਲਗਾਉਂਦੇ ਹਾਂ। ਪਰ ਅਮਲ ਬਿਲਕੁਲ ਵੀ ਨਹੀਂ ਕਰਦੇ। ਝੂਠ ਬੋਲਣ ਨੂੰ ਮਾੜਾ ਸਮਝਿਆ ਜਾਂਦਾ ਹੈ, ਪਰ ਜੇ ਕੋਈ ਸਵੇਰੇ-ਸਵੇਰੇ ਝੂਠ ਬੋਲੇ, ਉਹਨੂੰ ਉਸ ਤੋਂ ਵੀ ਬੁਰਾ ਮੰਨਿਆ ਜਾਂਦਾ ਹੈ। ਜੇਕਰ ਕਿਸੇ ਵਿਅਕਤੀ ਦਾ ਕੀਤੇ ਵਾਅਦੇ ਤੋਂ ਮੁਕਰਨ ਦਾ ਡਰ ਹੋਵੇ, ਤਾਂ ਫਿਰ ਚਾਰ ਬੰਦੇ ਇਕੱਠੇ ਕਰਕੇ ਉਹਨਾਂ ਸਾਹਮਣੇ ਅਸੀਂ ਗੱਲ ਕਰਦੇ ਹਾਂ। ਐਪਰ ਅਸੀਂ ਪਿੰਡ ਦੀ ਗਲੀ-ਗਲੀ ਫਿਰ ਕੇ ਸਵੇਰੇ-ਸਵੇਰੇ "ਰਵਿਦਾਸ ਤੇਰੀ ਸੋਚ 'ਤੇ, ਪਹਿਰਾ ਦਿਆਂਗੇ ਠੋਕ ਕੇ" ਕਹਿੰਦੇ ਫਿਰਦੇ ਹਾਂ ਭਾਵ ਵਾਅਦਾ ਕਰਦੇ ਹਾਂ। ਉਹ ਵੀ ਸਭ ਦੇ ਸਾਹਮਣੇ। ਪਰੰਤੂ ਜਨਮ-ਪੁਰਬ ਦੇ ਦੂਸਰੇ ਦਿਨ ਹੀ ਇਸ ਕੀਤੇ ਵਾਅਦੇ ਤੋਂ ਮੁੱਕਰ ਜਾਂਦੇ ਹਾਂ, ਭੁੱਲ ਜਾਂਦੇ ਹਾਂ। ਵਾਰ-ਵਾਰ ਹਰ ਸਾਲ ਵਾਅਦਾ ਕਰਕੇ ਮੁੱਕਰ ਜਾਣ ਤੋਂ ਮਾੜੀ ਗੱਲ ਸਾਡੇ ਸਭਨਾਂ ਲਈ ਹੋਰ ਕੀ ਹੋ ਸਕਦੀ ਹੈ। ਕੀ ਇਹ ਆਪਣੇ ਰਹਿਬਰ ਨਾਲ ਧੋਖਾ ਕਰਨ ਵਾਲੀ ਗੱਲ ਨਹੀਂ? ਕੀ ਇਹ ਆਪਣੇ ਰਹਿਬਰ ਨਾਲ ਕੋਝਾ ਮਜ਼ਾਕ ਨਹੀਂ ਕੀਤਾ ਜਾ ਰਿਹਾ ਹੈ? ਜ਼ਰਾ ਸੋਚ ਕੇ ਤਾਂ ਵੇਖੋ। ਪੰਡਾਲ ਅੰਦਰ ਐਨ ਸਾਹਮਣੇ ਲਿਖ ਕੇ ਲਗਾਇਆ ਹੋਇਆ ਹੈ "ਐਸਾ ਚਾਹੂੰ ਰਾਜ ਮੈਂ, ਜਹਾਂ ਮਿਲੈ ਸਭਨ ਕੋ ਅੰਨ, ਛੋਟ ਬੜੋ ਸਭ ਸਮ ਵਸੈ ਰਵਿਦਾਸ ਰਹੇ ਪ੍ਰਸੰਨ।"

ਗੁਰੂ ਸਾਹਿਬ ਨੇ ਇਹਨਾਂ ਦੋ ਸਤਰਾਂ ਅੰਦਰ ਆਰਥਿਕ ਅਤੇ ਸਮਾਜਿਕ ਕ੍ਰਾਂਤੀ ਦਾ ਸੁਨੇਹਾ ਦਿੱਤਾ ਹੋਇਆ ਹੈ। ਉਹਨਾਂ ਵੱਲੋਂ ਸੈਂਕੜੇ ਸਾਲ ਪਹਿਲਾਂ ਲਏ ਸੰਕਲਪ ਤੈਅ ਕੀਤੇ ਗਏ ਉਦੇਸ਼ ਰਾਹੀਂ ਆਪਣੀ ਸੋਚ ਦਾ ਪ੍ਰਗਟਾਵਾ ਕੀਤਾ ਹੋਇਆ ਹੈ। ਜਿਸ ਦੀ ਪੂਰਤੀ ਕਰਨ ਖਾਤਰ ਉਹ ਆਪਣੀ ਉਮਰ ਦਾ ਪਲ-ਪਲ ਅਛੂਤ ਭਾਰਤੀ ਸਮਾਜ ਦੇ ਲੇਖੇ ਲਗਾ ਕੇ ਗਏ। ਐਪਰ ਅਸੀਂ ਅਰਦਾਸਾਂ, ਬੇਨਤੀਆਂ ਕਰ-ਕਰ ਕੇ ਉਹਨਾਂ ਦੇ ਉਦੇਸ਼ ਨੂੰ ਪੂਰਾ ਕਰਨ ਦਾ ਪਾਖੰਡ ਕਰ ਰਹੇ ਹਾਂ। ਅਸਲ ਵਿੱਚ ਕੁਝ ਵੀ ਨਹੀਂ ਕਰ ਰਹੇ, ਪਰ ਹੁਣ ਅਸੀਂ ਮੱਥਾ ਟੇਕਣ ਲੱਗਿਆਂ, ਹੱਥ ਖੁੱਲ੍ਹੇ ਹੀ ਰੱਖਦੇ ਹਾਂ। ਇਹ ਸੋਚ ਕੇ ਕਿ ਸ਼ਾਇਦ ਹੁਣੇ ਹੀ ਬੁੱਕ 'ਚ ਕੁੱਝ ਨਾ ਕੁੱਝ ਆ ਡਿੱਗਣਾ ਹੈ। ਜੇਕਰ ਕਿਸੇ ਧਾਰਮਿਕ ਸਥਾਨ, ਰਹਿਬਰ ਦੀ ਤਸਵੀਰ ਜਾਂ ਪੁਜਾਰੀ ਅੱਗੇ ਮੱਥਾ ਟੇਕਣ ਨਾਲ ਹੀ ਰਹਿਮਤਾਂ ਦਾ ਪੱਲਾ ਭਰ ਜਾਣਾ ਹੋਵੇ, ਤਾਂ ਫਿਰ ਸਾਨੂੰ ਹੋਰ ਕੁਝ ਕਰਨ ਦੀ ਜ਼ਰੂਰਤ ਹੀ ਕੀ ਰਹਿ ਜਾਂਦੀ ਹੈ। ਸੋਚਣ ਤੇ ਸਮਝਣ ਦੀ ਸਖ਼ਤ ਜ਼ਰੂਰਤ ਹੈ। ਜੋ ਵੀ ਗੁਰੂ ਰਵਿਦਾਸ ਜੀ ਦੇ ਨਾਂ 'ਤੇ ਪਾਠ-ਪੂਜਾ, ਚਮਕਦਮਕ, ਢੋਲ-ਢਮੱਕਾ ਕੀਤਾ ਜਾਂਦਾ ਹੈ। ਕੀ ਇਹਦੇ ਨਾਲ ਗੁਰੂ ਜੀ ਦੇ ਉਦੇਸ਼ ਦੀ ਪ੍ਰਾਪਤੀ ਹੋ ਸਕਦੀ ਹੈ। ਕੀ ਉਹਨਾਂ ਦੀ ਸੋਚ 'ਤੇ ਪਹਿਰਾ ਦੇਣ ਦਾ ਇਹੋ ਹੀ ਇੱਕ ਤਰੀਕਾ ਹੈ? ਕੀ ਇੰਝ ਅਜਿਹਾ ਪ੍ਰਬੰਧ ਸਿਰਜਿਆ ਜਾ ਸਕਦਾ ਹੈ?

ਜਿੱਥੇ ਕੋਈ ਭੁੱਖਾ ਨਾ ਸੌਂਵੇ, ਭੁੱਖਾ ਨਾ ਮਰੇ। ਕੀ ਇਸ ਤਰ੍ਹਾਂ ਛੂਆਛੂਤ, ਜਾਤ-ਪਾਤ ਦਾ ਸਾਮਾਜਿਕ ਵਿਤਕਰਾ ਖ਼ਤਮ ਹੋ ਸਕਦਾ ਹੈ? ਕੀ ਵੱਡੇ-ਵੱਡੇ ਧਾਰਮਿਕ ਸਮਾਗਮ ਕਰਕੇ ਜਾਂ ਵੱਡੇ-ਵੱਡੇ ਧਾਰਮਿਕ ਸਥਾਨਾਂ ਦੀ ਉਸਾਰੀ ਕਰਨ ਨਾਲ ਸਾਮਾਜਿਕ ਮਾਣ-ਸਨਮਾਨ ਬਹਾਲ ਹੋ ਜਾਵੇਗਾ। ਕੀ ਇੰਝ ਕਰਕੇ ਸਾਡੇ ਆਰਥਿਕ ਮਸਲੇ ਹੱਲ ਹੋ ਜਾਣੇ ਹਨ? ਜੇ ਉਪਰੋਕਤ ਕਾਰਜਾਂ ਨਾਲ ਗੁਰੂ ਜੀ ਦਾ ਉਦੇਸ਼ ਪੂਰਾ ਨਹੀਂ ਕੀਤਾ ਜਾ ਸਕਦਾ ਜਾਂ ਨਹੀਂ ਹੋ ਰਿਹਾ, ਤਾਂ ਸਮਝ ਲੈਣਾ ਚਾਹੀਦਾ ਹੈ ਕਿ ਸੋਚ 'ਤੇ ਪਹਿਰਾ ਨਹੀਂ ਦਿੱਤਾ ਜਾ ਰਿਹਾ। ਸੋਚ 'ਤੇ ਪਹਿਰਾ ਦੇਣ ਦੇ ਨਾਂ 'ਤੇ ਦਿਖਾਵਾ ਕੀਤਾ ਜਾ ਰਿਹਾ ਹੈ। ਸਿਰਫ਼ ਇੱਕ ਰੂੜ੍ਹੀਵਾਦੀ ਖਪਤਵਾਦੀ ਰਸਮ ਪੂਰੀ ਕੀਤੀ ਜਾ ਰਹੀ ਹੈ। ਰੂੜ੍ਹੀਵਾਦੀ




ਰਸਮਾਂ-ਰੀਤਾਂ ਮੁਤਾਬਕ ਚੱਲਣਾ ਲਾਈਲੱਗ ਲੋਕਾਂ ਦਾ ਕੰਮ ਹੁੰਦਾ ਹੈ। ਲਾਈਲੱਗ ਵਿਅਕਤੀ ਨੂੰ ਸਿਆਣਾ ਨਹੀਂ ਮੰਨਿਆ ਜਾਂਦਾ। ਸਾਡੇ ਗੁਰੂ ਰਵਿਦਾਸ ਜੀ ਨੇ ਰੂੜ੍ਹੀਵਾਦੀ ਰੀਤਾਂ ਰਿਵਾਜਾਂ ਨੂੰ ਤੋੜਨ ਦਾ ਰਾਹ ਚੁਣਿਆ ਸੀ। ਸਮਾਜ ਅੰਦਰ ਉਚ-ਨੀਚ, ਛੂਆ-ਛੂਤ, ਗਰੀਬੀ, ਆਰਥਿਕ ਨਾ-ਬਰਾਬਰੀ ਆਦਿ ਦੇ ਵਿਰੁੱਧ ਉਹਨਾਂ ਅਵਾਜ਼ ਉਠਾਈ ਸੀ। ਸਮਾਜ ਅੰਦਰ ਜੋ ਵਿਤਕਰੇ ਚੱਲ ਰਹੇ ਸਨ। ਸਮਾਜ ਅੰਦਰ ਜੋ ਵਿਤਕਰੇ ਚੱਲ ਰਹੇ ਹਨ, ਉਹਨਾਂ ਖਿਲਾਫ਼ "ਐਸਾ ਚਾਹੂੰ ਰਾਜ ਮੈਂ, ਜਹਾਂ ਮਿਲੈ ਸਭਨ ਕੋ ਅੰਨ..." ਰਾਹੀਂ ਬਗਾਵਤ ਦਾ ਝੰਡਾ ਚੁੱਕਿਆ ਸੀ। ਸਮਾਜ ਦੇ ਇੱਕ ਹਿੱਸੇ ਨੂੰ ਗੁਲਾਮ ਕਰਨ ਲਈ ਸ਼ੈਤਾਨ ਲੋਕਾਂ ਨੇ ਆਰਥਿਕ ਪਾਬੰਦੀਆਂ, ਸਾਮਾਜਿਕ ਰੋਕਾਂ ਦਾ ਤਾਣਾਬਾਣਾ ਬੁਣਿਆ। ਜਿਸ ਨੂੰ ਧਰਮ ਦੀ ਪਾਣ ਦੇ ਕੇ, ਰਾਜਨੀਤੀ ਸਹਾਰੇ ਲਾਗੂ ਕੀਤਾ ਗਿਆ। ਜੋ ਕਿ ਸਦੀਆਂ ਤੋਂ ਅੱਜ ਤੱਕ ਭਾਰਤ ਦੇ ਹਰ ਕੋਨੇ ਵਿੱਚ ਲਾਗੂ ਹੈ। ਇੱਥੋਂ ਤੱਕ ਕਿ ਅਖੌਤੀ ਆਜ਼ਾਦੀ ਆ ਜਾਣ ਦੇ ਬਾਵਜੂਦ ਵੀ, ਮਨੂੰ ਦਾ ਕਾਨੂੰਨ ਅਜੇ ਵੀ ਅਮਲੀ ਰੂਪ 'ਚ ਕਾਇਮ ਹੈ।

ਜੇਕਰ ਇੱਥੇ ਪੰਜਾਬ ਦੇ ਅੰਦਰ ਖਾਸ ਤੌਰ 'ਤੇ ਦੁਆਬਾ ਖੇਤਰ ਵਿੱਚ ਛੂਤ-ਛਾਤ, ਜਾਤਪਾਤ ਦਾ ਸਾਮਾਜਿਕ ਵਿਤਕਰਾ ਕੁਝ ਘਟਿਆ ਹੈ। ਇਸ ਦਾ ਮੁੱਖ ਕਾਰਨ ਅਛੂਤ ਮੰਨੇ ਜਾਣ ਵਾਲੇ, ਅਛੂਤਪਣ ਲੋਕਾਂ ਦਾ ਆਰਥਿਕ ਪੱਧਰ ਉੱਚਾ ਹੋਣਾ ਹੈ। ਭਾਰਤ ਦੇ ਦੂਜੇ ਸੂਬਿਆਂ ਅੰਦਰ ਵੀ ਜਿਨ੍ਹਾਂ ਲੋਕਾਂ (ਜਾਤਾਂ) ਦਾ ਆਰਥਿਕ ਪੱਧਰ ਉੱਚਾ ਹੋਇਆ ਹੈ, ਉੱਚ ਜਾਤ-ਪਾਤ, ਛੂਤ-ਛਾਤ ਦੇ ਜਾਲ ਦੀਆਂ ਤੰਦਾਂ ਟੁੱਟਣੀਆਂ ਸ਼ੁਰੂ ਹੋ ਗਈਆਂ ਹਨ। ਪੰਜਾਬ ਦੇ ਦੁਆਬਾ ਖੇਤਰ ਦੇ ਲੋਕਾਂ ਦੀ ਆਰਥਿਕ ਤਰੱਕੀ ਵਿੱਚ ਵੱਡਾ ਯੋਗਦਾਨ ਅਰਬ ਦੇਸ਼ਾਂ ਵਿੱਚ ਰੋਜ਼ਗਾਰ ਪ੍ਰਾਪਤੀ ਦਾ ਸਬੱਬ ਬਣਿਆ ਹੈ। ਦੇਸ਼ ਤੋਂ ਬਾਹਰ ਰੋਜ਼ਗਾਰ ਦੇ ਮੌਕੇ ਤਲਾਸ਼ਣ ਨਿਕਲੇ ਲੋਕਾਂ ਦਾ ਜਿੱਥੇ ਆਰਥਿਕ ਪੱਧਰ ਵਧਿਆ ਹੈ। ਉਹਦੇ ਨਾਲ-ਨਾਲ ਉਹਨਾਂ ਦੀ ਨਵੀਂ ਪੀੜ੍ਹੀ ਪੜ੍ਹ ਲਿਖ ਕੇ ਨਵੇਂ ਕਿੱਤੇ ਸਿੱਖਣ ਵੱਲ ਤੁਰ ਪਈ। ਜਿਸ ਨੇ ਉਹਨਾਂ ਲਈ ਰੁਜ਼ਗਾਰ ਦੇ ਨਵੇਂ ਰਾਹ ਖੋਲ੍ਹ ਦਿੱਤੇ। ਅਰਬ ਅਤੇ ਯੂਰਪ ਦੇ ਦੇਸ਼ਾਂ ਦੀ ਕਮਾਈ ਦੇ ਸਿਰ 'ਤੇ ਕੁਝ ਨੇ ਉੱਚ ਸਿੱਖਿਆ ਪ੍ਰਾਪਤ ਕਰਕੇ ਚੰਗੇ ਅਹੁਦਿਆਂ ਵਾਲੀਆਂ ਨੌਕਰੀਆਂ ਪ੍ਰਾਪਤ ਕਰ ਲਈਆਂ ਹਨ। ਇੰਝ ਆਰਥਿਕ ਤੌਰ 'ਤੇ ਪੈਰਾਂ ਸਿਰ ਹੋਣ ਤੋਂ ਬਾਅਦ ਅਛੂਤ ਲੋਕਾਂ ਨੂੰ ਆਪਣੀ ਹੋਂਦ ਦਾ ਅਹਿਸਾਸ ਹੋਣਾ ਸ਼ੁਰੂ ਹੋਇਆ। ਨਤੀਜੇ ਵਜੋਂ ਆਪਣੀ ਵੱਖਰੀ ਪਹਿਚਾਣ ਸਥਾਪਿਤ ਕਰਨ ਦੀ ਸੋਚ ਪੈਦਾ ਹੋਣ ਲੱਗੀ। ਇਸ ਵਿਚਾਰ ਦਾ ਸਿੱਟਾ ਹੈ ਕਿ ਅੱਜ 151. ਸੀ., ਬੀ. ਸੀ. ਜਾਤਾਂ ਦੇ ਲੋਕ ਆਪਣੇ ਸੰਗਠਨ ਬਣਾ ਕੇ ਸਾਮਾਜਿਕ, ਧਾਰਮਿਕ, ਸੱਭਿਆਚਾਰਕ ਸਰਗਰਮੀਆਂ ਕਰਕੇ ਆਪਣੀ ਹੋਂਦ ਜਿਤਾ ਰਹੇ ਹਨ, ਪਛਾਣ ਬਣਾਉਣ ਲੱਗੇ ਹਨ। ਸਮਾਜ ਵਿੱਚ ਮਾਣ-ਸਨਮਾਨ ਪ੍ਰਾਪਤ ਕਰਨ ਦੇ ਹੀਲੇ-ਵਸੀਲੇ ਕਰ ਰਹੇ ਹਨ। ਇਸ ਦਾ ਸਾਰਾ ਸਿਹਰਾ ਆਰਥਿਕਤਾ ਨੂੰ ਜਾਂਦਾ ਹੈ। ਜਿਸ ਕਰਕੇ ਸਮਾਜ ਅੰਦਰ ਕੁਝ ਮਾਣ-ਸਨਮਾਨ ਪ੍ਰਾਪਤ ਹੋਇਆ ਹੈ ਅਤੇ ਬਰਾਬਰਤਾ ਦੀ ਲੜਾਈ ਦੀ ਸ਼ੁਰੂਆਤ ਹੋ ਚੁੱਕੀ ਹੈ। ਐਪਰ ਅਜ ਜਿਹੜੇ ਸਿੱਧਾ ਹੀ ਸਾਮਾਜਿਕ ਤਬਦੀਲੀ ਦੇ ਸਿਖਰਲੇ ਡੰਡੇ 'ਤੇ ਪਹੁੰਚਣਾ ਚਾਹੁੰਦੇ ਹਨ। ਉਹਨਾਂ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਆਰਥਿਕ ਤਬਦੀਲੀ ਤੋਂ ਬਿਨਾਂ ਸਾਮਾਜਿਕ ਤਬਦੀਲੀ ਸੰਭਵ ਹੀ ਨਹੀਂ, ਪਰੰਤੂ ਉਹ ਆਪ ਇਹ ਗੱਲ ਸਮਝ ਨਹੀਂ ਰਹੇ ਕਿ ਉਹਨਾਂ ਦੀ ਆਰਥਿਕ ਤਬਦੀਲੀ ਦੇ ਕਾਰਨ ਹੀ ਉਹਨਾਂ ਦੀ ਸੋਚ ਸਾਮਾਜਿਕ ਤਬਦੀਲੀ ਪ੍ਰਤੀ ਫ਼ਿਕਰ, ਸੋਚ ਦਾ ਵਿਸ਼ਾ ਬਣੀ ਹੈ। ਇਹ ਸਿੱਟਾ ਆਰਥਿਕ ਤੌਰ 'ਤੇ ਸਾਧਨ ਸੰਪੰਨ ਹੋਣ ਦਾ ਹੀ ਇੱਕ ਵੱਡਾ ਪਹਿਲੂ ਹੈ।

ਇਸ ਲਈ ਜਦੋਂ ਤੱਕ ਬਹੁਗਿਣਤੀ ਲੋਕਾਂ ਦੀ ਆਰਥਿਕ ਤਬਦੀਲੀ ਨਹੀਂ ਹੋ ਜਾਂਦੀ, ਤਦ ਤੱਕ ਸਾਮਾਜਿਕ ਤਬਦੀਲੀ ਕਰਨ ਜਾਂ ਹੋਣ ਬਾਰੇ ਸਿਰਫ਼ ਭਰਮ ਹੀ ਪਾਲਿਆ ਜਾ ਸਕਦਾ ਹੈ। ਧਰਮ ਪ੍ਰਤੀ (ਧਰਮ ਦੇ ਪੱਖ ਵਿੱਚ) ਚੇਤਨਤਾ ਦੇ ਨਾਂ 'ਤੇ ਲੋਕਾਂ ਨੂੰ ਗੁੰਮਰਾਹ ਕੀਤਾ ਜਾ ਸਕਦਾ ਹੈ। ਸਾਮਾਜਿਕ ਤਬਦੀਲੀ (ਮਨੂੰਵਾਦ ਨੂੰ ਭੰਡਣ ਤੱਕ ਸੀਮਤ ਰਹਿਣਾ) ਦੇ ਨਾਂ 'ਤੇ ਲੋਕਾਂ ਨੂੰ ਕੁਰਾਹੇ ਪਾਇਆ ਜਾ ਸਕਦਾ ਹੈ। ਰਾਜ ਸੱਤਾ ਦੀ ਪ੍ਰਾਪਤੀ (ਸਰਕਾਰ ਬਣਨ ਨਾਲ ਸਾਰੇ ਮਸਲੇ ਹੱਲ) ਦੇ ਨਾਂ 'ਤੇ ਭਰਮਾਇਆ ਜਾ ਸਕਦਾ ਹੈ, ਪਰੰਤੂ ਲੋਕਾਂ ਦੇ ਮੱਸਲਿਆਂ ਨੂੰ ਹੱਲ ਨਹੀਂ ਕੀਤਾ ਜਾ ਸਕਦਾ। ਸਾਮਾਜਿਕ ਤਬਦੀਲੀ ਦੀ ਸਰਗਰਮੀ ਨੂੰ ਸਹੀ ਲਹਿਰ ਦਾ ਰੂਪ ਨਹੀਂ ਦਿੱਤਾ ਜਾ ਸਕਦਾ। ਸਾਮਾਜਿਕ ਤਬਦੀਲੀ ਵਾਸਤੇ ਸਾਨੂੰ ਮਾਹੌਲ ਸਿਰਜਣਾ ਪੈਣਾ ਹੈ। ਜਿਸ ਦਾ ਆਧਾਰ ਆਰਥਿਕਤਾ ਹੈ। ਆਰਥਿਕ ਤਬਦੀਲੀ (ਕੁਦਰਤੀ ਸਰੋਤਾਂ ਅਤੇ ਆਮਦਨ ਦੇ ਵਸੀਲਿਆਂ ਦੀ ਬਰਾਬਰ ਵੰਡ) ਦਾ ਸੰਬੰਧ ਰਾਜਸੱਤਾ ਨਾਲ ਨਹੀਂ, ਸਮਾਜਵਾਦੀ ਪ੍ਰਬੰਧ ਨਾਲ ਹੈ। ਆਰਥਿਕ ਤੌਰ 'ਤੇ ਖ਼ੁਸ਼ਹਾਲੀ ਨੇ ਹੀ ਸਾਮਾਜਿਕ ਤਬਦੀਲੀ ਦਾ ਆਧਾਰ ਬਣਨਾ ਹੈ। ਜੋ ਅੱਜ ਸਾਡੇ ਸਾਹਮਣੇ ਖ਼ਾਸ ਤੌਰ 'ਤੇ ਦੁਆਬੇ (ਪੰਜਾਬ) ਦੀ ਉਦਾਹਰਨ ਹੈ। ਆਰਥਿਕ ਤਬਦੀਲੀ ਦੀ ਸੇਧ ਵਿੱਚ ਕੀਤਾ ਹਰ ਕਾਰਜ ਸਾਮਾਜਿਕ ਤਬਦੀਲੀ ਦੀ ਨੀਂਹ ਦਾ ਹਿੱਸਾ ਬਣਨਾ ਹੈ। ਆਰਥਿਕ ਤਬਦੀਲੀ ਦੇ ਚੱਲਦਿਆਂ, ਸਾਮਾਜਿਕ ਤਬਦੀਲੀ ਨੂੰ ਕੋਈ ਵੀ ਰੋਕ ਨਹੀਂ ਸਕੇਗਾ। ਸਿਰਫ਼ ਸਾਮਾਜਿਕ ਤਬਦੀਲੀ ਦੇ ਲਈ ਕੀਤੀਆਂ ਮਸ਼ਕਾਂ ਕੋਈ ਸਾਰਥਕ ਸਿੱਟਾ ਕੱਢ ਸਕਣ ਦੇ ਸਮਰੱਥ ਨਹੀਂ ਹੋ ਸਕਦੀਆਂ। ਤਬਦੀਲੀ ਕੁਦਰਤ ਦਾ ਅਟੱਲ ਨਿਯਮ ਹੈ, ਪਰੰਤੂ ਤਬਦੀਲੀ ਨੂੰ ਆਪਣੇ ਅਨੁਸਾਰ ਢਾਲਣ ਦੇ ਯਤਨ ਕਰਨਾ ਸਹੀ ਮਨੁੱਖ ਦਾ ਕਾਰਜ ਹੈ। ਜਿਵੇਂ ਪਾਣੀ ਨੂੰ ਬਰਫ਼ ਜਾਂ ਭਾਫ਼ ਬਣਾ ਕੇ ਵਰਤਣਾ। ਦੁੱਧ ਦਾ ਦਹੀਂ ਬਣਾਉਣਾ। ਜੇਕਰ ਦੁੱਧ ਦਾ ਦਹੀਂ ਨਾ ਵੀ ਬਣਾਇਆ ਜਾਵੇ, ਤਾਂ ਵੀ ਉਹ ਦੁੱਧ ਦੇ ਤੌਰ 'ਤੇ ਬਹੁਤਾ ਸਮਾਂ ਨਹੀਂ ਰਹਿ ਸਕੇਗਾ। ਪਰੰਤੂ ਉਸ ਦਾ ਸਿੱਟਾ ਸਾਡੇ ਮੁਤਾਬਕ ਨਹੀਂ ਹੋਵੇਗਾ। ਜਿਵੇਂ ਦੁੱਧ ਤੋਂ ਦਹੀਂ ਬਣਾਉਣ ਲਈ ਗਰਮ-ਸਰਦ ਪਰਖ ਕੇ ਜੰਮਣ ਲਗਾਉਣ ਤੋਂ ਬਾਅਦ ਵਿਸ਼ੇਸ਼ ਵਾਤਾਵਰਨ ਵਿੱਚ ਰੱਖਦੇ ਹਾਂ। ਜਿਸ ਵਿੱਚ ਦੁੱਧ ਨੇ ਜੰਮਣਾ ਹੀ ਜੰਮਣਾ ਹੈ। ਇਸੇ ਤਰ੍ਹਾਂ ਜੇਕਰ ਅਸੀਂ ਆਰਥਿਕ ਤਬਦੀਲੀ ਕਰਨ ਵਿੱਚ ਕਾਮਯਾਬ ਹੋ ਜਾਵਾਂਗੇ ਤਾਂ ਸਾਮਾਜਿਕ ਤਬਦੀਲੀ ਨੇ ਆਉਣਾ ਹੀ ਆਉਣਾ ਹੈ, ਪਰੰਤੂ ਨਾ ਧਰਮ ਦੀ ਨੀਤੀ ਰਾਹੀਂ, ਨਾ ਸਾਮਾਜਿਕ ਨੀਤੀ ਰਾਹੀਂ (ਸਿਰਫ਼ ਮਨੂੰਵਾਦ ਨੂੰ ਭੰਡ ਕੇ), ਨਾ ਰਾਜ ਦੀ ਨੀਤੀ (ਸੱਤਾ ਪ੍ਰਾਪਤੀ) ਰਾਹੀਂ ਸਾਮਾਜਿਕ ਇਨਕਲਾਬ ਕਰਨ ਵਿੱਚ ਕਾਮਯਾਬ ਨਹੀਂ ਹੋਇਆ ਜਾ ਸਕਦਾ। ਸਾਮਾਜਿਕ ਤਬਦੀਲੀ ਵਾਸਤੇ ਸਿਰਫ਼ ਆਰਥਿਕ ਕ੍ਰਾਂਤੀ ਹੀ ਇੱਕੋ-ਇੱਕ ਰਾਹ ਹੈ।

ਗੁਰੂ ਰਵਿਦਾਸ ਜੀ ਦਾ ਉਦੇਸ਼ ਤੇ ਉਪਦੇਸ਼ ਵੀ ਆਰਥਿਕ ਕ੍ਰਾਂਤੀ ਵਾਲਾ ਹੈ "ਮਿਲੈ ਸਭਨ ਕੋ ਅੰਨ" ਦਾ ਭਾਵ ਸਭ ਨੂੰ ਅੰਨ ਪ੍ਰਾਪਤ ਹੋਵੇ। ਜੇਕਰ ਸਭਨਾਂ ਨੂੰ ਅੰਨ ਪ੍ਰਾਪਤ ਕਰਨ ਦੇ ਯੋਗ ਬਣਾਇਆ ਜਾ ਸਕਦਾ ਹੈ, ਤਾਂ ਉਸ ਦੀ ਪਹੁੰਚ ਦਾ ਮਾਰਗ ਆਰਥਿਕਤਾ ਹੈ, ਧਾਰਮਿਕਤਾ ਨਹੀਂ, ਸੱਤਾ ਪ੍ਰਾਪਤੀ ਵੀ ਨਹੀਂ। ਇਸ ਲਈ ਜੇ ਗੁਰੂ ਸਾਹਿਬ ਦੇ ਉਦੇਸ਼ ਦਾ ਆਧਾਰ ਆਰਥਿਕਤਾ ਹੈ ਤਾਂ ਫਿਰ ਕਿਉਂ ਅਸੀਂ ਧਾਰਮਿਕਤਾ ਨੂੰ ਆਧਾਰ ਬਣਾ ਕੇ ਸਮਾਜ ਦਾ ਭਲਾ ਕਰਨ ਦਾ ਰੌਲਾ ਪਾ ਕੇ ਲੋਕਾਂ ਨੂੰ ਗੁੰਮਰਾਹ ਕਰ ਰਹੇ ਹਾਂ।

ਧਰਮ ਦਾ ਰਾਹ ਚੇਤਨਾ ਦਾ ਰਾਹ ਨਹੀਂ ਹੈ। ਇਹ ਤਾਂ ਲੋਕਾਂ ਨੂੰ ਬੁੱਧੂ, ਮੂਰਖ ਬਣਾਉਣ ਦਾ ਰਸਤਾ ਹੈ। ਧਰਮ, ਵਿਸ਼ਵਾਸ ਤੇ ਨਹੀਂ, ਸਗੋਂ ਅੰਧ-ਵਿਸ਼ਵਾਸ 'ਤੇ ਟਿਕਿਆ ਹੋਇਆ ਹੈ। ਧਰਮ ਸਵਾਲ ਕਰਨ ਦਾ ਮੌਕਾ ਨਹੀਂ ਦਿੰਦਾ ਜਦੋਂ ਕਿ ਚੇਤਨਾ ਦਾ ਆਧਾਰ ਹੀ ਸਵਾਲ ਹੈ। ਕਿੰਤੂ ਕਰਨਾ ਹੈ। ਜੇਕਰ ਅਸੀਂ ਧਰਮ ਦੇ ਰਾਹੀਂ ਜਾਂ ਸੱਤਾ ਪ੍ਰਾਪਤੀ ਰਾਹੀਂ ਸਾਮਾਜਿਕ ਤਬਦੀਲੀ ਦਾ ਪ੍ਰੋਗਰਾਮ ਦੇ ਰਹੇ ਹੋਵਾਂਗੇ, ਤਾਂ ਇਹ ਗੁਰੂ ਜੀ ਦੇ ਉਦੇਸ਼ ਤੋਂ ਭਟਕਾਉਣ ਦਾ ਕਾਰਜ ਹੋਵੇਗਾ।

ਜੇ "ਐਸਾ ਚਾਹੂੰ ਰਾਜ ਮੈਂ, ਜਹਾਂ ਮਿਲੈ ਸਭਨ ਕੋ ਅੰਨ..." ਦੇ ਉਦੇਸ਼ ਨੂੰ ਪੂਰਾ ਕਰਨਾ ਚਾਹੁੰਦੇ ਹਾਂ ਤਾਂ ਸਾਨੂੰ ਲੋਕਾਂ ਦੀ ਆਰਥਿਕਤਾ ਨੂੰ ਸੁਧਾਰਨ ਲਈ, ਉੱਕਦ ਚੁੱਕਣ ਵਾਸਤੇ ਸੋਚ ਵਿਚਾਰ ਕਰਕੇ ਪ੍ਰੋਗਰਾਮ ਤੈਅ ਕਰਨੇ ਪੈਣੇ ਹਨ। ਉਹਨਾਂ 'ਤੇ ਪੜਾਅਵਾਰ ਅਮਲ ਕਰਦੇ ਹੋਏ ਅੱਗੇ ਵਧਣਾ ਹੋਵੇਗਾ ਤੇ ਸਮੇਂ-ਸਮੇਂ ਤੈਅ ਕੀਤੇ ਪ੍ਰੋਗਰਾਮ ਦੇ ਅਮਲ ਤੇ ਸਿੱਟਿਆਂ 'ਤੇ ਵਿਚਾਰ ਕਰਕੇ ਅਗਲੇ ਪੜਾਅ ਵੱਲ ਵਧਣ ਦੇ ਯਤਨ ਕਰਨੇ ਪੈਣਗੇ। ਸਿਰਫ਼ ਤੇ ਸਿਰਫ਼ "ਰਵਿਦਾਸ ਤੇਰੀ ਸੋਚ 'ਤੇ, ਪਹਿਰਾ ਦਿਆਂਗੇ ਠੋਕ ਕੇ", ਦੇ ਜੈਕਾਰੇ ਉੱਚਾ-ਉੱਚਾ ਬੋਲ ਕੇ ਕੁੱਝ ਵੀ ਪ੍ਰਾਪਤ ਨਹੀਂ ਹੋਣਾ ਅਤੇ ਗੁਰੂ ਜੀ ਦਾ ਉਦੇਸ਼ ਜੋ ਬਹੁਜਨ ਦੇ ਭਲੇ ਵਾਲਾ ਹੈ ਅਧੂਰਾ ਹੀ ਰਹਿਣਾ ਹੈ ਤੇ ਅਸੀਂ ਵਾਅਦਾ ਕਰਕੇ ਮੁਕਰਨ ਵਾਲਿਆਂ ਦੀ ਕਤਾਰ ਵਿੱਚ ਖੜ੍ਹੇ ਹੋਵਾਂਗੇ। ਗੁਰੂ ਤੋਂ ਬੇਮੁੱਖ ਵੀ। ਸਾਨੂੰ ਇਹ ਵੀ ਸਮਝਣਾ ਪੈਣਾ ਹੈ ਕਿ ਅੱਜ ਖਪਤਵਾਦ ਸੱਭਿਆਚਾਰ ਨੇ ਲੋਕਾਂ ਦੀ ਸਮਝ ਨੂੰ ਸਾਮਾਜਿਕ, ਪਰਿਵਾਰਕ, ਧਾਰਮਿਕ ਦਿਨ-ਤਿਉਹਾਰ ਮਨਾਉਣ ਨੂੰ ਖਾਣ-ਪੀਣ, ਚਮਕ-ਦਮਕ, ਰਾਗ-ਰੰਗ, ਨੱਚਣ-ਟੱਪਣ ਤੱਕ ਹੀ ਸੀਮਤ ਕਰਕੇ ਰੱਖ ਦਿੱਤਾ ਹੈ। ਜਿਸ ਦਾ ਸਭ ਤੋਂ ਵੱਧ ਅਸਰ ਨਵੀਂ ਪੀੜ੍ਹੀ 'ਤੇ ਹੋ ਰਿਹਾ ਹੈ।

ਮੁਨਾਫ਼ੇਖੋਰ ਦੇ ਮੀਡੀਏ ਨੇ ਇਸ ਵਿੱਚ ਵੱਡਾ ਰੋਲ ਅਦਾ ਕੀਤਾ ਹੈ। ਇਹ ਇਸ ਲਈ ਵੀ ਵੱਧ ਅਸਰਦਾਰ ਹੋ ਰਿਹਾ ਹੈ, ਕਿਉਂਕਿ ਸਾਨੂੰ ਸਾਧਾਰਨ ਜ਼ਿੰਦਗੀ ਵਿੱਚ ਚੰਗਾ ਖਾਣ-ਪੀਣ ਪਹਿਨਣ ਅਤੇ ਖ਼ੁਸ਼ੀ ਜ਼ਾਹਿਰ ਕਰਨ ਦੇ ਮੌਕੇ ਨਹੀਂ ਮਿਲਦੇ। ਜੇਕਰ ਸਾਡੀ ਰੋਜ਼ਾਨਾ ਜ਼ਿੰਦਗੀ ਵਿੱਚ ਸਾਨੂੰ ਚੰਗੀ ਖ਼ੁਰਾਕ ਮਿਲੇ, ਪਹਿਨਣ ਲਈ ਵਧੀਆ ਵਸਤਰ ਹੋਣ, ਤਾਂ ਅਜਿਹੇ ਸਮਾਗਮਾਂ ਦੀ ਅਹਿਮੀਅਤ ਆਪਣੇ ਆਪ ਘਟ ਜਾਣੀ ਹੈ। ਸਾਡੀ ਰੋਜ਼ਾਨਾ ਜ਼ਿੰਦਗੀ ਦਿਨ ਤਿਉਹਾਰ ਮਨਾਉਣ ਵਰਗੀ ਬਣੇ। ਇਸ ਦੇ ਲਈ ਅਸੀਂ ਸੋਚ ਸਮਝ ਪੈਦਾ ਨਹੀਂ ਕਰਦੇ ਸਗੋਂ ਇੱਕ ਦਿਨ ਤੇ ਸਾਲ ਭਰ ਜਿੰਨਾ ਖਰਚਾ ਕਰਕੇ ਹੋਰ ਮੁਸ਼ਕਲਾਂ ਪੈਦਾ ਕਰ ਲੈਂਦੇ ਹਾਂ। ਸਾਡੀ ਰੋਜ਼ਾਨਾ ਦੀ ਜ਼ਿੰਦਗੀ ਤਿਉਹਾਰ ਵਰਗੀ ਕਿਵੇਂ ਬਣੇ? ਆਰਥਿਕ, ਸਾਮਾਜਿਕ ਵਿਤਕਰੇ ਕਿਵੇਂ ਖ਼ਤਮ ਕੀਤੇ ਜਾਣ? ਸਾਡਾ ਜੀਵਨ ਖ਼ੁਸ਼ਹਾਲ ਕਿਉਂ ਨਹੀਂ? ਇਹ ਤੁਹਾਡੇ ਸਾਡੇ ਸਭ ਦੇ ਫ਼ਿਕਰ ਦਾ ਵਿਸ਼ਾ ਬਣਨਾ ਚਾਹੀਦਾ ਹੈ। ਇਹ ਹੀ ਗੁਰੂ ਜੀ ਦਾ ਉਪਦੇਸ਼, ਉਦੇਸ਼ ਅਤੇ ਸੁਪਨਾ ਹੈ। ਜਿਸ 'ਤੇ ਪਹਿਰਾ ਦੇਣਾ ਹੈ। ਅਮਲ ਕਰਨਾ ਹੈ। ਕਦ ਤੋਂ? ਇਹ ਸਵਾਲ ਜਵਾਬ ਉਡੀਕ ਰਿਹਾ।

## ਗੀਤ

ਚੁੱਪ-ਚੁੱਪ 'ਚ ਮੁਹੱਬਤਾਂ ਦਾ ਸ਼ੋਰ ਕੁੜੇ
ਭਾਬੋ ਦੇਈ ਨਾ ਤੂੰ ॥ ਦਿਲ ਇਹਦਾ ਤੋੜ ਕੁੜੇ
ਹੋ ਹੋ...। ਹੋ ਹੋ।

ਵੀਰ ਸਾਡਾ ਹੋ ਗਿਆ ਪਤਜਰਾਂ ਸਾਲ ਦਾ
ਉਹ ਤਾਂ ਦਿਨੇ ਰਾਤੀਂ ਅਜੇ ਤੈਨੂੰ ਪੁਕਾਰਦਾ
ਉਹ ਤਾਂ ਖਿੜਿਆ ਗੁਲਾਬ

ਉਹ ਤਾਂ ਲਗਦਾ ਨਵਾਬ
ਤੂੰ ਨਾ ਬੈਠ ਐਵੇਂ ਹੋ ਕੇ ਕਮਜ਼ੋਰ ਕੁੜੇ

ਚੁੱਪ-ਚੁੱਪ 'ਚ ਮੁਹੱਬਤਾਂ ਦਾ ਸ਼ੋਰ ਕੁੜੇ
ਹੋ ਹੋ......। ਹੋ ਹੋ।

ਉਹਦਾ ਤੇਰਾ ਭਾਬੋ ਸੱਤ ਜਨਮਾਂ ਦਾ ਸਾਥ ਏ
ਤਨ ਮਨ ਰੂਹ ਜੁੜੇ ਹੋਇਆ ਇਤਫ਼ਾਕ ਏ
ਤੂੰ ਤਾਂ ਉਹਦੀ ਸੋਹਣੀ ਹੀਰ

ਉਹ ਹੈ ਰਾਂਝਾ ਤੂੰ ਤਕਦੀਰ
ਤੂੰ ਹੈ ਉਹਦੇ ਪਤੰਗ ਦੀ ਡੋਰ ਕੁੜੇ

ਚੁੱਪ-ਚੁੱਪ 'ਚ ਮੁਹੱਬਤਾਂ ਦਾ ਸ਼ੋਰ ਕੁੜੇ
ਹੋ ਹੋ......। ਹੋ ਹੋ।

ਤੁਸੀਂ ਰਾਵੀ ਤੇ ਝਨਾਂਅ, ਰੱਖੋ ਦਿਲ ਦਰਿਆ
ਗਈ ਜ਼ਿੰਦ ਬੀਤ ਬਹੁਤੀ ਹੋ ਕੇ ਬੇਪ੍ਰਵਾਹ
ਸਾਡਾ ਵੀਰ ਬੜਾ ਦਿਲਦਾਰ

ਉਹਦੀਆਂ ਗੱਲਾਂ ਮਜ਼ੇਦਾਰ
ਤੂੰ ਹੈ ਉਹਦੇ ਦਿਲ ਦੀ ਲੋਰ ਕੁੜੇ

ਚੁੱਪ-ਚੁੱਪ 'ਚ ਮੁਹੱਬਤਾਂ ਦਾ ਸ਼ੋਰ ਕੁੜੇ
ਹੋ ਹੋ...। ਹੋ ਹੋ।

ਬਾਗ਼ ਇਹਦੇ ਖਿੜੀਆਂ ਫੁੱਲ ਤੇ ਕਲੀਆਂ
ਧੀਆਂ, ਪੁੱਤ ਆਏ ਮੁਸੀਬਤਾਂ ਟਲੀਆਂ
ਰਿਹਾ ਏਕਾ ਤੇ ਪਿਆਰ

ਪੂਰੇ ਕੀਤੇ ਇਕਰਾਰ
ਤੂੰ ਛੱਡ ਗੁੱਸਾ ਮਾਰੀ ਇਗਨੋਰ ਕੁੜੇ

ਚੁੱਪ-ਚੁੱਪ 'ਚ ਮੁਹੱਬਤਾਂ ਦਾ ਸ਼ੋਰ ਕੁੜੇ
ਹੋ ਹੋ......। ਹੋ ਹੋ।

Happy Birthday
ਨੱਚੋ, ਟੱਪੋ, ਹੱਸੋ, ਬੋਲੋ, ਅਪਪੇ Birthdayy

ਚੜ੍ਹਿਆ ਸਾਰਿਆਂ ਨੂੰ ਚਾਅ
ਭਾਬੋ ਪੈਰੀਂ ਝਾਂਜਰਾਂ ਪਾਅ

ਤੂੰ ਹੈ ਨੱਚਣਾ...। ਤੂੰ ਹੈ ਨੱਚਣਾ
ਨੱਚਣਾ ਤੇ ਤੋੜਨਾ ਫਲੋਰ ਕੁੜੇ

ਚੁੱਪ-ਚੁੱਪ 'ਚ ਮੁਹੱਬਤਾਂ ਦਾ ਸ਼ੋਰ ਕੁੜੇ
ਹੋ ਹੋ......। ਹੋ ਹੋ।



ਰਬਿੰਦਰ ਸ਼ਰਮਾ
91-98146-67682

# ਪੰਜਾਬੀ ਦੇ ਅਜ਼ੀਮ ਸ਼ਾਇਰ ਡਾਕਟਰ ਸੁਰਜੀਤ ਪਾਤਰ

ਰੇਸ਼ਮ ਕਰਨਾਣਵੀ

ਅਜੋਕੀ ਪੰਜਾਬੀ ਕਵਿਤਾ ਦੇ ਸਿਰਮੌਰ ਕਵੀ ਡਾਕਟਰ ਸੁਰਜੀਤ ਪਾਤਰ ਨੇ ਪੰਜਾਬੀ ਕਵਿਤਾ ਦੇ ਗੁਣਾਤਮਕ ਵਾਧੇ ਅਤੇ ਬਹੁਭਾਸ਼ਾਵੀ ਪਾਸਾਰ ਲਈ ਬਹੁਤ ਹੀ ਸਾਰਥਿਕ ਯੋਗਦਾਨ ਪਾਇਆ ਹੈ। ਉਨ੍ਹਾਂ ਦੀ ਸ਼ਾਇਰੀ ਹਰ ਜ਼ੁਬਾਨ ਚਰਚਿਤ ਹੋਣ ਕਰਕੇ ਆਮ ਲੋਕਾਂ ਦੀ ਦਰਦ ਕਹਾਣੀ ਦਾ ਸਿਰਲੇਖ ਹੋ ਨਿਬੜੀ ਹੈ। ਪੰਜਾਬੀ ਬੋਲੀ ਵਾਸਤੇ ਇਸੇ ਕਵੀ ਨੂੰ ਪਦਮ ਸ੍ਰੀ ਐਵਾਰਡ ਮਿਲਣ ਨਾਲ ਪੰਜਾਬੀ ਭਾਸ਼ਾ ਦੀ ਸ਼ਾਨ ਵਧੀ ਹੈ ਤੇ ਪਾਤਰ ਹੋਰਾਂ ਦਾ ਸਾਹਿਤਕ ਕੱਦ ਹੋਰ ਉੱਚਾ ਹੋਇਆ ਹੈ। ਪੰਜਾਬੀ ਦੇ ਇਸ ਬੀਬੇ ਸ਼ਾਇਰ ਦਾ ਜਨਮ ਜਲੰਧਰ ਜਿਲ੍ਹੇ ਦੇ ਪਿੰਡ ਪੱਤੜ ਕਲਾਂ ਵਿੱਚ 14 ਜਨਵਰੀ 1945 ਨੂੰ ਇੱਕ ਕਿਰਤੀ ਪਰਿਵਾਰ ਵਿੱਚ ਹੋਇਆ। ਪਿੰਡ ਪੱਤੜ ਦੀ ਬਜਾਏ ਢੁਕਵਾਂ ਸ਼ਬਦ 'ਪਾਤਰ' ਉਨ੍ਹਾਂ ਦੇ ਤਖੱਲਸ ਵਜੋਂ ਪ੍ਰਵਾਨ ਹੋਇਆ। ਉਨ੍ਹਾਂ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਐਮ. ਏ. ਪੰਜਾਬੀ ਕੀਤੀ। ਪੇਸ਼ੇ ਵਜੋਂ ਉਹ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਲੁਧਿਆਣਾ ਵਿੱਚ ਪ੍ਰੋਫੈਸਰ ਰਹੇ ਅਤੇ ਸੇਵਾ ਮੁਕਤ ਹੋਏ ਹਨ। ਉਨ੍ਹਾਂ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਤੋਂ 'ਗੁਰੂ ਨਾਨਕ ਬਾਣੀ ਵਿੱਚ ਲੋਕ-ਧਾਰਕ ਬਦਲਾਅ' ਵਿਸ਼ੇ ਤੇ ਪੀ. ਐਚ. ਡੀ. ਕੀਤੀ। ਪਾਤਰ ਹੋਰਾਂ ਵੀਹਵੀਂ ਸਦੀ ਦੇ ਛੇਵੇਂ ਦਹਾਕੇ ਦੇ ਮੱਧ 'ਚ ਲਿਖਣਾ ਸ਼ੁਰੂ ਕੀਤਾ। ਛੇਤੀ ਹੀ ਪੰਜਾਬੀ ਸਾਹਿਤ 'ਚ ਵਿਲੱਖਣ ਸ਼ਾਇਰੀ ਨਾਲ ਆਪਣੀ ਪਛਾਣ ਬਣਾਈ। ਉਨ੍ਹਾਂ ਦੀ ਗ਼ਜ਼ਲ 'ਕੁਛ ਕਿਹਾ ਤਾਂ ਹਨੇਰਾ ਜਰੇਗਾ ਕਿਵੇਂ, ਚੁੱਪ ਰਿਹਾ ਤਾਂ ਸ਼ਮ੍ਹਾਂਦਾਨ ਕੀ ਕਹਿਣਗੇ।'' ਬਹੁਤ ਚਰਚਿਤ ਹੋਈ। ਪੰਜਾਬੀ ਸਾਹਿਤ ਨੂੰ ਉਨ੍ਹਾਂ ਦੀ ਦੇਣ ਅਤੇ ਸਮੇਂ-ਸਮੇਂ ਛਪੀਆਂ ਕਿਤਾਬਾਂ ਨਾਲ ਸਾਹਿਤ ਜਗਤ ਵਿੱਚ ਖ਼ਾਸ ਤੌਰ 'ਤੇ ਗੰਭੀਰ ਸੰਵਾਦ ਦੀ ਸ਼ੁਰੂਆਤ ਹੋਈ। ਉਨ੍ਹਾਂ ਵਿੱਚ ਅਕਾਦਮਕ ਪੱਧਰ ਦੀ ਅਤੇ ਬਹੁ ਪਰਤੀ ਸ਼ਾਇਰੀ ਨਾਲ ਸੂਖਮ ਭਾਵਾਂ ਰਾਹੀਂ ਮਨੁੱਖ ਦੇ ਸਮਾਜਿਕ ਸਰੋਕਾਰ, ਮਨੋਭਾਵਾਂ, ਮਾਨਸਿਕ ਟੁੱਟ-ਭੱਜ ਨੂੰ ਬਾਖੂਬੀ ਚਿਤਰਿਆ।

ਲੱਗੀ ਜੇ ਤੇਰੇ ਕਾਲਜੇ ਹਾਲੇ ਛੁਰੀ ਨਹੀਂ।
ਇਹ ਨਾ ਸਮਝ ਤੇਰੇ ਸਹਿਰ ਦੀ
ਹਾਲਤ ਬੁਰੀ ਨਹੀਂ।
ਮੈਂ ਚੌਰਾਹੇ ਤੇ ਜਗ੍ਹਾ ਤਾਂ ਕਿਵੇਂ,
ਮੇਰੇ ਘਰ ਦਾ ਵੀ ਇੱਕ ਬਨੇਰਾ ਹੈ।
ਏਨਾ ਸੱਚ ਨਾ ਬੋਲ ਕਿ ਕੱਲਾ ਰਹਿ ਜਾਵੇਂ,
ਚਾਰ ਕੁ ਬੰਦੇ ਛੱਡ ਲੈ ਮੋਢਾ ਦੇਣ ਲਈ।
ਜੋ ਬਦੇਸ਼ਾਂ 'ਚ ਰੁਲਦੇ ਨੇ ਰੋਜ਼ੀ ਲਈ,
ਉਹ ਜਦੋਂ ਦੇਸ਼ ਪਰਤਣਗੇ ਆਪਣੇ ਕਦੀ,
ਕੁਛ ਤਾਂ ਸੇਕਣਗੇ ਮਾਂ ਦੇ ਸਿਵੇ ਦੀ ਅਗਨ
ਬਾਕੀ ਕਬਰਾਂ ਦੇ ਰੁੱਖ ਹੇਠ ਜਾ ਬਹਿਣਗੇ।
ਧੀਆਂ ਦੇ ਵਸੇਬੇ ਲਈ
ਬਾਪੂ ਦੇਸ਼ ਛੱਡਿਆ,
ਡੂੰਘਾ ਮੇਰੀ ਹਿੱਕ 'ਚ
ਤਿਰੰਗਾ ਗਿਆ ਗੱਡਿਆ,
ਝੂੱਲ ਓ ਤਿਰੰਗਿਆ ਤੂੰ ਝੂੱਲ ਸਾਡੀ ਖੈਰ ਏ।
ਦਿਲ ਹੀ ਉਦਾਸ ਏ ਜੀ
ਬਾਕੀ ਸਭ ਖੈਰ ਏ।



ਸੁਰਜੀਤ ਪਾਤਰ ਹੋਰਾਂ ''ਹਨੇਰੇ 'ਚ ਸੁਲਗਦੀ ਵਰਣਮਾਲਾ'' ਦੇ ਬੂਹੇ ਅੱਖਰਾਂ ਨਾਲ ਸ਼ਬਦਾਂ ਦੇ ਡੂੰਘੇ ਅਰਥਾਂ ਦੇ ਭਾਂਬੜ ਬਾਲ ਕੇ 'ਹਵਾ ਵਿੱਚ ਬਲਦੇ ਹੋਏ ਹਰਫ਼' ਲਿਖੇ (ਹਵਾ ਵਿੱਚ ਲਿਖੇ ਹਰਫ਼) ਉਨ੍ਹਾਂ ਨੇ ਪੱਤਝੜ ਦੀ ਝਾਂਜਰ ਪਾ ਕੇ 'ਸਰਜ਼ਮੀਨ' ਤੇ ਅਨਹਦ ਨਾਦ ਛੇੜਿਆ ਅਤੇ ''ਲਫ਼ਜ਼ਾਂ ਦੀ ਦਰਗਾਹ'' 'ਤੇ 'ਅਰਜ਼ ਕਰਦੇ ਬਿਰਖ' (ਬਿਰਖ ਅਰਜ਼ ਕਰੇ) ਦੀ ਅਰਜ਼ੋਈ ਨੂੰ ਪਰਵਾਨ ਚੜ੍ਹਾਇਆ ਹੈ।'' ਇਹਨਾਂ ਪੁਸਤਕਾਂ ਨਾਲ ਉਨ੍ਹਾਂ ਨੇ ਆਪਣੀ ਕਾਵਿਕ ਸਰਵਉੱਚ'' ਪ੍ਰਾਪਤ ਕੀਤੀ। ਪੰਜਾਬੀ ਕਾਵਿ-ਸਿਰਜਣਾ ਦੇ ਨਾਲ-ਨਾਲ ਉਨ੍ਹਾਂ ਨੇ ਫੈਡਰਿਕੋ ਗਾਰਸੀਆ ਲੋਰਕਾ, ਬਰਟੋਲਟ ਬਰੈਂਟ, ਪਾਬਲੋ ਨਾਰੂਦਾ, 'ਨਾਗ ਮੰਡਲ'-ਗਿਰੀਸ਼ ਕਰਨਾਡ ਦੀਆਂ ਰਚਨਾਵਾਂ ਦਾ ਪੰਜਾਬੀ ਅਨੁਵਾਦ ਵੀ ਕੀਤਾ। ਪਾਤਰ ਹੋਰਾਂ ਬਾਬਾ ਸ਼ੇਖ ਫਰੀਦ ਤੋਂ ਲੈ ਕੇ ਸ਼ਿਵ ਕੁਮਾਰ ਬਟਾਲਵੀ (13ਵੀਂ ਸਦੀ ਤੋਂ ਵੀਹਵੀਂ ਸਦੀ) ਤੱਕ ਦੇ ਇਤਿਹਾਸ ਦੀ ਇੱਕ ਟੈਲੀ ਸਕਰਿਪਟ 'ਸੂਰਜ ਦਾ ਸਿਰਨਾਵਾਂ' ਲਿਖੀ। ਉਨ੍ਹਾਂ ਪੰਜਾਬੀ ਫਿਲਮ ਸ਼ਹੀਦ ਊਧਮ ਸਿੰਘ ਉਰਫ਼ ਰਾਮ ਮੁਹੰਮਦ ਸਿੰਘ ਅਜ਼ਾਦ' ਦੇ ਸੰਵਾਦ ਲਿਖੇ। ਉਨ੍ਹਾਂ ਦੀਪਾ ਮਹਿਤਾ ਦੀ ਫ਼ਿਲਮ ਹੈਵਨ ਟੂ ਅਰਥ ਦੇ ਪੰਜਾਬੀ ਸੰਵਾਦ ਵੀ ਲਿਖੇ।

ਦੂਰਦਰਸ਼ਨ ਦੇ ਕਈ ਪ੍ਰੋਗਰਾਮਾਂ ਦੀ ਪੇਸ਼ਕਾਰੀ ਵੀ ਕੀਤੀ। ਉਨ੍ਹਾਂ ਨੇ ਕਈ ਵਿਦੇਸ਼ੀ ਨਾਟਕਾਂ 'ਤੇ ਵੀ ਕੰਮ ਕੀਤਾ। ਉਨ੍ਹਾਂ ਦੀ ਆਪਣੀਆਂ ਰਚਨਾਵਾਂ ਦਾ ਵੀ ਹੋਰ ਭਾਸ਼ਾਵਾਂ 'ਚ ਅਨੁਵਾਦ ਹੋਇਆ। ਸੁਰਜੀਤ ਪਾਤਰ ਪੰਜਾਬੀ ਸਾਹਿਤ ਅਕੈਡਮੀ ਲੁਧਿਆਣਾ ਦੇ ਦੋ ਵਾਰ ਪ੍ਰਧਾਨ ਬਣੇ। ਪਾਤਰ ਹੋਰਾਂ ਨੂੰ ਜਿੱਥੇ ਬਹੁਤ ਸਾਰੀਆਂ ਸਾਹਿਤਕ ਸੰਸਥਾਵਾਂ, ਕਾਲਜਾਂ, ਯੂਨੀਵਰਸਿਟੀਆਂ ਵੱਲੋਂ ਸਮੇਂ-ਸਮੇਂ ਸਨਮਾਨਿਤ ਕੀਤਾ ਜਾਂਦਾ ਰਿਹਾ ਹੈ, ਉਨ੍ਹਾਂ ਨੂੰ ਉਨ੍ਹਾਂ ਦੀ ਪੁਸਤਕ 'ਹਨੇਰੇ 'ਚ ਸੁਲਗਦੀ ਵਰਣਮਾਲਾ' ਲਈ 1993 'ਚ ਸਾਹਿਤ ਅਕਾਦਮੀ ਐਵਾਰਡ ਮਿਲਿਆ। 1999 ਵਿੱਚ ਭਾਰਤੀਯ ਭਾਸ਼ਾ ਪ੍ਰੀਸ਼ਦ ਕਲਕਤਾ ਵੱਲੋਂ 'ਪੰਚਨਾਦ ਪੁਰਸਕਾਰ' ਦਿੱਤਾ ਗਿਆ। 2009 'ਚ ''ਸਰਸਵਤੀ ਸੁਮਨ'' (ਭਾਰਤ ਦਾ ਸਰਵਉੱਚ'' ਸਾਹਿਤਕ ਐਵਾਰਡ ''ਲਫਜਾਂ ਦੀ ਦਰਗਾਹ'' ਕਿਤਾਬ ਲਈ ਮਿਲਿਆ (ਇਹ ਪੁਰਸਕਾਰ ਪੰਜਾਬੀ ਦੇ ਦੋ ਹੋਰ ਸਾਹਿਤਕਾਰਾਂ ਡਾ. ਹਰਭਜਨ ਸਿੰਘ ਤੇ ਦਲੀਪ ਕੌਰ ਟਿਵਾਣਾ ਨੂੰ ਹੀ ਮਿਲਿਆ ਹੈ) ਹੁਣ ਗੁਣਤੰਤਰ ਦਿਵਸ 26 ਜਨਵਰੀ 2012 ਨੂੰ ਸੁਰਜੀਤ ਪਾਤਰ ਹੋਰਾਂ ਨੂੰ ਉਨ੍ਹਾਂ ਦੀਆਂ ਸਾਹਿਤ ਅਤੇ ਸਿੱਖਿਆ ਖੇਤਰ ਦੀਆਂ ਵਿਸ਼ੇਸ਼ ਪ੍ਰਾਪਤੀਆਂ ਲਈ ਦਿੱਤਾ ਗਿਆ। ਪੁਰਸਕਾਰ ਮਿਲਣ 'ਤੇ ਪੰਜਾਬੀ ਸਾਹਿਤ ਜਗਤ ਵਿੱਚ ਖ਼ੁਸ਼ੀ ਦੀ ਲਹਿਰ ਦੌੜ ਗਈ। ਉਨ੍ਹਾਂ ਦੇ ਦੋਸਤਾਂ, ਪਾਠਕਾਂ, ਆਲੋਚਕਾਂ ਵੱਲੋਂ ਉਨ੍ਹਾਂ ਨੂੰ ਵਧਾਈ ਦਿੱਤੀ ਗਈ।

ਪਦਮ ਸ੍ਰੀ ਪੁਰਸਕਾਰ ਮਿਲਣ ਤੇ ਡਾਕਟਰ ਸੁਰਜੀਤ ਪਾਤਰ ਦੀ ਪਤਨੀ ਨੇ ਕਿਹਾ ਕਿ ਉਹ ਪਰਮਾਤਮਾ ਦਾ ਸ਼ੁਕਰਾਨਾ ਕਰਦੀ ਹੈ, ਜਿਸ ਦੀ ਰਹਿਮਤ ਸਦਕਾ ਉਹ ਸਫ਼ਲਤਾ ਮਿਲੀ ਹੈ ਜਿਸ ਦੀ ਖ਼ੁਸ਼ੀ ਵੀ ਹੈ ਤੇ ਮਾਣ ਵੀ'। ਪਾਤਰ ਹੋਰਾਂ ਸਭ ਸ਼ੁਭਚਿੰਤਕਾਂ, ਪਾਠਕਾਂ ਤੇ ਚਹੇਤਿਆਂ ਦਾ ਧੰਨਵਾਦ ਕਰਦਿਆਂ ਕਿਹਾ, ''ਪਦਮਸ੍ਰੀ ਪੁਰਸਕਾਰ ਮਿਲਣ 'ਤੇ ਮੈਂ ਸਭ ਤੋਂ ਪਹਿਲਾਂ ਆਪਣੀ ਧਰਤੀ, ਪੰਜਾਬੀ ਮਾਂ ਬੋਲੀ ਨੂੰ, ਇਸ ਦੀ ਪਰੰਪਰਾ ਨੂੰ ਨਮਸਕਾਰ ਕਰਦਾ ਹਾਂ ਅਤੇ ਇਹ ਪੁਰਸਕਾਰ ਵੀ ਪੰਜਾਬੀ ਮਾਂ ਬੋਲੀ ਦੇ ਕਦਮਾਂ ਤੇ ਧਰਦਾ ਹਾਂ।''

ਸੁਰਜੀਤ ਪਾਤਰ ਹੋਰਾਂ ਦੇ ਸ਼ਾਗਿਰਦ ਕੁਲਵਿੰਦਰ ਕੁੱਲਾ ਨੇ ਉਨ੍ਹਾਂ ਨੂੰ ਵਧਾਈ ਦਿੰਦੇ ਹੋਏ ਕਿਹਾ, ''ਸੁਰਜੀਤ ਪਾਤਰ ਪੰਜਾਬੀ ਸਾਹਿਤ-ਸ਼ਾਇਰੀ ਦੇ ਸੂਰਜ ਹਨ। ਅਜੋਕੀ ਪੰਜਾਬੀ ਸ਼ਾਇਰੀ ਵਿੱਚ ਕਿਸੇ ਪੰਜਾਬੀ ਸ਼ਾਇਰ ਨੂੰ ਸ਼ਿਵ ਬਟਾਲਵੀ ਵਰਗੀ ਪ੍ਰਸਿੱਧੀ ਮਿਲੀ ਹੈ ਉਹ ਸੁਰਜੀਤ ਪਾਤਰ ਹਨ। ਜਦੋਂ ਪਾਠਕਾਂ ਦਾ ਮਨ ਬੇਰਸ ਜਿਹੀ ਹੋ ਰਹੀ ਸ਼ਾਇਰੀ ਤੋਂ ਉਕਤਾ ਗਿਆ ਸੀ ਉਦੋਂ ਪਾਤਰ ਹੋਰਾਂ ਦੀ ਫਨ ਅਤੇ ਸੂਝ ਨਾਲ ਲਬਰੇਜ਼ ਵਿਲੱਖਣ ਸ਼ਾਇਰੀ ਨੇ ਪੰਜਾਬੀ ਪਿਆਰਿਆਂ ਦੇ ਮਨ ਦੇ ਦਰਵਾਜ਼ੇ ਤੇ ਦਸਤਕ ਦਿੱਤੀ। ਪੰਜਾਬੀ ਅਤੇ ਗੈਰ-ਪੰਜਾਬੀਆਂ ਵੱਲੋਂ ਵੀ ਇਸ ਨੂੰ ਖਿੜੇ ਮੱਥੇ ਪ੍ਰਵਾਨ ਕੀਤਾ। ਪਾਤਰ ਹੋਰੀਂ ਪੰਜਾਬੀ ਕਵਿਤਾ ਨੂੰ ਨਵਾਂ ਕਾਵਿ ਮੁਹਾਂਦਰਾ ਪ੍ਰਦਾਨ ਕੀਤਾ। ਪੰਜਾਬੀ ਕਵਿਤਾ ਨੂੰ ਨਵੇਂ ਆਯਾਮ ਤੇ ਪ੍ਰਤੀਕ ਦਿੱਤੇ। ਨਵਾਂਪਣ ਹੋਣ ਕਰਕੇ ਕਵਿਤਾ ਨੂੰ ਇੱਜ਼ਤ ਬਖਸ਼ੀ ਗਈ ਹੈ। ਪਾਤਰ ਸਾਹਬ ਦੀ ਸ਼ਾਇਰੀ ਨੇ ਜਨ ਸਮੂਹ ਦੇ ਦਰਦ, ਵੇਦਨਾ, ਅਮ੍ਰਿਤ ਵਲਵਲੇ, ਤਿੜਕੇ ਖਾਬਾਂ ਦੀ ਪੀੜ, ਹਾਕਮਾਂ ਦੇ ਜਬਰ ਤੇ ਲੁੱਟ ਦੀ ਦਾਸਤਾਨ, ਰੋਟੀ ਬਦਲੇ ਪਿਘਲਦੇ ਤਨ ਦੀ ਹੋਣੀ ਦੀਆਂ ਬਾਤਾਂ ਆਪਣੇ ਹੀ ਅੰਦਾਜ਼ ਦਿੰਦਿਆਂ ਪੰਜਾਬੀ ਤੇ ਹੋਰ ਪਾਠਕਾਂ ਤੋਂ ਬੇਪਨਾਹ ਸਤਿਕਾਰ ਪ੍ਰਾਪਤ ਕੀਤਾ ਹੈ। ਮੈਂ ਆਪਣੇ ਗੁਰੂ ਸੁਰਜੀਤ ਪਾਤਰ ਨੂੰ ਪਦਮ ਸ੍ਰੀ ਐਵਾਰਡ ਮਿਲਣ ਤੇ ਖੁਸ਼ੀ ਦਾ ਪ੍ਰਗਟਾਵਾ ਕਰਦਾ ਹੋਇਆ ਉਨਾਂ ਦੀ ਲੰਬੀ ਉਮਰ ਦੀ ਕਾਮਨਾ ਕਰਦਾ ਹਾਂ। ਉਹ ਪੰਜਾਬੀ ਦੀ ਹੋਰ ਸੇਵਾ ਕਰਦੇ ਰਹਿਣ।

**ਰੇਸ਼ਮ ਕਰਨਾਣਵੀ ਦਾ ਇਕ ਪੁਰਾਣਾ ਲੇਖ**

# ਲੋਕ ਪ੍ਰਤੀਨਿਧਾਂ ਲਈ ਪ੍ਰੈਸ ਕਾਨਫਰੰਸਾਂ ਲਾਜਮੀ ਕਰਨ ਲਈ ਕਾਨੂੰਨ ਬਣਾਉਣ ਦੀ ਲੋੜ ਕਿਉਂ?



ਡਾ. ਚਰਨਜੀਤ ਸਿੰਘ ਗੁਮਟਾਲਾ
919417533060

ਜਦ ਡਾ. ਮਨਮੋਹਨ ਸਿੰਘ ਪ੍ਰਧਾਨ ਮੰਤਰੀ ਸਨ ਤਾਂ ਸ੍ਰੀ ਨਰਿੰਦਰ ਮੋਦੀ ਉਨ੍ਹਾਂ ਨੂੰ ਮੋਨ ਮਨਮੋਹਨ ਸਿੰਘ ਕਹਿੰਦੇ ਸਨ ਕਿਉਂਕਿ ਉਹ ਬਹੁਤ ਹੀ ਘਟ ਬਿਆਨਬਾਜ਼ੀ ਕਰਦੇ ਸਨ।ਭਾਵੇਂ ਉਹ ਘੱਟ ਬੋਲਦੇ ਸਨ ਪਰ ਉਹ ਸਾਲ ਵਿੱਚ 2 ਪ੍ਰੈਸ ਕਾਨਫਰੰਸਾਂ ਜ਼ਰੂਰ ਕਰਦੇ ਸਨ ਤੇ ਜਦ ਵਿਦੇਸ਼ ਜਾਂਦੇ ਸਨ ਤਾਂ ਉਹ ਉੱਥੇ ਵੀ ਮੀਡਿਆ ਕਰਮੀਆਂ ਦਾ ਸਾਹਮਣਾ ਕਰਦੇ ਸਨ ਤੇ ਵਾਪਿਸ ਆ ਕੇ ਵੀ ਪ੍ਰੈਸ ਕਾਨਫਰੰਸ ਕਰਦੇ ਸਨ।ਹੈਰਾਨੀ ਇਸ ਗੱਲ ਦੀ ਹੈ ਕਿ ਮੋਦੀ ਦੁਨੀਆਂ ਦੇ ਅਜਿਹੇ ਪ੍ਰਧਾਨ ਮੰਤਰੀ ਹਨ, ਜਿਨ੍ਹਾਂ ਨੇ ਅਜੇ ਤੀਕ ਕੋਈ ਵੀ ਪ੍ਰੈਸ ਕਾਨਫਰੰਸ ਨਹੀਂ ਕਰਵਾਈ।ਜਦ ਉਹ ਗੁਜਰਾਤ ਦੇ ਮੁੱਖ ਮੰਤਰੀ ਸਨ ਤਾਂ ਉਸ ਸਮੇਂ ਵੀ ਉਨ੍ਹਾਂ ਦੀ ਮੀਡੀਆ ਪ੍ਰਤੀ ਇਹੋ ਪਹੁੰਚ ਸੀ।

ਹਰ ਪ੍ਰਧਾਨ ਮੰਤਰੀ ਨੇ ਮੀਡੀਆ ਸਲਾਹਕਾਰ ਰੱਖਿਆ ਹੁੰਦਾ ਹੈ ਪਰ ਮੋਦੀ ਨੇ ਅਜਿਹਾ ਨਹੀਂ ਕੀਤਾ। ਡਾ. ਮਨਮੋਹਨ ਸਿੰਘ ਜਦ ਪ੍ਰਧਾਨ ਮੰਤਰੀ ਸਨ ਤਾਂ ਉਹ ਜਦ ਵਿਦੇਸ਼ ਜਾਂਦੇ ਸਨ ਤਾਂ ਆਪਣੇ ਨਾਲ 40 ਤੋਂ ਵੀ ਵੱਧ ਮੀਡੀਆ ਕਰਮੀ ਆਪਣੇ ਨਾਲ ਖੜਦੇ ਸਨ ਤੇ ਜਹਾਜ਼ ਵਿੱਚ ਵੀ ਪ੍ਰੈਸ ਕਾਨਫਰੰਸ ਕਰਦੇ ਸਨ। ਪ੍ਰੈਸ ਰਿਪੋਟਰਾਂ ਨੂੰ ਵਿਦੇਸ਼ ਵਿੱਚ ਨਾਲ ਖੜ੍ਹਨ ਦੀ ਪਰੰਪਰਾ ਨੂੰ ਵੀ ਮੋਦੀ ਨੇ ਤੋੜਿਆ ਹੈ।ਜਦ ਵਾਜਪਾਈ ਜੀ ਪ੍ਰਧਾਨ ਮੰਤਰੀ ਸਨ ਤਾਂ ਉਹ ਵੀ ਦੇਸ਼ ਤੇ ਵਿਦੇਸ਼ਾਂ ਵਿਚ ਪ੍ਰੈਸ ਕਾਨਫਰੰਸਾਂ ਕਰਦੇ ਸਨ।

ਡਾ. ਮਨਮੋਹਨ ਸਿੰਘ ਦੀ 18 ਦਸੰਬਰ 2018 ਨੂੰ 6 ਜਿਲਦਾਂ ਵਿਚ ਚੇਜਿੰਗ ਇੰਡੀਆ (ਬਦਲ ਰਿਹਾ ਭਾਰਤ) ਪੁਸਤਕ ਲੜੀ ਪ੍ਰਕਾਸ਼ਿਤ ਹੋਈ ਹੈ, ਜਿਨ੍ਹਾਂ ਵਿਚੋਂ ਇਕ ਪੁਸਤਕ ਵਿਚ ਉਨ੍ਹਾਂ ਨੇ ਮੀਡਿਆ ਦੇ ਆਪਣੇ ਸਬੰਧਾਂ ਬਾਰੇ ਵਿਸਥਾਰ ਨਾਲ ਜਿਕਰ ਕੀਤਾ ਹੈ। ਉਨ੍ਹਾਂ ਪੁਸਤਕ ਰਲੀਜ਼ ਕਰਦੇ ਸਮੇਂ ਕਿਹਾ ਕਿ ਮੈਂ ਕਦੇ ਵੀ ਮੀਡਿਆ ਤੋਂ ਡਰਿਆ ਨਹੀਂ।ਇਹ ਪੁਸਤਕਾਂ ਐਮਾਜ਼ੋਨ 'ਤੇ ਇਸ ਸਮੇਂ ਪਾਠਕ ਖ੍ਰੀਦ ਸਕਦੇ ਹਨ।ਵਿਦੇਸ਼ ਜਾਣ ਸਮੇਂ ਜਹਾਜ਼ ਵਿਚ,ਵਿਦੇਸ਼ ਵਿਚ ਤੇ ਵਾਪਿਸ ਦੇਸ਼ ਆ ਕੇ ਪ੍ਰੈਸ ਕਾਨਫ਼ਰੰਸਾਂ ਕੀਤੀਆਂ।

ਅਗਾਂਹਵਧੂ ਦੇਸ਼ਾਂ ਦੀ ਇਹ ਪਰੰਪਰਾ ਰਹੀ ਹੈ ਕਿ ਸਰਕਾਰੀ ਕੰਮਕਾਜ ਵਿੱਚ ਪਾਰਦਰਸ਼ਕਤਾ ਦਰਸਾਉਣ ਅਤੇ ਪ੍ਰਸ਼ਾਸ਼ਨ ਨੂੰ ਜ਼ੁਆਬਦੇਹ ਬਨਾਉਣ ਲਈ ਪ੍ਰੈਸ ਕਾਨਫਰੰਸਾਂ ਆਮ ਕੀਤੀਆਂ ਜਾਂਦੀਆਂ ਹਨ। ਅਮਰੀਕਾ ਦੀ ਮਿਸਾਲ ਸਾਡੇ ਸਾਹਮਣੇ ਹੈ ਕਿ ਸਾਬਕਾ ਰਾਸ਼ਟਰਪਤੀ ਟਰੰਪ ਅਕਸਰ ਵਿਵਾਦਤ ਬਿਆਨ ਕਰਕੇ ਅਕਸਰ ਖ਼ਬਰਾਂ ਵਿੱਚ ਰਹਿੰਦੇ ਹਨ। ਵਾਇਟ ਹਾਊਸ ਵੱਲੋਂ ਵੀ ਰੋਜ਼ਾਨਾਂ ਕੋਈ ਨਾ ਕੋਈ ਬਿਆਨ ਜਾਰੀ ਕੀਤਾ ਜਾਂਦਾ ਹੈ। ਮੋਦੀ ਸਰਕਾਰ ਵੱਲੋਂ ਵਿਸ਼ੇਸ਼ ਮੀਡਿਆ ਨੂੰ ਪਹਿਲ ਦਿੱਤੀ ਜਾਂਦੀ ਹੈ ਤੇ ਚੋਣਵੇਂ ਟੀ ਵੀ ਚੈਨਲ ਅਜਿਹੇ ਹਨ ਜਿਹੜੇ ਉਸ ਦੀਆਂ ਮੁਲਾਕਾਤਾਂ ਦਰਸਾਉਂਦੇ ਰਹਿੰਦੇ ਹਨ ਤੇ ਉਨ੍ਹਾਂ ਨੂੰ ਇਸ਼ਤਿਹਾਰ ਕਥਿਤ ਤੌਰ 'ਤੇ ਸਰਕਾਰ ਵੱਲੋਂ ਦਿੱਤੇ ਜਾਂਦੇ ਹਨ। ਇਨ੍ਹਾਂ ਪ੍ਰੈਸ ਕਾਨਫਰੰਸਾਂ ਵਿੱਚ ਵਿਵਾਦ ਸੁਆਲ ਨਹੀਂ ਪੁੱਛੇ ਜਾਂਦੇ ਸਨ।

ਡਾ. ਮਨਮੋਹਨ ਸਿੰਘ ਇੱਕ ਨਾਮਜਦ ਪ੍ਰਧਾਨ ਮੰਤਰੀ ਸਨ ਕਿਉਂਕਿ ਉਹ ਰਾਜ ਸਭਾ ਦੇ ਮੈਂਬਰ ਸਨ ਪਰ ਮੌਜੂਦਾ ਪ੍ਰਧਾਨ ਮੰਤਰੀ ਲੋਕ ਸਭਾ ਦੇ ਮੈਂਬਰ ਹਨ ਜਿਨ੍ਹਾਂ ਨੂੰ ਲੋਕਾਂ ਪ੍ਰਤੀ ਜ਼ਿਆਦਾ ਜੁਆਬਦੇਹ ਹੋਣਾ ਚਾਹੀਦਾ ਹੈ। ਉਹ 'ਮਨ ਕੀ ਬਾਤ' ਪ੍ਰੋਗਰਾਮ ਅਧੀਨ ਆਪਣੀ ਗੱਲ ਤਾਂ ਲੋਕਾਂ ਤੀਕ ਪਹੁੰਚਾ ਦਿੰਦੇ ਹਨ ਪਰ ਪ੍ਰੈਸ ਜਿਸ ਨੂੰ ਲੋਕਤੰਤਰ ਦਾ ਤੀਜਾ ਥੰਮ ਕਿਹਾ ਜਾਂਦਾ ਹੈ ਦਾ ਸਾਹਮਣਾ ਕਰਨ ਨੂੰ ਤਿਆਰ ਨਹੀਂ।ਅਜਿਹਾ ਕਰਕੇ ਉਹ ਚੰਗੀ ਪਰੰਪਰਾ ਨਹੀਂ ਪਾ ਰਹੇ।

ਮੀਡੀਆ ਕਰਮੀਆ ਦਾ ਸਰਕਾਰਾਂ ਨਾਲ ਹਮੇਸ਼ਾਂ ਗੂੜ੍ਹਾ ਸੰਬੰਧ ਰਿਹਾ ਹੈ। ਪਰ ਮੋਦੀ ਸਰਕਾਰ ਨੇ ਇਸ ਪਰੰਪਰਾ ਨੂੰ ਵੀ ਬੜੀ ਬੁਰੀ ਤਰ੍ਹਾਂ ਢਾਹ ਲਾਈ ਹੈ।ਸ੍ਰੀ ਅਟਲ ਬਿਹਾਰੀ ਵਾਜਪਾਈ ਸਮੇਤ ਸਾਰੇ ਪ੍ਰਧਾਨ ਮੰਤਰੀਆਂ ਨੇ ਪ੍ਰੈਸ ਸਲਾਹਕਾਰ ਰੱਖਿਆ ਹੁੰਦਾ ਸੀ ਜੋ ਕਿ ਮੀਡੀਆ ਕਰਮੀਆਂ ਨਾਲ ਜੁੜਿਆ ਹੁੰਦਾ ਸੀ। ਹੁਣ ਮੀਡੀਆ ਨੂੰ ਇਹ ਨਹੀਂ ਪਤਾ ਕਿ ਪ੍ਰਧਾਨ ਮੰਤਰੀ ਦਫ਼ਤਰ ਕਿਸ ਨਾਲ ਸੰਪਰਕ ਕੀਤਾ ਜਾਵੇ। ਭਾਰਤ ਸਰਕਾਰ ਦਾ ਪ੍ਰੈਸ ਸੂਚਨਾ ਬਿਊਰੋ (ਪਬਲਿਕ ਇਨਫਰਮਿਸ਼ਨ ਬਿਊਰੋ) ਵੱਲੋਂ ਪਹਿਲਾਂ ਮਾਨਤਾ ਪ੍ਰਾਪਤ ਪ੍ਰੈਸ ਰਿਪੋਟਰਾਂ ਨੂੰ ਵੱਖ ਵੱਖ ਮਹਿਕਮਿਆਂ, ਮੰਤਰੀਆਂ ਪਾਸ ਆਮ ਜਾਣ ਦੀ ਖੁੱਲ੍ਹ ਸੀ, ਜੋ ਕਿ ਇਨ੍ਹਾਂ ਨੇ ਬੰਦ ਕਰ ਦਿੱਤੀ ਹੈ। ਕੇਂਦਰੀ ਸੂਚਨਾ ਬਿਊਰੋ ਦਾ ਪਛਾਣ ਪੱਤਰ ਹੋਣ ਦੇ ਬਾਵਜੂਦ ਵੀ ਕਈ ਤਰ੍ਹਾਂ ਸੁਆਲ ਪੁੱਛੇ ਜਾਂਦੇ ਹਨ। ਜਿਸ ਅਫ਼ਸਰ ਨੂੰ ਮਿਲਣਾ ਵੀ ਹੁੰਦਾ ਹੈ, ਉਹ ਵੀ ਕਈ ਤਰ੍ਹਾਂ ਦੇ ਉਲਟ ਪੁਲਟ ਸੁਆਲ ਪੁੱਛਦਾ ਹੈ। ਇਸ ਤਰ੍ਹਾਂ ਮੀਡੀਆਂ ਕਰਮੀਆਂ ਨੂੰ ਜਿਹੜੀਆਂ ਸੂਚਨਾਵਾਂ ਪਹਿਲਾਂ ਸੌਖਿਆਂ ਹੀ ਮਿਲ ਜਾਂਦੀਆਂ ਸਨ, ਹੁਣ ਮਿਲਣੀਆਂ ਬਹੁਤ ਮੁਸ਼ਕਲ ਹਨ।ਵਿਦੇਸ਼ੀ ਪੱਤਰਕਾਰਾਂ ਦਾ ਵੀ ਗਿਲਾ ਹੈ ਕਿ ਇਸ ਸਮੇਂ ਬਹੁਤ ਵਿਵਾਦਿਤ ਮੁੱਦੇ ਹਨ ਜਿਨ੍ਹਾਂ ਬਾਰੇ ਉਹ ਜਾਨਣਾ ਚਾਹੁੰਦੇ ਹਨ ਪਰ ਉਨ੍ਹਾਂ ਪ੍ਰਧਾਨ ਮੰਤਰੀ ਨੂੰ ਮਿਲਣ ਦਾ ਮੌਕਾ ਨਹੀਂ ਦਿੱਤਾ ਜਾ ਰਿਹਾ।

2015 ਵਿੱਚ ਸੂਚਨਾ ਅਧਿਕਾਰ ਅਧੀਨ ਨਾਗਰਿਕਾਂ ਨੂੰ ਜਾਣਕਾਰੀ ਲੈਣ ਦਾ ਅਧਿਕਾਰ ਦਿੱਤਾ ਗਿਆ ਹੈ ਪਰ ਮੌਜੂਦਾ ਸਰਕਾਰ ਨੇ ਇਸ ਦਾ ਕੇਂਦਰੀਕਰਨ ਕਰਕੇ ਇਸ ਨੂੰ ਪ੍ਰਧਾਨ ਮੰਤਰੀ ਦਫ਼ਤਰ ਤੀਕ ਸੀਮਤ ਕਰ ਦਿੱਤਾ ਹੈ। ਇਸ ਦਾ ਹੋਰ ਵੀ ਮਾੜਾ ਪੱਖ ਇਹ ਹੈ ਕਿ ਬਿਨਾਂ ਕਿਸੇ ਕਾਰਨ ਦੱਸੇ ਪ੍ਰਧਾਨ ਮੰਤਰੀ ਦਫ਼ਤਰ ਵਲੋਂ ਬਹੁਤ ਸਾਰੇ ਕੇਸਾਂ ਵਿਚ ਸੂਚਨਾ ਦੇਣ ਤੋਂ ਇਨਕਾਰ ਕਰ ਦਿੱਤਾ ਜਾਂਦਾ ਹੈ। ਪਾਰਲੀਮੈਂਟ ਦੇ ਕੇਂਦਰੀ ਹਾਲ ਵਿੱਚ ਜਿੱਥੇ ਪਹਿਲਾਂ ਪੱਤਰਕਾਰ ਇਕੱਠੇ ਹੋ ਕੇ ਮੰਤਰੀਆਂ ਅਤੇ ਪਾਰਲੀਮੈਂਟ ਮੈਂਬਰਾਂ ਨੂੰ ਮਿਲਦੇ ਸਨ, ਹੁਣ ਇਸ ਪਰੰਪਰਾ ਨੂੰ ਬੰਦ ਕਰ ਦਿੱਤਾ ਗਿਆ ਹੈ।

ਹੁਣ ਸੁਆਲ ਪੈਦਾ ਹੁੰਦਾ ਹੈ ਕਿ ਮੀਡਿਆ ਬਾਰੇ ਪ੍ਰਧਾਨ ਮੰਤਰੀ ਦੀ ਅਜਿਹੀ ਪਹੁੰਚ ਕਿਉਂ ਹੈ ?ਗੁਜਰਾਤ ਦੇ ਪੱਤਰਕਾਰ ਜਿਹੜੇ ਮੋਦੀ ਨੂੰ ਗੁਜਰਾਤ ਦੇ ਮੁੱਖ ਮੰਤਰੀ ਸਮੇਂ ਤੋਂ ਜਾਣਦੇ ਹਨ ਦਾ ਕਹਿਣਾ ਹੈ ਕਿ ਮੀਡੀਆ ਪ੍ਰਤੀ ਇਹ ਪਹੁੰਚ ਉਸ ਸਮੇਂ ਤੋਂ ਹੀ ਹੈ ਜਦ 2002 ਵਿਚ ਗੁਜਰਾਤ ਵਿਚ 1000 ਤੋਂ ਉਪਰ ਮੁਸਲਮਾਨਾਂ ਦਾ ਕਤਲ ਕੀਤਾ ਗਿਆ ਸੀ ਤੇ ਭਾਰਤੀ ਤੇ ਵਿਦੇਸ਼ੀ ਪੱਤਰਕਾਰਾਂ ਨੇ ਗੁਜਰਾਤ ਸਰਕਾਰ ਨੂੰ ਬੁਰੀ ਤਰ੍ਹਾਂ ਘੇਰਿਆ ਸੀ। ਗੁਜਰਾਤ ਮਾਡਲ ਹੀ ਦਿੱਲੀ ਵਿੱਚ ਲਾਗੂ ਕੀਤਾ ਗਿਆ ਹੈ।

ਕਾਂਗਰਸ ਪਾਰਟੀ ਦਾ ਦੋਸ਼ ਹੈ ਕਿ ਡਾ। ਮਨਮੋਹਨ ਸਿੰਘ ਸਰਕਾਰ ਸਮੇਂ ਮੰਤਰੀ ਵੱਖ ਵੱਖ ਵਿਸ਼ਿਆਂ ਉੱਤੇ ਅਕਸਰ ਪ੍ਰੈਸ ਕਾਨਫਰੰਸਾਂ ਕਰਿਆ ਕਰਦੇ ਸਨ ਤੇ ਪੱਤਰਕਾਰਾਂ ਨੂੰ ਉਨ੍ਹਾਂ ਦੇ ਸੁਆਲਾਂ ਦੇ ਜੁਆਬ ਦੇਂਦੇ ਸਨ। ਭਾਵੇਂ ਡਾ। ਮਨਮੋਹਨ ਸਿੰਘ ਬਹੁਤ ਘੱਟ ਬੋਲਦੇ ਸਨ ਪਰ ਉਨ੍ਹਾਂ ਦੇ ਮੰਤਰੀ ਵੱਖ ਵੱਖ ਸਕੈਂਡਲਾਂ ਸੰਬੰਧੀ ਜਾਂ ਸਰਕਾਰ ਦੀਆਂ ਗਲਤੀਆਂ ਸੰਬੰਧੀ ਅਕਸਰ ਪ੍ਰੈਸ ਕਾਨਫਰੰਸਾਂ ਕਰਿਆ ਕਰਦੇ ਸਨ। ਪਰ ਹੁਣ ਮੋਦੀ ਸਰਕਾਰ ਨੇ ਕੇਵਲ ਚੋਣਵੇਂ ਮੰਤਰੀਆਂ ਸਰਕਾਰ ਵੱਲੋਂ ਬੋਲਣ ਦਾ ਅਧਿਕਾਰ ਦਿੱਤਾ ਹੈ।

ਗੁਜਰਾਤ ਦੰਗਿਆਂ ਤੋਂ ਬਾਦ ਅਮਰੀਕਾ ਨੇ ਮੋਦੀ ਸਾਹਿਬ ਨੂੰ ਵੀਜਾ ਦੇਣ 'ਤੇ ਪਾਬੰਦੀ ਲਾ ਦਿੱਤੀ ਸੀ ਤੇ ਉਹ ਅਮਰੀਕਾ ਕੇਵਲ ਪ੍ਰਧਾਨ ਮੰਤਰੀ ਬਣਨ ਪਿੱਛੋਂ ਹੀ ਜਾ ਸਕੇ ਸਨ ।ਇਸ ਤਰ੍ਹਾਂ ਪ੍ਰਧਾਨ ਮੰਤਰੀ ਦਾ ਜੀਵਨ ਬੜੇ ਵਿਵਾਦਾਂ ਵਿਚ ਘਿਰਿਆ ਹੋਇਆ ਹੈ। ਜੇ ਹੁਣ ਵੀ ਵੇਖਿਆ ਜਾਵੇ ਤਾਂ ਮੋਦੀ ਸਾਹਿਬ ਵੱਲੋਂ ਅੱਛੇ ਦਿਨ ਲਿਆਉਣ ਲਈ ਜਿਹੜੇ ਵਾਅਦੇ 2014 ਅਤੇ 2019 ਦੇ ਚੋਣ ਮੈਨੀਫੈਸਟੋ ਵਿੱਚ ਕੀਤੇ ਗਏ, ਉਨ੍ਹਾਂ ਬਾਰੇ ਕਿਸਾਨ ਤੇ ਮਜਦੂਰ ਜਥੇਬੰਦੀਆਂ ਭਾਜਪਾ ਆਗੂਆਂ ਨੂੰ ਸੁਆਲ ਕਰਦੀਆਂ ਹਨ ਤਾਂ ਉਨ੍ਹਾਂ ਪਾਸ ਢੁਕਵੇਂ ਜੁਆਬ ਨਹੀਂ।

ਭਾਰਤੀ ਜਨਤਾ ਪਾਰਟੀ ਕੋਲ ਚੋਣਾਂ ਸਮੇਂ ਕੀਤੇ ਵਾਇਦਿਆਂ ਜਿਵੇਂ ਕਿ ਵਿਦੇਸ਼ਾਂ ਵਿੱਚ ਕਾਲਾ ਧਨ ਲਿਆ ਕੇ ਹਰੇਕ ਖਾਤੇ ਵਿੱਚ 15-15 ਲੱਖ ਰੁਪਏ ਜਮ੍ਹਾਂ ਕਰਾਉਣਾ, ਹਰ ਸਾਲ 2 ਕਰੋੜ ਨੌਕਰੀਆਂ ਪੈਦਾ ਕਰਨਾ, ਕਿਸਾਨਾਂ ਨੂੰ ਫ਼ਸਲਾਂ ਦੀਆਂ ਕੀਮਤਾਂ ਲਾਗਤ ਕੀਮਤ ਨਾਲੋਂ ਡਿਉੜੀਆਂ ਦੇਣਾ ਆਦਿ ਵਗੈਰਾ ਕੋਈ ਵੀ ਪੂਰਾ ਨਹੀਂ ਹੋਇਆ ਤੇ ਨਾ ਹੀ ਉਨ੍ਹਾਂ ਕੋਲ ਇਨ੍ਹਾਂ ਦੇ ਕੋਈ ਢੁੱਕਵੇਂ ਜੁਆਬ ਹਨ।

ਅਗਾਂਹ ਵਧੂ ਦੇਸ਼ਾਂ ਵਿਚ ਸਰਕਾਰੀ ਪੈਸੇ ਨਾਲ ਬੇਲੋੜੇ ਇਸ਼ਤਿਹਾਰ ਨਹੀਂ ਦਿੱਤੇ ਜਾਂਦੇ ਇਸ ਦੇ ਉਲਟ ਭਾਰਤ ਵਿਚ ਕੇਂਦਰ ਤੇ ਰਾਜ ਸਰਕਾਰਾਂ ਸਰਕਾਰੀ ਪੈਸੇ ਨੂੰ ਇਸ ਤਰ੍ਹਾਂ ਲੁਟਾ ਰਹੀਆਂ ਹਨ ਜਿਵੇਂ ਲੁਟ ਦਾ ਮਾਲ ਹੋਵੇ। 14 ਦਸੰਬਰ 2022 ਨੂੰ ਲੋਕ ਸਭਾ ਵਿਚ ਸੂਚਨਾ ਤੇ ਪ੍ਰਸਾਰਨ ਮੰਤਰੀ ਸ੍ਰੀ ਅਨੁਰਾਗ ਠਾਕੁਰ ਨੇ ਦੱਸਿਆ ਕਿ ਭਾਰਤੀ ਜਨਤਾ ਪਾਰਟੀ ਨੇ ਪਿਛਲੇ 8 ਸਾਲਾਂ ਵਿੱਚ ਇਲੈਕਟ੍ਰਾਨਿਕ ਮੀਡੀਆ ਭਾਵ ਟੀ.ਵੀ. ਚੈਨਲਾਂ 'ਤੇ ਇਸ਼ਤਿਹਾਰਬਾਜ਼ੀ 'ਤੇ 3260 ਕਰੋੜ 79 ਲੱਖ ਰੁਪਏ ਤੇ ਪ੍ਰਿੰਟ ਮੀਡਿਆ ਭਾਵ ਅਖ਼ਬਾਰਾਂ ਵਿੱਚ ਇਸ਼ਤਿਹਾਰਬਾਜ਼ੀ ਵਿੱਚ 3230 ਕਰੋੜ 77 ਲੱਖ ਰੁਪਏ ਖਰਚ ਕੀਤੇ। ਇਸ ਤਰ੍ਹਾਂ ਕੁਲ ਖਰਚ ਦੀ ਰਕਮ 6491 ਕਰੋੜ 56 ਲੱਖ ਰੁਪਏ ਬਣਦੀ ਹੈ।ਇਸ ਤੋਂ ਪਹਿਲਾਂ 27 ਜੂਨ 2019 ਨੂੰ ਸੂਚਨਾ ਅਧਿਕਾਰ ਅਧੀਨ ਜਾਣਕਾਰੀ ਦਿੱਤੀ ਸੀ ਗਈ ਕਿ ਪਹਿਲੇ ਪੰਜ ਸਾਲਾਂ ਦੇ ਕਾਰਜਕਾਲ ਵਿੱਚ ਮੋਦੀ ਸਰਕਾਰ ਨੇ 5900 ਕਰੋੜ 39 ਲੱਖ 51 ਹਜ਼ਾਰ ਰੁਪਏ ਖ਼ਰਚ ਕੀਤੇ ਗਏ।

ਲੋਕ ਤੰਤਰ ਵਿਚ ਲੋਕਾਂ ਨੂੰ ਲਿਖਣ ਤੇ ਬੋਲਣ ਦੀ ਆਜ਼ਾਦੀ ਹੈ ਪਰ ਮੋਦੀ ਸਰਕਾਰ ਸਮੇਂ ਸਰਕਾਰ ਵਿਰੁਧ ਲਿਖਣ 'ਤੇ ਬੋਲਣ ਵਾਲਿਆਂ ਦੇਸ਼ ਧ੍ਰੋਹ ਦੇ ਕੇਸ ਦਰਜ ਕੀਤੇ ਗਏ ਤੇ ਕਈ ਕਤਲ ਕੀਤੇ ਗਏ।ਵੰਨ ਸੁਵੰਨਤਾ ਪ੍ਰਫੁਲਤ ਕਰਨ ਦੀ ਥਾਂ 'ਤੇ ਵਿਸ਼ੇਸ਼ ਵਿਚਾਰਧਾਰਾ ਨੂੰ ਥੋਪਿਆ ਜਾ ਰਿਹਾ ਹੈ। ਇਸ ਤਰ੍ਹਾਂ ਲੋਕ ਤੰਤਰ ਦੀ ਥਾਂ 'ਤੇ ਤਾਨਾਸ਼ਾਹੀ ਸ਼ਾਸਨ ਚਲ ਰਿਹਾ ਹੈ।

ਭਾਰਤੀਆਂ ਲਈ ਕਿੰਨੀ ਨਮੋਸ਼ੀ ਦੀ ਗਲ ਹੈ ਕਿ ਜਦ ਕੋਈ ਵਿਦੇਸ਼ੀ ਪ੍ਰਧਾਨ ਮੰਤਰੀ ਜਾਂ ਰਾਸ਼ਟਰਪਤੀ ਭਾਰਤ ਦੌਰੇ 'ਤੇ ਆਉਂਦਾ ਹੈ ਤਾਂ ਉਹ ਤਾਂ ਪ੍ਰੈਸ ਕਾਨਫਰੰਸ ਸਮੇਂ ਪੱਤਰਕਾਰਾਂ ਦੇ ਸੁਆਲਾਂ ਦੇ ਜੁਆਬ ਦੇਂਦਾ ਹੈ ਪਰ ਮੋਦੀ ਸਾਹਿਬ ਚੁਪ ਕਰਕੇ ਬੈਠੇ ਰਹਿੰਦੇ ਹਨ ਤੇ ਪੱਤਰਕਾਰਾਂ ਨੂੰ ਕਿਹਾ ਜਾਂਦਾ ਹੈ ਕਿ ਉਹ ਉਨ੍ਹਾਂ ਪਾਸੋਂ ਕੋਈ ਸੁਆਲ ਨਾ ਪੁੱਛਣ ।

ਇਹੋ ਸਥਿਤੀ ਵਿਦੇਸ਼ਾਂ ਵਿਚ ਹੈ। ਸਿਆਸਤ ਵਿਚ ਜਿਹੜਾ ਵਿਅਕਤੀ ਪੱਤਰਕਾਰਾਂ ਦੇ ਸੁਆਲਾਂ ਦਾ ਸਾਮਣਾ ਨਹੀਂ ਕਰ ਸਕਦਾ ਉਸ ਦੀ ਰਾਜਨੀਤੀ ਵਿਚ ਕੋਈ ਥਾਂ ਨਹੀਂ । ਉਹ ਪ੍ਰਧਾਨ ਮੰਤਰੀ ਕੀ ਪਿੰਡ ਦਾ ਸਰਪੰਚ ਵੀ ਨਹੀਂ ਬਣਨਾ ਚਾਹੀਦਾ ।ਇਹੋ ਕਾਰਨ ਹੈ ਕਿ ਅੱਜ ਕਿਸਾਨ ਕੀ ਸਾਰੇ ਵਰਗਾਂ ਦੇ ਲੋਕ ਸੜਕਾਂ 'ਤੇ ਉਤਰੇ ਹੋਇ ਹਨ।

ਇਸ ਲਈ ਲੋੜ ਹੈ ਕਿ ਚੋਣਾਂ ਵਿਚ ਕੋਈ ਪਾਰਟੀ ਜਿਤੇ ਉਸ ਨੂੰ ਅਜਿਹਾ ਕਾਨੂੰਨ ਬਨਾਉਂਣਾ ਚਾਹੀਦਾ ਹੈ ਕਿ ਪਾਰਲੀਮੈਂਟ ਮੈਂਬਰਾਂ , ਕੇਂਦਰੀ ਮੰਤਰੀਆਂ ਤੇ ਪ੍ਰਧਾਨ ਮੰਤਰੀ ਲਈ ਪ੍ਰੈਸ ਕਾਨਫਰੰਸਾਂ ਕਰਨੀਆਂ ਜਰੂਰੀ ਕੀਤੀਆਂ ਜਾਣ ਜਿਹੜਾ ਅਜਿਹਾ ਨਹੀਂ ਕਰਦਾ ਉਸ ਨੂੰ ਆਹੁਦੇ ਤੋਂ ਚਲਦਾ ਕਰਨਾ ਚਾਹੀਦਾ ਹੈ ।ਲੋਕ ਸਭਾ ਤੇ ਰਾਜ ਸਭਾ ਵਿਚ ਬੜੇ ਸੂਝਵਾਨ ਸ਼ਖ਼ਸੀਅਤਾਂ ਨੂੰ ਭੇਜਣਾ ਚਾਹੀਦਾ ਹੈ। ਸਰਕਾਰੀ ਕਰਮਚਾਰੀਆਂ ਵਾਂਗ ਪਾਰਲੀਮੈਂਟ ਮੈਂਬਰਾਂ ਨੂੰ ਆਪਣੇ ਦਫ਼ਤਰ ਵਿਚ ਬੈਠਣਾ ਚਾਹੀਦਾ। ਇਸ ਸਮੇਂ ਕਈ ਪਾਰਲੀਮੈਂਟ ਮੈਂਬਰ ਚੋਣਾਂ ਜਿਤਣ ਤੋਂ ਬਾਦ ਆਪਣੇ ਇਲਾਕੇ ਵਿਚ ਨਹੀਂ ਰਹਿੰਦੇ ਉਨ੍ਹਾਂ ਦੀ ਪਹਿਲਾਂ ਤਨਖਾਹ ਤੇ ਹੋਰ ਸਹੂਲਤਾਂ ਬੰਦ ਕਰਨੀਆਂ ਚਾਹੀਦੀਆਂ ਹਨ ਤੇ ਜੇ ਉਹ ਬਾਜ ਨਹੀਂ ਆਉਂਦੇ ਤਾਂ ਉਨ੍ਹਾਂ ਦੀ ਮੈਂਬਰਸ਼ਿਪ ਰਦ ਕਰਨ ਦੇ ਨਾਲ ਆਉਂਦੇ ਦਸ ਸਾਲਾਂ ਲਈ ਚੋਣ ਲੜਨ 'ਤੇ ਪਾਬੰਦੀ ਲਾਉਣੀ ਚਾਹੀਦੀ ਹੈ।



ਅੰਮ੍ਰਿਤ ਪਵਾਰ

# ਪੰਜਾਬੀ ਫ਼ਿਲਮ ਦਰਪਣ

### ਈਸ਼ਾ ਰਿਖੀ ਤੇ ਯੋਗਰਾਜ ਸਿੰਘ ਕਿਸਨੇ ਕਿਹਾ 'ਬੁ ਮੈਂ ਡਰਗੀ'



ਮਨਜੀਤ ਸਿੰਘ ਟੋਨੀ ਦੇ ਦਿਲ ਦਿਮਾਗ ਦੀ ਸੋਚ ਬਣ ਜਾਵਾਂਗਾ ਇੱਕ ਦਿਨ ਸਟਾਰ ਡਾਇਰੈਕਟਰ ਅੱਜ ਪੂਰੀ ਹੁੰਦੀ ਨਜ਼ਰ ਆ ਰਹੀ ਹੈ। ਸਟਾਰ ਯੋਗਰਾਜ ਸਿੰਘ ਜਿਹਨਾਂ ਮਨਜੀਤ ਦੀ ਇਸ ਹਫਤੇ ਪਰਦੇ ਤੇ ਡਰਾਵਣੀ ਹਾਸਰਸ ਸੰਗੀਤਕ ਫ਼ਿਲਮ 'ਬੁ ਮੈਂ ਡਰਗੀ' ਵਿੱਚ ਕੰਮ ਕੀਤਾ ਹੈ ਨੇ ਕਿਹਾ ਕਿ ਇਸ ਦੇ ਪ੍ਰਚਾਰ ਲਈ ਦਿਨ ਰਾਤ ਹਾਜ਼ਿਰ ਹਾਂ, ਇਸ ਦਾ ਲਾਭ ਮੈਨੂੰ, ਟੋਨੀ ,ਈਸ਼ਾ ਰਿਖੀ ਰੌਸ਼ਨ ਪ੍ਰਿੰਸ ਤੇ ਕਰਮਜੀਤ ਅਨਮੋਲ ਨੂੰ ਹੋਊ। ਨਿਸ਼ਾ ਬਾਨੋ, ਪਰਵੀਨ ਅਖ਼ਤਰ ,ਗੁਰਮੀਤ ਸਾਜਨ ਵੀ ਇਸ ਫ਼ਿਲਮ ਵਿੱਚ ਹਨ। ਇਸ ਫ਼ਿਲਮ ਦੀਆਂ ਬਹੁਤ ਰੀਲਾਂ ਵਾਇਰਲ ਹੋਈਆਂ ਹਨ ਤੇ ਫ਼ਿਲਮ ਦੀ ਪੂਰੀ ਪੂਰੀ ਗੱਲਬਾਤ ਹੈ। ਯੋਗਰਾਜ ਸਿੰਘ, ਰੌਸ਼ਨ ਪ੍ਰਿੰਸ, ਈਸ਼ਾ, ਗੁਰਮੀਤ ਸਾਜਨ ਤੇ ਨਿਸ਼ਾ ਬਾਨੋ ਕਰਮਜੀਤ ਅਨਮੋਲ ਮੁਬਾਰਕ 1 ਮਾਰਚ ਲਈ।

### ਸੰਦੀਪ ਕੌਰ ਸੱਚੀਂ ਸਨ ਦਾ ਦੀਪ ਬਣੀ ਸੰਗੀਤ ਸੰਸਾਰ ਦੀ ਰਾਣੀ



ਸੋਹਣੀ ਕਿ ਨਿਰੀ ਹੀਰੋਇਨ ਪਰ ਓਸ ਨੇ ਰੱਬ ਦੀ ਰਜ਼ਾ ਨਾਲ ਸਟਾਰ ਗਾਇਕ ਰਾਣਾ ਸੰਧੂ ਦੀ ਜੀਵਨ ਰਾਣੀ ਬਣ ਆਪਣੇ ਆਪ ਨੂੰ ਸੀਈਓ ਐਸ ਆਡੀਓ ਤੇ ਹੁਣ ਸੰਧੂ ਬੋਅਜ਼ ਨੂੰ ਚਲਾ ਰਹੀ ਸੰਦੀਪ ਕੌਰ ਸੰਧੂ ਸੈਟ ਤੇ ਵੀਡਿਓ ਐਲਬਮ ਫਿਲਮਾਕਣ ਤੇ ਮਾਡਲ ਚੋਣ ਸਮੇਂ ਬਹੁਤ ਕੰਮ ਕਰਦੀ ਹੈ ।ਇਹ ਸੰਦੀਪ ਹੀ ਹੈ ਜਿਸ ਨੇ ਆਪਣੇ ਪਤੀ ਨੂੰ ਹੁਣ ਫਿਲਮੀ ਪਰਦੇ ਤੇ ਲਿਆਉਣ ਦਾ ਫੈਸਲਾ ਕੀਤਾ ਹੈ।ਸੰਦੀਪ ਕੌਰ ਸੰਧੂ ਨੀ ਯੂ ਕੇ ਦੇ ਪੰਜਾਬੀ ਗਾਇਕ ਸੰਸਾਰ ਤੇ ਭਾਰਤ ਦੁਨੀਆਂ ਦੇ ਪੰਜਾਬੀ ਸੰਗੀਤ ਪਲੇਟਫਾਰਮ ਖ਼ੂਬ ਜਾਣਦੇ ਹਨ। 'ਜੇਲ ਯਾਤਰਾ' 'ਖੁੰਢ ਪੁਰਾਣੇ' ਓਸ ਦੇ ਪੇਸ਼ਕਸ਼ ਟਰੈਕ ਦਸ ਰਹੇ ਨੇ ਕਿ ਸੰਧੂਆਂ ਦੀ ਸੰਦੀਪ ਕੌਰ ਸੰਗੀਤ ਸੰਸਾਰ ਦਾ ਦੀਪ ਹੈ।

### ਪੰਮਾ ਮੱਲ੍ਹੀ ਨੌਕਰੀ ਨੰਬਰ ਵੰਨ ਗਾਇਕੀ ਨੰਬਰ ਵੰਨ



'ਮੋਰਨੀ' ਗੀਤ ਨੇ ਗਾਇਕ ਸੰਸਾਰ ਨੂੰ ਦੱਸ ਦਿੱਤਾ ਸੀ ਕਿ ਪੰਮਾ ਮੱਲ੍ਹੀ ਸਟਾਰ ਗਾਇਕ ਬਣੇਗਾ ਤੇ ਅੱਜ 'ਸਲੂਟ' 'ਸਾਰਾ ਪਿੰਡ' ਓਸ ਦੇ ਗਾਏ ਦੋਗਾਣੇ ਧਮਾਲ ਮਚਾ ਰਹੇ ਹਨ। ਉਧਰ 'ਕਰੋਨਾ' ਗਾਣਾ ਅੱਜ ਵੀ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਟਵਿੱਟਰ ਦਾ ਸ਼ਿੰਗਾਰ ਹੈ।ਗਾਇਕ ਬਣ ਤਿੰਨ ਨਵੇਂ ਟਰੈਕ ਲਿਆ ਰਹੇ ਪੰਮਾ ਮੱਲ੍ਹੀ ਨੇ ਐਸ ਐਚ ਓ ਮਾਹਿਲਪੁਰ ਤੇ ਹੁਣ ਗੜ੍ਹਸ਼ੰਕਰ ਬਣ ਨਸ਼ੇ ਦੇ ਸੌਦਾਗਰ ਘਰੇ ਜੇਲ ਪਹੁੰਚਾ ਦਿੱਤੇ ਹਨ।ਦੇਖ ਲਓ ਸੰਗੀਤ ਸਾਧਨਾ ਵੀ ਤੇ ਸਰਕਾਰੀ ਇਮਾਨਦਾਰੀ ਡਿਊਟੀ ਵੀ ਤੇ ਪੰਮਾ ਮੱਲ੍ਹੀ ਤੇ ਤਾਂ ਕੋਈ ਡਾਕੂਮੈਂਟਰੀ ਫ਼ਿਲਮ ਬਣੇ ਤਾਂ ਪਤਾ ਚਲੇ ਕਿ ਦਲੇਰ ਅਫ਼ਸਰ ਤੇ ਸੁਰੀਲਾ ਗਾਇਕ ਫਿਲਮੀ ਗਾਇਕ ਤੇ ਅਭਿਨੇਤਾ ਵੀ ਬਣ ਸਕਦਾ ਹੈ।

### ਰਾਮ ਦੀ ਗੁਰੂ ਰਵਿਦਾਸ ਮਹਾਰਾਜ ਦੀ ਸੰਗੀਤਕ ਭਗਤੀ




ਦਸ ਦੇ ਕਰੀਬ ਗੁਰੂ ਰਵਿਦਾਸ ਮਹਾਰਾਜ ਜੀ ਤੇ ਸ਼ਰਧਾ ਵਾਲੇ ਗਾਣੇ ਰਾਮ ਭੋਗਪੁਰ ਨੇ ਰਲੀਜ਼ ਕਰ ਦੱਸਿਆ ਏ ਕਿ ਸਰਬ ਧਰਮ ਇੱਕ ਓਹਨਾਂ ਦੀ ਸੋਚ ਤੇ ਗੁਰੂ ਨਾਨਕ ਦੇਵ ਜੀ ਦੇ ਪੁਰਬ ਤੋਂ ਬਾਅਦ ਹੁਣ ਗੁਰੂ ਰਵਿਦਾਸ ਮਹਾਰਾਜ ਜੀ ਤੇ ਪੁਰਬ ਤੇ ਆਰ ਜੇ ਬੀਟਸ ਵੱਲੋਂ ਓਹਨਾਂ ਆਪਣੀ ਸ਼ਰਧਾ ਦਰਸਾਈ ਹੈ।ਅਮਨ ਕਮਾਮ,ਆਰ ਡੀ ਸਾਗਰ ਬੀ ਮੱਲ੍ਹੀ ਪੰਮਾ ਮੱਲ੍ਹੀ ਸਰਦਾਰ ਅਲੀ ਤੇ ਕੁਮਾਰ ਅਨੰਦ ਦੇ ਟਰੈਕ ਓਹਨਾਂ ਦੀ ਦੇਣ ਹਨ। ਦਰਅਸਲ ਇਹੀ ਰਾਮ ਨੇ ਜਿਹਨਾਂ ਅਯੁੱਧਿਆ ਮੰਦਿਰ ਤੇ ਗਾਣੇ ਬਾਲੀਵੁੱਡ ਤੋ ,ਗੁਰੂ ਨਾਨਕ ਦੇਵ ਜੀ ਲਈ ਜਾਪ ਬਾਲੀਵੁੱਡ ਤੋ ਕਰਵਾਏ ਤੇ ਹੁਣ ਗੁਰੂ ਰਵਿਦਾਸ ਜੀ ਨੂੰ ਸ਼ਰਧਾ ਅਰਪਿਤ ਕੀਤੀ ਹੈ।ਉਮੀਦ ਐ ਜਲਦੀ ਕੋਈ ਪੰਜਾਬੀ ਫ਼ਿਲਮ ਵੀ ਓਹ ਕਰਨਗੇ।

### ਸਰਬ ਮਜੀਠਾ ਵਿਆਹ ਬਾਅਦ ਤਰੱਕੀ



ਕਹਿੰਦੇ ਨੇ ਵਿਆਹ ਮੋਤੀ ਚੂਰ ਦਾ ਲੱਡੂ ਹੁੰਦਾ ਖਾਂਦਾ ਪਛਤਾਉਂਦਾ ਏ ਨਹੀਂ ਖਾਂਦਾ ਓਹ ਵੀ ਪਛਤਾਏ ਪਰ ਅਭਿਨੇਤਾ ਤੇ ਲੇਖਕ ਸਰਬ ਮਜੀਠਾ ਇਸ ਤੋਂ ਉਲਟ ਹੈ ਓਹ ਤਾਂ ਆਖਦਾ ਹੈ ਕਿ ਸ੍ਰੀਮਤੀ ਦੇ ਆਉਣ ਨਾਲ ਓਹ ਲਿਖਣ ਵਿੱਚ ਵੀ ਅੱਗੇ ਵਧੀਆ ਏ ਤੇ ਲਘੂ ਫ਼ਿਲਮਾਂ ਦੇ ਲੇਖਕ ਨਿਰਦੇਸ਼ਕ ਵਜੋਂ ਓਸ ਦੀ ਕਾਰਗੁਜ਼ਾਰੀ ਨੂੰ ਸਨਮਾਨ ਮਿਲੇ ਹਨ।ਹੋਰ ਤੇ ਹੋਰ ਸਰਵਿਸ ਵੀ ਵਧੀਆ ਚਲ ਰਹੀ ਹੈ ਤੇ ਅੱਜ ਹਰਜੀਤ ਹਰਮਨ,ਅਰਵਿੰਦਰ ਭੱਟੀ, ਬਿਕਰਮ ਗਿੱਲ 'ਘੁੱਲੇ ਸ਼ਾਹ ਤੱਕ ਚੰਗੀ ਗੱਲ ਬਾਤ ਹੈ ਤੇ ਵਿਆਹ ਨੇ ਓਸ ਨੂੰ ਪੰਜਾਬੀ ਸਿਨੇਮਾ ਦਾ ਇੱਕ ਦਿਨ ਸਟਾਰ ਬਣਾ ਦੇਣਾ, ਸ਼ੁੱਭ ਵਿਆਹ ਪਿਆਰੀ ਪਤਨੀ ਵਧਾਈ ਸਰਬ ਮਜੀਠਾ ਤੇ ਸਰਬ ਮਜੀਠਾ ਹੁਣ ਇੱਕ ਵੱਡੀ ਫਿਲਮ ਗੁਰ ਰੰਧਾਵਾ ਨਾਲ ਕਰ ਰਿਹਾ ਹੈ ਤੇ ਨੇਹਾ ਮੂਵੀਜ਼ ਦੀ ਫਿਲਮ ਲਈ ਗੀਤ ਲਿਖ ਰਿਹਾ ਹੈ।

### ਰਾਣਾ ਸੰਧੂ ਦੀ 'ਜੇਲ ਯਾਤਰਾ' ਸੰਧੂ ਬੋਅਜ਼ ਦੇ ਨਾਲ



ਯੂ ਕੇ ਦੇ ਹਰਮ-ਨਪਿਆਰੇ ਪੰਜਾਬੀ ਗਾਇਕ ਤੇ ਅਭਿਨੇਤਾ ਰਾਣਾ ਸੰਧੂ ਦਾ ਨਵਾਂ ਦੋਗਾਣਾ 'ਜੇਲ ਯਾਤਰਾ' ਆ ਕਿ ਕਾਮਯਾਬੀ ਦੇ ਵੱਡੇ ਰਿਕਾਰਡ ਬਣਾ ਰਿਹਾ ਹੈ। ਰਾਣਾ ਸੰਧੂ ਨੂੰ ਸੰਧੂ ਬੋਅਜ਼ ਨੇ ਆਪਣੇ ਵਿਸ਼ਾਲ ਤਰੀਕੇ ਨਾਲ ਦੋਗਾਣਾ 'ਜੇਲ ਯਾਤਰਾ' ਦੁਨੀਆਂ ਭਰ ਪਹੁੰਚ ਕਰ ਕਿ ਗਾਇਕ ਰਾਣਾ ਸੰਧੂ ਦਾ ਜਸਮੀਨ ਅਖ਼ਤਰ ਨਾਲ ਇਹ ਦੋਗਾਣਾ ਇੰਜ ਹੀ ਯਾਦ ਕਰਵਾਉਣ ਵਾਲਾ ਬਣਾ ਦਿੱਤਾ ਜਿਵੇਂ ਕਿਸੇ ਨੂੰ ਆਪਣੀ ਜੇਲ ਯਾਤਰਾ ਯਾਦ ਰਹਿੰਦੀ ਖੈਰ ਦੋਗਾਣਾ ਜਨ ਜੀਵਨ ਦੀ ਗੱਲ ਦਵਿੰਦਰ ਬੋਪਾਰਾਏ, ਸੰਧੂਆਂ ਦੀ ਪਿਆਰੀ ਕੁੜੀ ਸੰਦੀਪ ਕੌਰ ਦੇ ਸਹਿਯੋਗ ਨਾਲ ਰਾਣਾ ਸੰਧੂ ਪੰਜਾਬੀ ਗਾਇਕੀ ਵਿੱਚ ਫਿਰ ਚੋਟੀ ਤੇ ਹੈ। ਰਾਣਾ ਸੰਧੂ ਯੂ ਕੇ ਤੇ ਪੰਜਾਬ ਦੇ ਅਧਾਰਿਤ ਇੱਕ ਫਿਲਮ ਵੀ ਕਰ ਰਹੇ ਹਨ।

## ਵਿਨੀਤ ਅਟਵਾਲ ਕਰਨਗੇ ਹੁਣ ਨਵੀਂ ਫ਼ਿਲਮ "ਕਰਜ਼ਾ"

ਇੱਕ ਆਮ ਕਿਸਾਨ ਪਰਿਵਾਰ ਵਿੱਚ ਜਨਮ ਲੈਣ ਉਪਰੰਤ ਪੜ੍ਹਾਈ ਲਿਖਾਈ ਤਾਂ ਕੀਤੀ ਪਰ ਧਿਆਨ ਅਮਿਤਾਬ ਬੱਚਨ, ਧਰਮਿੰਦਰ, ਸ਼ਸ਼ੀ ਕਪੂਰ ਤੇ ਪ੍ਰੇਮ ਚੋਪੜਾ, ਅਜੀਤ ਦੀਆਂ ਦੇਖ ਦੇਖ ਐਕਟਰ ਬਣ ਜਾਣ ਦਾ ਜਨੂੰਨ ਹੱਦ ਤੋ ਵੱਧ ਵਾਨੀਤਪਾਲ ਸਿੰਘ ਅਟਵਾਲ ਨੂੰ ਹੋ ਚੁੱਕਾ ਸੀ ਤੇ ਓਸ ਨੇ ਫਿਰ ਇਥੇ ਛੋਟੇ ਮੋਟੇ ਕੰਮ ਕੀਤੇ ਪਰ ਐਕਟਿੰਗ ਦੀ ਸੰਸਥਾ,ਸਕੂਲ ਜਾਂ ਕਾਲਜ ਕਹੋ ਵਨੀਤ ਮੁੰਬਈ ਚਲਾ ਗਿਆ।ਵਨੀਤ ਅਟਵਾਲ ਦੀ ਦਿੱਖ ਅੱਜ ਵੀ ਓਹ ਹੀ ਹੈ ਪਰ ਜ਼ਰਾ ਸੋਚੋ ਭਰ ਚੜਦੀ ਜਵਾਨੀ ਵਿੱਚ ਓਸ ਪਿੱਛੇ ਕਿੰਨੀਆਂ ਜਾਨ ਦੇਣ ਨੂੰ ਤਿਆਰ ਰ ਹਿ ੰ ਦੀ ਆ ਂ ਹੋਣਗੀਆਂ। ਵਨੀਤ ਨੇ ਮੁੰਬਈ ਕੰਮ ਕੀਤਾ,ਕੁੱਝ ਹਿੰਦੀ ਤੇ ਦੂਜੀ ਭਾਸ਼ਾਵਾਂ ਦੀਆਂ ਫ਼ਿਲਮਜ਼ ਕੀਤੀਆਂ। ਓਹ ਦੱਸੇ ਜਾਂ ਨਾ ਪਰ ਤਦ ਇੱਕ ਸੋਹਣੀ ਅਭਿਨੈ ਪਰੀ ਨੇ



ਆਪਣੀ ਥਾਂ ਵਨੀਤ ਦੇ ਦਿਲ ਬਣਾ ਲਈ ਸੀ।ਕੋਈ ਨਹੀਂ ਜਵਾਨੀ ਦੀਵਾਨੀ ਇੱਕ ਅੱਧ ਕਾਰਾ ਕਰਵਾ ਦੇਵੇ ਤੇ ਮੁੜ ਬੱਚਾ ਬੱਚੀ ਸਿੱਧੇ ਰਾਹ ਆਓਣ ਤਾਂ ਸਭ ਮਾਫ਼ ਹੈ।ਪੰਜਾਬ ਆ ਕਿ ਰਵਿੰਦਰ ਮਾਨ ਨੂੰ ਨਾਇਕਾ ਲਿਆ ਪ੍ਰਦੀਪ ਧੀਮਾਨ ਨੇ ਤੇ ਇੱਕੋ ਜਿਹੀ ਡੀਲ ਡੌਲ ਵਾਲੇ ਦੋ ਐਕਟਰ ਨੀਟੂ ਪੰਧੇਰ ਤੇ ਵਨੀਤ ਅਟਵਾਲ ਆਪਣੀ ਫ਼ਿਲਮ "ਜਖਮੀ " ਵਿੱਚ ਲਏ। ਫਿਰ ਵਿਨੀਤ ਕੋਲ ਕੰਮ ਬਹੁਤ ਆਇਆ ਓਸ ਕੀਤਾ। ਨੀਟੂ ਪੰਧੇਰ ਦੀਆਂ ਲਿਖੀਆਂ ਫ਼ਿਲਮਾਂ "ਮੈ ਜਨ ਤੇਰਾ 'ਤੇ ਅਸ਼ੋਕ ਪੁਰੀ ਨਾਲ ਓਸ ਨੇ ਬਹੁਤ ਪ੍ਰੋਜੈਕਟ ਕੀਤੇ, ਗਾਣੇ ਕੀਤੇ। ਜਿੱਥੋਂ ਵਿਨੀਤ ਅਟਵਾਲ ਦੇ ਫ਼ਿਲਮੀ ਕੈਰੀਅਰ ਵਿੱਚ ਟ ਰਨਿੰਗ ਪੁਆਇੰਟ ਆਇਆ ਓਹ ਸੀ ਫ਼ਿਲਮ "ਚੈਲੇਂਜ " ਦੀ ਰਲੀਜ਼ ਜਿਸ ਤੇ ਸਤਨਾਮ ਸਿੰਘ ਟਾਟਲਾ ਦਾ ਪੈਸਾ ਲੱਗਿਆ ਸੀ ਪਰ ਅੱਗੇ ਕਾਰਜਕਾਰੀ ਨਿਰਮਾਤਾ ਦਿਲਦਾਰ ਦੀ ਅਚਾਨਕ ਮੌਤ ਕਾਰਨ ਸਭ ਕੁੱਝ ਕਾਗਜ਼ੀ ਪਤਰੀ ਯਾਰੀ ਕਾਰਨ ਨਾ ਹੋਣ ਕਾਰਨ ਇਹ ਫ਼ਿਲਮ ਪੋਸਟਰਾਂ ਤੇ ਆ ਕਿ ਫੱਸ ਗਈ ਤਾਂ ਵਿਨੀਤ ਅਟਵਾਲ ਨੂੰ ਸਤਨਾਮ ਸਿੰਘ ਟਾਟਲਾ ਨੇ ਕਿਹਾ ਛੱਡੋ ਤੇ ਨਵੀਂ ਫ਼ਿਲਮ ਕਰੀਏ ਇਹ ਬੇਕਾਰ ਸਹੀ ।ਮਜ਼ੇਦਾਰ ਗੱਲ ਇਹ ਕਿ ਵਨੀਤ ਅਟਵਾਲ ਐਕਟਰ ਤੋਂ ਡਾਇਰੈਕਟਰ ਬਣ ਗਿਆ ਤੇ ਨਵ ਬਾਜਵਾ, ਜਸ਼ਨ ਅਗਨੀਹੋਤਰੀ ਤੇ ਹੋਰ ਸਿਤਾਰਿਆਂ ਸਮੇਤ 5 ਮਹੀਨੇ ਵਿੱਚ ਫ਼ਿਲਮ ਫਿਲਮਾਕਣ ਕਰ ਚੋਟੀ ਦੇ ਵਿਤਰਕ ਓਮ ਜੀ ਤੋ ਰਲੀਜ਼ ਕਰਵਾਈ। ਇੱਕ ਪੰਜਾਬੀ ਫ਼ਿਲਮ ਰਾਜ ਕਾਕੜਾ ਦੀ "ਧਰਮਯੁੱਧ ਮੋਰਚੇ" ਵਿੱਚ ਇੱਕ ਅਖਬਾਰ ਦੇ ਮਾਰੇ ਗਏ ਸੰਪਾਦਕ ਦਾ ਰੋਲ "ਰੱਖੜੀ" ਵਿੱਚ ਕੰਮ ਤੇ ਫਿਰ "ਉਡੀਕਾਂ" ਇੰਟਰਨੈਂਟ ਲਈ ਕਿਸ਼ਤਵਾਰ ਤਿਆਰ ਕੀਤੀ। ਹੁਣ ਓਸ ਦੇ ਨਿਰਮਾਤਾ ਨੇ ਯੂਬਾ ਸਿਟੀ ਅਮਰੀਕਾ ਵਿਖੇ "ਪੰਜਾਬੀ ਅਮਰੀਕਨ ਫੈਸਟੀਵਲ"ਕਰਵਾਇਆ ਤਾਂ ਭਾਰਤ ਵਿੱਚ ਪਰਦੇ ਪਿਛਲੇ ਪ੍ਰਬੰਧ ਵਿਨੀਤ ਅਟਵਾਲ ਨੇ ਕੀਤੇ । ਟਾਤਲਾ ਆਰਟ ਐਂਟਰਟੇਨਮੈਂਟ ਦੀ ਅਗਲੀ ਫਿਲਮ "ਕਰਜ਼ਾ "ਦਾ ਐਲਾਨ ਹੋ ਗਿਆ ਹੈ ਤੇ ਲੇਖਕ ਨਿਰਦੇਸ਼ਕ ਵਿਨੀਤ ਅਟਵਾਲ ਹੀ ਹਨ।ਇੱਕ ਬੇਟਾ ਓਹਨਾਂ ਦਾ ਯੂ ਐਸ ਏ ਉਚੇਰੀ ਫ਼ਿਲਮ ਵਿਦਿਆ ਪ੍ਰਾਪਤ ਕਰ ਰਿਹਾ ਹੈ।ਪਤਨੀ ਖੁਦ ਫ਼ਿਲਮ ਦੇ ਪ੍ਰੋਡਕਸ਼ਨ ਵਿਭਾਗ ਨੂੰ ਸੰਭਾਲਦੀ ਹੈ। ਵਿਨੀਤ ਅਟਵਾਲ ਜਲਦੀ "ਕਰਜ਼ਾ " ਬਣਾ ਕਿ ਪਰਦੇ ਤੇ ਦਿਖਾਈ ਦੇਣਗੇ। ਨਿਸ਼ਾਨਾ ਹੁਣ ਐਕਟਿੰਗ ਕਹਾਣੀ ਤੇ ਕਿਰਦਾਰ ਮੁਤਾਬਿਕ ਤੇ ਗਿੱਪੀ ਗਰੇਵਾਲ,ਅੰਬਰਦੀਪ ਸਿੰਘ ਦੀ ਤਰਾਂ ਨਾਮ ਬਣਾਉਣਾ ਹੈ। ਵਿਨੀਤ ਅਟਵਾਲ ਯਾਰਾਂ ਦਾ ਯਾਰ, ਤਜ਼ਰਬੇਕਾਰ ਅਭਿਨੇਤਾ ਸੁਭਾਅ ਦਾ ਵਧੀਆ ਤੇ ਨਵੀਆਂ ਪ੍ਰਤਿਭਾਵਾਂ ਨੂੰ ਅੱਗੇ ਲਿਜਾਣ ਵਾਲਾ ਵਿਨੀਤ ਅਟਵਾਲ ਪੰਜਾਬੀ ਫ਼ਿਲਮਾਂ ਦੇ ਸੰਸਾਰ ਵਿੱਚ ਆਪਣੀਆਂ ਫਿਲਮਾਂ ਨਾਲ ਅਪਾਰ ਕਾਮਯਾਬੀ ਪ੍ਰਾਪਤ ਕਰਦਾ ਟੋਪ ਦਾ ਬਾਲੀਵੁੱਡ ਡਾਇਰੈਕਟਰ ਬਣੇ।ਪੰਜਾਬੀ ਫ਼ਿਲਮਾਂ ਦਾ ਮੋਹ ਬਰਕਰਾਰ ਰਹੇ। **-ਅੰਮ੍ਰਿਤ ਪਵਾਰ**

## ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਦੇ ਬਲਾਕ ਬੰਗਾ ਦੀ ਮੀਟਿੰਗ ਹੋਈ



**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)-** ਮੈਡੀਕਲ ਪਰੈਕਟੀਸ਼ਨਰ ਐਸੋਸੀਏਸ਼ਨ ਪੰਜਾਬ ਦੇ ਬਲਾਕ ਬੰਗਾ ਦੀ ਮੀਟਿੰਗ ਬੰਗਾ ਵਿਖੇ ਪਧਾਨ ਡਾ ਅਮਿਤ ਲਾਲ ਰਾਣਾ ਜੀ ਦੀ ਪਰਧਾਨਗੀ ਵਿੱਚ ਬੰਗਾ ਵਿਖੇ ਹੋਈ ਅੱਜ ਦੀ ਮੀਟਿੰਗ ਵਿੱਚ ਵੱਖ ਵੱਖ ਵਿਚਾਰ ਵਟਾਂਦਰਾ ਕੀਤਾ ਗਿਆ ਅੱਜ ਦੀ ਮੀਟਿੰਗ ਵਿੱਚ ਜੱਥੇਬੰਦੀ ਦੀ 29 ਵੀਂ ਵਰ੍ਹੇਗੰਢ ਕੇਕ ਕੱਟ ਮਨਾਈ ਗਈ। ਅੱਜ ਦੀ ਮੀਟਿੰਗ ਵਿੱਚ ਬਲਾਕ ਪ੍ਰਧਾਨ ਡਾ ਅਮਿਤ ਲਾਲ ਰਾਣਾ ਜੀ ਵਲੋਂ ਸਮੂਹ ਡਾਕਟਰ ਸਾਥੀਆ ਨੂੰ ਸਾਫ ਸੁਥਰੀ ਪ੍ਰੈਕਟਿਸ ਕਰਨ ਦੀ ਅਪੀਲ ਕੀਤੀ ਤੇ ਅੱਜ ਦੀ ਮੀਟਿੰਗ ਵਿੱਚ ਬਲਾਕ ਪ੍ਰਧਾਨ ਡਾਕਟਰ ਅਮਿਤ ਲਾਲ ਰਾਣਾ, ਡਾਕਟਰ ਲੇਖ ਰਾਜ, ਡਾਕਟਰ ਸੀਤਾ ਰਾਮ, ਡਾਕਟਰ ਅਨੁਪਿਦਰ ਸਿੰਘ, ਡਾਕਟਰ ਧਰਮ ਪਾਲ ਬੱਗਾ, ਡਾਕਟਰ ਗੁਰਮੇਲ ਮਜਾਰੀ, ਡਾਕਟਰ ਮੱਖਣ ਲਾਲ ਹੀਉਂ, ਡਾਕਟਰ ਸ਼ਿੰਦਰ ਪਾਲ ਹੀਰਾ, ਡਾਕਟਰ ਅਮਨਦੀਪ ਸਿੰਘ, ਡਾਕਟਰ ਜਸਪਾਲ ਕੌਰ, ਡਾਕਟਰ ਸੰਦੀਪ ਕੌਰ ਸਾਥੀ ਹਾਜਰ ਹੋਏ।

## "ਪੰਜਾਬੀ ਅਮਰੀਕਨ ਫੈਸਟੀਵਲ" 28 ਵਾਂ ਕਰਵਾ ਯੂਬਾ ਸਿਟੀ ਬੱਲੇ ਬੱਲੇ ਲੁੱਟ ਲਈ ਸਤਨਾਮ ਟਾਟਲਾ ਨੇ, ਮੱਖਣ ਤੇ ਪੇਰੀ ਪਾਂਡੇ ਦੇ ਧਮਾਲ

ਪੰਜਾਬੀ ਅਮਰੀਕਨ ਹੈਰੀਟੇਜ ਸੋਸਾਇਟੀ ਯੂਬਾ ਸਿਟੀ ਵੱਲੋਂ ਅਮਰੀਕਾ ਦੇ ਸ਼ਹਿਰ ਯੂਬਾ ਸਿਟੀ ਵਿਖੇ ਆਪਣਾ 28 ਵਾਂ "ਪੰਜਾਬੀ ਅਮਰੀਕਨ ਫੈਸਟੀਵਲ" ਸਫਲਤਾ ਪੂਰਵਕ ਕਰਵਾਇਆ। ਆਪਣੀ ਵਿਰਾਸਤ ਤੇ ਸੰਗੀਤ ਨਾਲ ਅਮਰੀਕਨ ਪੰਜਾਬੀ ਪੀੜ੍ਹੀ ਨੂੰ ਜੋੜਨ ਦੇ ਮੰਤਵ ਨਾਲ ਕਰਵਾਏ ਗਏ ਇਸ ਮੇਲੇ ਵਿੱਚ ਗਾਇਕ ਕੇ ਐਸ ਮੱਖਣ ਨੇ ਆਪਣੇ ਲੋਕ ਪ੍ਰਿਅ ਗੀਤ ਸੁਣਾਏ ਤੇ ਯਸ਼ ਵਡਾਲੀ ਦੀ ਗਾਇਕੀ ਵੀ ਸ਼ਿਖਰ ਤੇ ਰਹੀ। ਪੇਰੀ ਪਾਂਡੇ ਦੇ ਦਿਲਕਸ਼ ਨਾਚ ਦੇ ਨਾਲ ਪੰਜਾਬ ਦਾ ਗਿੱਧਾ ਭੰਗੜਾ ਵੀ ਮੁੱਖ ਆਕਰਸ਼ਣ ਰਹੇ। ਮੇਲੇ ਦੇ ਮੁੱਖ ਆਯੋਜਕ ਸਤਨਾਮ ਸਿੰਘ ਟਾਟਲਾ ਨੇ ਕਿਹਾ ਕਿ ਅਮਰੀਕਾ ਰਹਿੰਦੇ ਭਾਰਤੀ ਡਾਕਟਰਾਂ ਦੇ ਸਹਿਯੋਗ ਨਾਲ ਸਾਡਾ ਇਹ "ਪੰਜਾਬੀ ਅਮਰੀਕਨ ਮਿਊਜ਼ਿਕ ਫੈਸਟੀਵਲ" ਕਾਮਯਾਬ ਰਿਹਾ ਹੈ ਤੇ ਪੰਜਾਬੀ ਅਮਰੀਕਨ ਹੈਰੀਟੇਜ ਸੋਸਾਇਟੀ ਯੂਬਾ ਸਿਟੀ ਦਾ ਇਹ 28 ਵਾਂ ਮੇਲਾ ਇਸ ਗੱਲ ਦਾ ਪ੍ਰਤੀਕ ਹੈ ਕਿ ਯੂਬਾ ਸਿਟੀ ਦੇ ਪੰਜਾਬੀ ਸਾਡੇ ਮੇਲਿਆਂ ਨੂੰ ਵਿਰਾਸਤ ਨੂੰ ਉਤਸ਼ਾਹ ਸਮਝ ਭਾਰੀ ਗਿਣਤੀ ਵਿੱਚ ਇਸ ਵਾਰ ਵੀ ਪਹੁੰਚੇ ਹਨ। ਸਤਨਾਮ ਸਿੰਘ ਹੋਰਾਂ ਕਿਹਾ ਕਿ ਅਮਰੀਕਾ ਜਿਹੇ ਦੇਸ਼ ਵਿੱਚ ਲੋਕਾਂ ਨੇ ਵਕਤ ਕੱਢ ਕਿ ਜਿਹੜਾ ਮਾਣ ਪੰਜਾਬ ਹੈਰੀਟੇਜ ਸੋਸਾਇਟੀ ਨੂੰ ਦਿੱਤਾ ਓਹ ਸਦਾ ਲੋਕਾਂ ਦੇ ਕਰਜ਼ਦਾਰ ਰਹਿਣਗੇ।ਪੰਜਾਬ ਹੈਰੀਟੇਜ ਸੋਸਾਇਟੀ ਯੂਬਾ ਸਿਟੀ ਵਿੱਚ ਡਾਕਟਰੀ ਨਾਲ ਜੁੜੇ ਡਾਕਟਰਾਂ ਤੇ ਕਲਾਕਾਰਾਂ, ਫ਼ਿਲਮ ਨਿਰਮਾਤਾਵਾਂ ਦਾ ਸੰਗਮ ਮੇਲੇ ਦੀ ਸਫ਼ਲਤਾ ਕਾਰਣ ਹੈ। ਓਹਨਾਂ ਕਿਹਾ ਕਿ ਕਿਸੇ ਕਾਰਨ ਸਦੀਕ ਸਾਬ ਨਹੀਂ ਆ ਸਕੇ ਪਰ ਜਿਸ ਤਰ੍ਹਾਂ ਅਮਰੀਕਨ ਪੰਜਾਬਣਾਂ , ਮੁੰਡਿਆਂ ਸਭ ਮੇਲੇ ਦੇ ਮੇਲੀ ਬਣੇ ਤੇ ਵਿਨੀਤ ਅਟਵਾਲ ਨੇ ਪੰਜਾਬ ਤੋਂ ਸਪੋਰਟ ਕੀਤਾ ਓਸ ਸਦਕਾ ਇਹ ਇੱਕ ਯਾਦਗਾਰੀ ਮੇਲਾ ਬਣ ਗਿਆ ਹੈ ਜਿਸ ਤਰ੍ਹਾਂ ਅੱਜ 4 ਜੂਨ ਨੂੰ ਯਾਦਗਾਰੀ ਪੰਜਾਬ ਦੇ ਲੋਕ ਸਭਾ ਨਤੀਜੇ ਆ ਰਹੇ ਹਨ।



**-ਅੰਮ੍ਰਿਤ ਪਵਾਰ**


HAPPY BAZAAR
HAPPY BAZAAR
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
CALL US
Ph: (209) 478-0285
Fax: (209) 477-3206
We sell Air Tickets
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304 E Hammer Lane # 7 Stockton CA 95212
EMAIL: indiabazaar08@yahoo.com


L.A. MERCHANDISE
Whole Sale +Retail
ਯੂਬਾ ਸਿਟੀ ਦਾ
ਸਭ ਤੋਂ ਵੱਡਾ
ਗ੍ਰੋਸਰੀ ਸਟੋਰ
500 N. Palora Ave. Yuba City, CA 95991
Loose Fabrics,
Groceries,
Blankets,
Vegetables
ਕੈਰੀ ਬੈਗ ਵਧੀਆ ਤੇ ਸਸਤੇ ਰੇਟਾਂ
'ਤੇ ਉਪਲਬਧ ਹਨ
New folding
bed verities
ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ,
ਰੁਮਾਲੇ, ਬਰਤਨ, ਤਾਜ਼ੀਆਂ
ਸਬਜ਼ੀਆਂ, 220 ਅਤੇ 110
ਵੋਲਟ ਦਾ ਬਿਜਲੀ ਦਾ ਸਮਾਨ
ਜੈਂਟਸ ਕਮੀਜ਼ਾਂ ਅਤੇ
ਲੇਡੀਜ਼ ਸੂਟ ਦੀ ਸੇਲ
ਇੱਥੇ ਤਾਜ਼ਾ ਸਬਜ਼ੀਆਂ
ਅਤੇ ਆਰਗੈਨਿਕ
ਦਾਲਾਂ ਵੀ
ਮਿਲਦੀਆਂ ਹਨ।
ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ
Baksho Kaur Bisla Hardev Singh Bisla
ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ
530-671-0439, Fax 530-822-0439 Cell- 530-844-3250


Raja
SWEETS & CATERING
AUTHORIZED CATERER FOR
MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on: facebook.
Follow us on Twitter
rajasweetsandcatering
rajasweets


Kash
FABRICS
ਪੰਜਾਬੀ ਫੈਸ਼ਨ ਦਾ
ਨੰਬਰ ਵਨ ਸਟੋਰ
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ
ਸੀਡੀਆਂ-ਵੀਡੀਓ ਤੇ ਡੀਵ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138